# ਚਿਰਾਗ

ਜੁਲਾਈ-ਸਤੰਬਰ 2012

**July -September 2012**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਿਰਾਸਤ



ਗੁਰਦੀਪ ਡੇਅਰਾਦੂਨ

20/- 81 ਜੁਲਾਈ-ਸਤੰਬਰ 2012

# ਚਿਰਾਗ਼ ਤਿਮਾਹੀ

**ਸੰਪਾਦਕ ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)


## ਤਤਕਰਾ


### ਭਾਗ - ਪਹਿਲਾ

- ਸੰਪਾਦਕੀ ਦੀ ਥਾਂ — ਦੇਸ਼ ਵਿਚ ਪ੍ਰਵਾਸ ਹੰਢਾਉਂਦਾ ਸ਼ਾਇਰ ਗੁਰਦੀਪ - ਡਾ. ਕਰਮਜੀਤ ਸਿੰਘ
- ਮੇਰਾ ਬਚਪਨ ਤੇ ਲੜਕਪਨ — ਗੁਰਦੀਪ ਡੇਅਰਾਦੂਨ
- ਗ਼ਜ਼ਲ ਬਾਰੇ ਕੁਝ ਗੱਲਾਂ — ਗੁਰਦੀਪ
- ਗੁਰਦੀਪ ਦੀਆਂ ਚੋਣਵੀਆਂ ਗ਼ਜ਼ਲਾਂ
- ਗੁਰਦੀਪ ਨਾਲ ਮੁਲਾਕਾਤ — ਪ੍ਰੇਮ ਸਾਹਿਲ
- ਜ਼ਿੰਦਗੀ ਦੀ ਆਰਜ਼ੂ ਅਤੇ ਫ਼ਿਕਰਮੰਦੀ ਦਾ ਸ਼ਾਇਰ - ਡਾ. ਜਸਵਿੰਦਰ ਸਿੰਘ ਸੈਣੀ
- ਦਰਦ ਦਾ ਬੇਚੈਨ ਕਾਫ਼ੀਆ — ਜਸਵਿੰਦਰ (ਰੋਪੜ)
- ਖਜ਼ਾਨਾ ਨੂਰ — ਦਿਲਜੀਤ ਸਿੰਘ ਸਰਾਅ

### ਭਾਗ - ਦੂਜਾ

- ਇਕ ਯੋਧੇ ਦਾ ਚਲਾਣਾ — ਸ਼ਰਧਾਂਜਲੀ
- ਵਾਹਗਿਓਂ ਪਾਰ — ਅਫ਼ਜ਼ਲ ਅਹਿਸਨ ਰੰਧਾਵਾ ਨਾਲ ਮੁਲਾਕਾਤ-ਮਲਿਕ
- ਹਰਭਜਨ ਸਿੰਘ ਹੁੰਦਲ ਕਾਵਿ ਦਾ ਬਿੰਬ ਵਿਧਾਨ - ਸਤਿੰਦਰ ਕੌਰ
- ਕੁਝ ਕਵਿਤਾਵਾਂ — ਅਰਸ਼ਦੀਪ ਬਿੰਦੂ
- ਗੀਤ — ਜਸਵੰਤ ਸਿੰਘ (ਖਡੂਰ ਸਾਹਿਬ)
- ਪੁਸਤਕ ਪ੍ਰਾਪਤੀ



Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150 12242**



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

**Website : www.punjabilokyan.com** e-mail : chhabraprinter@rediffmail.com

ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282 -ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - 30 ਜੂਨ 2012




# ਦੇਸ਼ ਵਿਚ ਹੀ ਪਰਵਾਸ ਹੰਢਾਉਂਦਾ ਸ਼ਾਇਰ ਗੁਰਦੀਪ

- ਡਾ. ਕਰਮਜੀਤ ਸਿੰਘ

ਗੁਰਦੀਪ ਮੁਖਧਾਰਾ ਦੀ ਸ਼ਾਇਰੀ ਤੋਂ ਉੱਚੀ ਪੱਧਰ ਤੇ ਖਲੋਤਾ ਵੀ ਹਾਸ਼ੀਆਗ੍ਰਸਤ ਹੈ। ਹਾਸ਼ੀਆਗਤ ਹੋਣੀ ਪ੍ਰਵਾਸੀਆਂ ਨੂੰ ਹੀ ਨਹੀਂ ਹੰਢਾਉਂਦੀ ਪੈਂਦੀ, ਸਗੋਂ ਦੇਸ਼ ਦੇ ਅੰਦਰ ਹੀ ਦੂਸਰੇ ਸੂਬੇ ਵਿਚ ਰਹਿਣਾ, ਹਾਸ਼ੀਆਗਤ ਹੋਣਾ ਹੈ। ਗੁਰਦੀਪ ਦੇਹਰਾਦੂਨ ਰਹਿਣ ਕਰਕੇ ਇਹ ਹੋਣੀ ਭੋਗ ਰਿਹਾ ਹੈ। ਪਰੰਤੂ ਸਾਡੇ ਵਿਦਵਾਨ ਅਤੇ ਆਪ ਗੁਰਦੀਪ ਵੀ ਆਪਣੀ ਸ਼ਾਇਰੀ ਦੇ ਮਕਬੂਲ ਨਾ ਹੋ ਸਕਣ ਦੇ ਕੁਝ ਹੋਰ ਕਾਰਣ ਵੀ ਗਿਣਾਉਂਦੇ ਹਨ। ਗੁਰਬਚਨ ਭੁੱਲਰ ਨੇ ਇਸ ਫ਼ਕੀਰ ਕਿਸਮ ਦੇ ਬੰਦੇ ਦੇ ਘੇਰੇ ਨੂੰ ਸੀਮਤ ਮੰਨ ਕੇ ਕਿਹਾ ਹੈ ਕਿ, "ਇਸ ਪਛਾਣ ਦਾ ਘੇਰਾ ਓਨਾ ਮੋਕਲਾ ਨਹੀਂ ਜਿੰਨੇ ਦੀ ਇਹ ਹੱਕਦਾਰ ਹੈ।" ਗੁਰਦੀਪ ਦਾ ਇਕ ਨੇੜਲਾ ਮਿੱਤਰ ਦਲਜੀਤ ਸਿੰਘ ਵੀ ਇਹ ਸ਼ਿਕਵਾ ਕਰਾ ਹੈ ਕਿ "ਨਿਤ ਨਵੀਆਂ ਮੁਹਿੰਮਾਂ ਵਿਚ ਉਲਝੇ ਰਹਿਣ ਵਾਲੇ ਪੰਜਾਬੀਆਂ ਤੋਂ ਦੂਰ ਵੱਸਣ ਕਾਰਣ ਜਿੱਥੇ ਉਸਨੂੰ ਪੜ੍ਹਨ ਲਿਖਣ ਦੀ ਖੁੱਲ੍ਹ ਤੇ ਵਿਹਲ ਰੱਜ ਕੇ ਮਿਲੀ ਹੈ, ਉਥੇ ਉਸਦੀ ਸ਼ਾਇਰੀ ਪਾਠਕਾਂ, ਸਰੋਤਿਆਂ ਤੋਂ ਬਹੁਤ ਹੱਦ ਤੱਕ ਵਿਰਵੀ ਵੀ ਰਹਿ ਗਈ।" ਗੁਰਦੀਪ ਦੇ ਅਣਗੌਲੇ ਰਹਿਣ ਦਾ ਅਸਲ ਕਾਰਣ ਮੁੱਖਧਾਰਾ ਤੋਂ ਦੂਰ ਰਹਿਣਾ ਹੀ ਹੈ, ਪਰੰਤੂ ਉਹ ਇਸਦੇ ਕੁਝ ਹੋਰ ਕਾਰਣ ਵੀ ਗਿਣਾਉਂਦਾ ਹੈ ਜੋ ਅਸਲ ਵਿਚ ਸਮੁੱਚੀ ਪੰਜਾਬੀ ਕਵਿਤਾ/ਗ਼ਜ਼ਲ ਨਾਲ ਵੀ ਸੰਬੰਧਿਤ ਹਨ।

ਪਹਿਲਾ ਕਾਰਣ ਉਹ ਇਕ ਦੱਸਦਾ ਹੈ ਕਿ "ਸ਼ਾਇਰੀ ਦੀ ਲੋੜ ਕਿਸੇ ਨੂੰ ਨਹੀਂ" ਇਸ ਲਈ "ਮੇਰੇ ਇਰਦ-ਗਿਰਦ ਸਰੋਤੇ ਹੋਣ ਦੇ ਬਾਵਜੂਦ ਵੀ ਮੈਂ ਕਵਿਤਾ ਸੁਣਾਉਣ ਦੀ ਉਤਸੁਕਤਾ ਨਹੀਂ ਪਾਲੀ।" ਅਜਿਹੇ ਵਿਚਾਰ ਵੀ ਹਾਸ਼ੀਆਗਤ ਮਨੁੱਖ ਦੀ ਸਥਿਤੀ ਵਿਚੋਂ ਨਿਕਲੇ ਹਨ। ਪਰਵਾਸੀਆਂ ਵਾਂਗ ਉਹ ਵੀ ਅਜਿਹੇ ਵਿਚਾਰਾਂ ਦੀ ਗ੍ਰਿਫ਼ਤ ਵਿਚ ਆ ਗਿਆ ਹੈ। ਗੁਰਦੀਪ ਦੇ ਇਨ੍ਹਾਂ ਵਿਚਾਰਾਂ ਵਿਚ ਸੱਚਾਈ ਹੈ ਕਿ 'ਖ਼ਪਤ ਕਲਚਰ' ਨੇ ਚੀਜ਼ਾਂ ਦੀ ਖਪਤ ਤਾਂ ਵਧਾਈ ਹੈ ਪਰ ਸਾਹਿਤਕ ਖ਼ਪਤ ਨੂੰ ਖੋਰਾ ਲਾਇਆ ਹੈ। ਇਸ ਲਈ ਪੰਜਾਬੀ ਜੋ ਪਹਿਲਾਂ ਹੀ ਖਾਓ-ਪੀਓ ਐਸ਼ ਕਰੋ' ਦੀ ਪ੍ਰਵਿਰਤੀ ਦੇ ਮਾਲਕ ਸਨ ਪਹਿਲਾਂ ਨਾਲੋਂ ਵੀ ਸਾਹਿਤਕ ਗਤੀਵਿਧੀਆਂ ਅਤੇ ਪੜ੍ਹਨ ਪੜ੍ਹਾਉਣ ਤੋਂ ਦੂਰ ਹੋਏ ਹਨ। ਇਉਂ ਪਾਠਕਾਂ ਦਾ ਘੇਰਾ ਹੋਰ ਵੀ ਸੁੰਗੜ ਕੇ ਰਹਿ ਗਿਆ ਹੈ। ਜੇ ਗੁਰਦੀਪ ਇਹ ਕਹਿੰਦਾ ਹੈ ਕਿ "ਸਾਡੇ ਕੋਲ ਖੁਸ਼ਹਾਲੀ ਆਈ ਹੈ, ਪਰ ਖੁਸ਼ ਖ਼ਿਆਲੀ ਨਹੀਂ ਜ਼ਿੰਦਗੀ ਇਕ ਖੱਟਣ ਖਾਣ ਦੀ ਫ਼ੁਰਸਤ ਹੀ ਹੈ।" ਤਾਂ ਇਸ ਵਿਚ ਗਲਤ ਕੀ ਹੈ? ਆਮ ਆਦਮੀ ਕਵਿਤਾ ਨੂੰ ਪ੍ਰਵਾਣ ਨਹੀਂ ਕਰਦਾ, ਇਸ ਲਈ ਗੁਰਦੀਪ ਛਪਣ-ਛਪਾਉਣ ਨੂੰ ਵਾਧੂ ਭਾਰ ਮੰਨ ਕੇ ਆਪਣਾ ਵਿਚਾਰ ਇਉਂ ਪ੍ਰਗਟਾਉਂਦਾ ਹੈ, "ਪ੍ਰਕਾਸ਼ਕ ਵਾਲੀ ਗੱਲ ਇਕ ਸੌਦੇਬਾਜ਼ੀ ਹੈ-ਤਜਾਰਤ ਹੈ ਅਤੇ ਛਪਾਈ ਦਾ ਕੰਮ -ਪਰੂਫ਼ ਪੜ੍ਹਕੇ, ਸਮੱਗਰੀ ਨੂੰ ਜਚਦੇ ਢੰਗ ਰਾਹੀਂ ਸਫ਼ਿਆਂ ਤੇ ਤਰਤੀਬ ਦੇਣਾ ਸਭ 'ਕਲਰਕੀ' ਹੈ। ਕਿਤਾਬ ਛਪਣ ਪਿੱਛੋਂ ਇਸਨੂੰ ਪਰਮੋਟ ਕਰਨਾ 'ਸਿਆਸਤ' ਹੈ, ਕੁਝ ਲੋਕਾਂ ਨੂੰ ਗੰਢਣਾ, ਕੁਝ ਦੀਆਂ ਸਿਫ਼ਤਾਂ ਕਰਨੀਆਂ, ਕੁਝ ਤੋਂ ਕਰਾਉਣੀਆਂ'। ਅਜੋਕੇ ਦੌਰ ਵਿਚ ਵੀ ਜਦੋਂ ਆਮ ਪੱਧਰ ਦੀ ਸਿਰਜਣਾ ਲਈ ਉਪਰੋਕਤ 'ਕਲਰਕੀ' ਜਾਂ 'ਸਿਆਸਤ' ਕੀਤੀ ਜਾਂਦੀ ਹੈ ਤਾਂ ਇਹ ਸੱਚਮੁੱਚ ਹੀ ਮਾੜੀ ਚੀਜ਼ ਹੈ, ਪਰੰਤੂ ਜੇ ਉੱਚੀ ਪੱਧਰ ਦੀ ਸਿਰਜਣਾ ਚੁੱਪ ਬੈਠ ਜਾਏਗੀ ਤਾਂ ਉਹ 'ਆਗਿਆਤਵਾਸ' ਹੋ ਜਾਵੇਗੀ। ਜੇ ਪਰੂਫ਼ ਪੜ੍ਹਨ ਨੂੰ 'ਕਲਕਰੀ' ਮੰਨ ਕੇ ਚੱਲੀਏ ਤਾਂ ਟਾਲਸਟਾਏ ਵਲੋਂ 'ਵਾਰ ਐਂਡ ਪੀਸ' ਦੀ ਛੱਬੀ ਵਾਰ ਤੋਂ ਵੀ ਉਪਰ-ਵਾਰ ਕੀਤੀ ਸੁਧਾਈ ਨੂੰ ਕਿਸ ਖਾਤੇ ਪਾਉਗੇ? ਸੰਤੋਖ ਸਿੰਘ ਧੀਰ ਪਰੂਫ਼ ਰੀਡਿੰਗ ਲਈ ਕਿਸੇ ਉਪਰ ਵਿਸ਼ਵਾਸ ਨਹੀਂ ਸੀ ਕਰਦਾ। ਪ੍ਰੋਫੈਸ਼ਨਲ ਪ੍ਰਕਾਸ਼ਕ ਜੋ ਕਰ ਰਹੇ ਹਨ ਉਹ ਬੜਾ ਨਾਜਾਇਜ਼ ਹੈ, ਪਰ ਉਨ੍ਹਾਂ ਤੋਂ ਡਰ ਕੇ ਕਿਸੇ ਤਰ੍ਹਾਂ ਵੀ ਚੰਗੀ ਰਚਨਾ ਨੂੰ ਲੋਕਾਂ ਤੱਕ ਨਾ ਪੁਚਾਇਆ ਜਾਵੇ, ਇਹ ਵੀ ਸੱਚ ਤੋਂ ਦੌੜਨ ਵਾਲੀ ਗੱਲ ਹੋਵੇਗੀ।

ਗੁਰਦੀਪ ਅਨੁਸਾਰ ਪ੍ਰੋਟੈਸਟ ਦੀ ਸ਼ਾਇਰੀ ਨੂੰ ਜਾਂ ਪ੍ਰਗਤੀਵਾਦੀ ਕਵਿਤਾ ਨੂੰ 'ਨਾਅਰਾ' ਕਿਹਾ ਜਾਣ ਲੱਗਾ ਜਿਸਨੇ ਸ਼ਾਇਰੀ ਨੂੰ ਵੱਡਾ ਨੁਕਸਾਨ ਪੁਚਾਇਆ ਹੈ। ਅਜਿਹਾ ਕਰਨ ਵਿਚ ਸੱਤਾ ਤਾਂ ਬਹੁਤ ਵੱਡਾ ਹੱਥ ਹੈ ਜੋ ਸੁਹਜ ਨੂੰ ਸ਼ਬਦਾਂ ਦੇ ਅਰਥਾਂ ਤੋਂ ਤੋੜਨਾ ਚਾਹੁੰਦੀ ਹੈ। ਭਾਵੇਂ ਉਹ ਅਜੇ ਤੱਕ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕੀ, ਫਿਰ ਵੀ ਉਹ ਇਸ ਵਿਚ ਸਫ਼ਲ ਹੋ ਗਈ ਹੈ ਕਿ ਲੁਕੋਈ ਹੋਈ ਗੱਲ ਨੂੰ ਹੀ ਉਸਨੇ ਸੁਹਜਾਤਮਕ ਰਚਨਾ ਗਰਦਾਨ ਦਿੱਤਾ ਹੈ। ਗੁਰਦੀਪ ਇਹ ਕਹਿਣ ਵਿਚ ਪੂਰਾ ਦਿਆਨਤਦਾਰ ਹੈ ਕਿ "ਨਾਅਰਾ ਬਣ ਜਾਣਾ ਕਿਸੇ ਸ਼ਿਅਰ ਦੀ ਵੱਡੀ ਪ੍ਰਾਪਤੀ ਹੈ ਤੇ ਜਿਸ ਵਿਚ ਸ਼ਾਇਰੀ ਨਾ ਹੋਵੇ, ਉਹ ਨਾਅਰਾ ਕਾਮਯਾਬ ਨਹੀਂ। ਇਸ ਸੱਚ ਤੇ ਪਰਦਾ ਪਾਉਣ ਨੇ ਪੰਜਾਬੀ ਸ਼ਾਇਰੀ ਦਾ ਨੁਕਸਾਨ ਕੀਤਾ ਹੈ।" ਫਿਰ ਵੀ ਪੰਜਾਬੀ ਪ੍ਰਗਤੀਵਾਦੀਆਂ ਨੇ ਆਪਣੇ ਨਵੇਂ ਰਾਹ ਬਣਾਏ ਹਨ ਅਤੇ ਉਹ ਨਵੇਂ ਤੋਂ ਨਵੇਂ ਤਜ਼ਰਬਿਆਂ ਨਾਲ ਸਾਹਮਣੇ ਆ ਰਹੇ ਹਨ।

ਗੁਰਦੀਪ ਨੇ ਆਪਣੀਆਂ ਪੁਸਤਕਾਂ ਵਿਚ ਗ਼ਜ਼ਲ ਨੂੰ ਵਡਿਆਉਣ ਲਈ ਇਕ ਬਾਰ ਫਿਰ ਛੰਦ-ਸਹਿਤ ਅਤੇ ਛੰਦ-ਰਹਿਤ ਕਵਿਤਾ ਦਾ ਵਿਵਾਦ ਛੇੜ ਲਿਆ ਹੈ, ਜਿਸਨੂੰ ਉਸਨੇ ਪਾਬੰਦ ਕਵਿਤਾ ਅਤੇ ਖੁੱਲ੍ਹੀ ਕਵਿਤਾ ਦਾ ਸੰਵਾਦ ਬਣਾਇਆ ਹੈ। ਵੈਸੇ ਹੁਣ ਤੱਕ ਇਹ ਵਿਵਾਦ ਸਮਾਪਤ ਹੋ ਚੁੱਕਾ ਹੈ। ਕਵਿਤਾ ਛੰਦ-ਬੱਧ ਹੋਵੇ ਜਾਂ ਛੰਦ-ਰਹਿਤ ਜੇ ਉਹ ਮਾਨਵੀ ਸਰੋਕਾਰਾਂ ਨਾਲ ਜੁੜੀ ਹੋਈ ਹੈ ਤਾਂ ਉਸਦੀ ਸਮਾਜ-ਸਭਿਆਚਾਰਕ ਕੀਮਤ ਕਿਸੇ ਤਰ੍ਹਾਂ ਵੀ ਨਹੀਂ ਘਟਦੀ। ਸੰਸਾਰ ਦੇ ਕਈ ਪ੍ਰਸਿੱਧ ਕਵੀ ਖੁੱਲੀ ਕਵਿਤਾ ਦੇ ਸਿਰ ਤੇ ਵੀ ਪ੍ਰਸਿੱਧ ਹੋ ਹਨ, ਪੰਜਾਬ ਵਿਚ ਪੂਰਨ ਸਿੰਘ ਤੋਂ ਲੈ ਕੇ ਦੀਵਾਨ ਸਿੰਘ ਕਾਲੇਪਾਣੀ ਅਤੇ ਹੁਣ ਤੱਕ ਦੇ ਕਵੀਆਂ ਨੇ ਉੱਚ ਪੱਧਰ ਦੀ ਖੁੱਲ੍ਹੀ ਕਵਿਤਾ ਨਾਲ ਨਵੇਂ ਰਾਹ ਬਣਾਏ ਹਨ, ਉਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਬਾਵਾ ਬਲਵੰਤ ਦੀ ਛੰਦ-ਬੱਧ ਕਵਿਤਾ ਨੂੰ ਕੌਣ ਛੁਟਿਆ ਸਕਦਾ ਹੈ। ਸਾਡੇ ਅਨੁਸਾਰ ਇਹ ਬਹਿਸ ਬਾਰ-ਬਾਰ ਨਹੀਂ ਉੱਠਣੀ ਚਾਹੀਦੀ। ਗੁਰਦੀਪ ਦੇ ਵਿਚਾਰਾਂ ਨੂੰ ਛੰਦ-ਬੱਧ ਕਵਿਤਾ ਦੇ ਹੱਕ ਵਿਚ ਭੁਗਤਣ ਵਾਲੇ ਵਿਚਾਰਾਂ ਦੇ ਰੂਪ ਵਿਚ ਵਿਚਾਰਿਆ ਜਾ ਸਕਦਾ ਹੈ। ਉਸ ਅਨੁਸਾਰ "ਇਨਸਾਨੀ ਜਜ਼ਬਿਆਂ ਨੂੰ ਸਫ਼ਲ-ਅਸਫ਼ਲ ਜੋ ਵੀ ਜ਼ੁਬਾਨ ਮਿਲੀ ਹੈ, ਉਹ ਪਾਬੰਦ ਕਵਿਤਾ ਵਿਚ ਹੀ ਮਿਲੀ ਹੈ। ਉਂਝ ਹਾਲਤ ਇਹ ਹੈ ਕਿ ਖੁੱਲੀ-ਕਵਿਤਾ ਵਾਲੇ ਪਾਬੰਦ ਨਜ਼ਮ ਨੂੰ ਕਵਿਤਾ ਨਹੀਂ ਸਮਝਦੇ ਅਤੇ ਪਾਬੰਦ ਨਜ਼ਮ ਵਾਲੇ ਗ਼ਜ਼ਲ ਨੂੰ ਕਵਿਤਾ ਨਹੀਂ ਸਮਝਦੇ, ਪਰ ਖੁਸ਼ੀਆਂ ਅਤੇ ਗ਼ਮ ਵੇਚਣ ਦਾ ਹੋਕਾ ਗ਼ਜ਼ਲ ਨਾਲੋਂ ਚੰਗਾ ਕੋਈ ਹੋਰ ਸਿਨਫ਼ ਨਹੀਂ ਦੇ ਸਕਦੀ।"

ਗੁਰਦੀਪ ਨੇ ਇਕ ਹੋਰ ਬਹਿਸ ਛੇੜੀ ਹੈ ਜਿਸਦੀ ਅਜੋਕੇ ਯੁੱਗ ਵਿਚ ਕੀ ਮਹੱਤਤਾ ਹੈ, ਵਿਚਾਰ ਕਰਨ ਦੀ ਲੋੜ ਹੈ। ਉਸ ਅਨੁਸਾਰ "ਗੁਰਬਾਣੀ ਨੂੰ ਕਵਿਤਾ ਦੇ ਪਿੜ ਵਿਚ ਲਿਆਉਣ ਨੇ ਨਾਂਹਪੱਖੀ ਅਸਰ ਪਾਏ ਹਨ। ਉਸ ਅਨੁਸਾਰ 'ਸੰਤ ਕੇ ਦੋਖੀ' ਵਲ ਕੇਂਦ੍ਰਿਤ ਹੋ ਕੇ ਬਾਣੀ ਲੋਕਾਂ ਦੇ ਦੁੱਖਾਂ ਤੋਂ ਦੂਰ ਗਈ ਹੈ। ਮਹਾਂਪੁਰਸ਼ 'ਬਾਣੀ' ਨੂੰ ਰੱਦ ਨਹੀਂ ਕਰਦੇ ਪਰ ਸ਼ਾਇਰ ਉਹ ਸਭ ਕੁਝ ਰੱਦ ਕਰ ਦਿੰਦਾ ਹੈ, ਜੋ ਉਸਦੇ ਸੁਹਜ ਸੁਆਦ ਦੇ ਸਿਖ਼ਰ ਨੂੰ ਨਹੀਂ ਛੂੰਹਦਾ। ਗੁਰਬਾਣੀ ਤੋਂ 'ਸ਼ਾਇਰਾਨਾ ਸੁਹਜ ਸੁਆਦ' ਦੀ ਮੰਗ ਨਹੀਂ ਕੀਤੀ ਜਾ ਸਕਦੀ। ਅਸੀਂ ਇਹ ਮੰਗ ਕੀਤੀ ਹੈ ਕਿ ਇਸ ਲਈ ਸੁਹਜ ਪ੍ਰਫੁੱਲਤ ਨਹੀਂ ਹੋਇਆ। ਗੁਰਦੀਪ ਦੇ ਇਹ ਨਿਜੀ ਵਿਚਾਰ ਹਨ। ਗੁਰਬਾਣੀ ਕਾਵਿ ਦਾ ਆਪਣਾ ਸੁਹਜ ਹੈ ਜਿਸ ਉਪਰ ਲੰਬੀ ਚੌੜੀ ਵਿਚਾਰ ਕੀਤੀ ਜਾ ਸਕਦੀ ਹੈ। ਜਦੋਂ ਬਾਵਾ ਬੁੱਧ ਸਿੰਘ ਨੇ ਗੁਰਬਾਣੀ ਅਤੇ ਕਿੱਸਾ-ਕਾਵਿ ਨੂੰ ਇਕ ਥਾਂ ਸੰਕਲਿਤ ਕੀਤਾ ਤਾਂ ਕੱਟੜਪੰਥੀਆਂ ਨੇ ਇਸਦਾ ਵਿਰੋਧ ਕੀਤਾ, ਪਰ ਅੱਜ ਜਦੋਂ ਗੁਰਬਾਣੀ ਨੂੰ ਰਹੱਸਵਾਦੀ-ਕਾਵਿ ਦੇ ਤੌਰ ਤੇ ਪ੍ਰਵਾਨ ਕਰ ਲਿਆ ਗਿਆ ਹੈ ਤਾਂ ਇਸਦੇ ਵਿਰੋਧ ਵਿਚ ਖੜੋਨਾ ਸ਼ਾਇਦ ਜਾਇਜ਼ ਨਹੀਂ ਹੈ। ਹਾਂ ਗੁਰਦੀਪ ਦੇ ਗ਼ਜ਼ਲ ਬਾਰੇ ਵਿਚਾਰ ਬੜੇ ਮੁੱਲਵਾਨ ਹਨ।

- ਖ਼ੂਬਸੂਰਤੀ ਦੇ ਅਹਿਸਾਸ ਦਾ ਸੰਚਾਰ ਕਲਾ ਹੈ। ਖ਼ੂਬਸੂਰਤ ਖ਼ਿਆਲ ਨਾਲ ਜੁੜਿਆ ਅਹਿਸਾਸ ਕਿਸੇ ਤੱਕ ਪਹੁੰਚਾਉਣਾ ਸ਼ਿਅਰ ਕਹਿਣਾ ਹੈ।



- ਗ਼ਜ਼ਲ ਨੂੰ ਸਭ ਤੋਂ ਉੱਚੀ ਕਿਸਮ ਦਾ ਲਿਰਿਕ ਕਿਹਾ ਜਾਂਦਾ ਹੈ, ਜਿਸਦਾ ਹਰ ਸ਼ੇਅਰ ਇਕ ਸਿਖ਼ਰ (ਕਲਾਈਮੈਕਸ) ਹੁੰਦਾ ਹੈ ਤੇ ਇਸ ਸਿਖ਼ਰ ਦੀ ਪਹੁੰਚ ਜਾਂ ਰਾਹ ਇਸਤੋਂ ਹੇਠਾਂ ਜਾਂ ਇਸਤੋਂ ਬਾਹਰ ਨਹੀਂ ਹੁੰਦਾ।

- ਗ਼ਜ਼ਲ ਦੇ ਸ਼ਿਅਰਾਂ ਦੀਆਂ ਗੁਲਕਾਰੀਆਂ ਵਿਸਫੋਟਕ ਹੁੰਦੀਆਂ ਹਨ।

- ਗ਼ਜ਼ਲ ਦਾ ਅਗਲਾ ਸ਼ਿਅਰ ਜੇ ਪਿਛਲੇ ਨੂੰ ਭੁਲਾ ਨਾ ਦੇਵੇ ਤਾਂ ਉਹ ਕਾਮਯਾਬ ਸ਼ਿਅਰ ਨਹੀਂ।

- ਖ਼ੂਬਸੂਰਤੀ ਜ਼ਿੰਦਗੀ ਨੂੰ ਅਰਥ ਦੇਣ ਵਾਲੀ ਸਭ ਤੋਂ ਵੱਡੀ ਕਦਰ ਹੈ, ਜਿਸਦੇ ਪਿੱਛੇ ਇਨਸਾਫ਼ ਕੁਰਬਾਨੀਆਂ, ਜਾਂ-ਨਿਸਾਰੀਆਂ, ਜੱਦੋ-ਜਹਿਦਾਂ ਅਤੇ ਸਭ ਇਨਸਾਨੀ ਘਾਲਣਾਵਾਂ ਦਾ ਇਤਿਹਾਸ ਖੜ੍ਹਾ ਹੈ।

ਜ਼ਿੰਦਗੀ ਦਾ ਵਿਚਕਾਰਲਾ ਮੁੱਦਾ ਖੁਸ਼ੀ ਦੀ ਭਾਲ ਹੈ। ਸਾਰੀ ਇਨਸਾਨੀ ਤਰੱਕੀ ਉਸਦੀ ਇਸ ਭਾਲ ਦਾ ਅਫ਼ਸਾਨਾ ਹੈ।

ਗੁਰਦੀਪ ਦੇ ਇਨ੍ਹਾਂ ਖ਼ੂਬਸੂਰਤ ਵਿਚਾਰਾਂ ਵਾਂਗ ਹੀ ਉਸਦੀ ਸ਼ਾਇਰੀ ਵੀ ਖ਼ੂਬਸੂਰਤ ਹੈ। ਪੰਜਾਬੀ ਗ਼ਜ਼ਲਾਂ ਵਿਚ ਇਕ ਦੋ ਸ਼ਿਅਰਾਂ ਤੋਂ ਬਾਅਦ ਭਰਤੀ ਸ਼ੁਰੂ ਹੋ ਜਾਂਦੀ ਹੈ। ਗੁਰਦੀਪ ਉਨ੍ਹਾਂ ਚੋਣਵੇਂ ਸ਼ਾਇਰਾਂ ਵਿਚੋਂ ਇਕ ਹੈ ਜਿਸਦੀ ਗ਼ਜ਼ਲ ਦਾ ਹਰ ਸ਼ਿਅਰ ਵਿਚਾਰ ਦੀ ਮੰਗ ਕਰਦਾ ਹੈ। ਇਥੇ ਕੁਝ ਸ਼ਿਅਰ ਵੇਖੇ ਜਾ ਸਕਦੇ ਹਨ -

- ਰਾਤ ਦੇ ਹੱਥ ਦਰਦ ਦੀ ਸ਼ਮਸ਼ੀਰ ਹੈ,
ਮਰ ਮਿਟਣ ਤੋਂ ਛੁੱਟ ਕੀ ਤਦਬੀਰ ਹੈ।

- ਹੁੰਦੇ ਹੁੰਦੇ ਸ਼ੋਰ ਨੇ ਮਹਿਫ਼ਲ ਤੇ ਕਬਜ਼ਾ ਕਰ ਲਿਆ,
ਮੈਂ ਇਕੱਲਾ ਵਿਚ ਬਹਿ ਕੇ, ਨਗ਼ਮਿਆਂ ਨੂੰ ਖ਼ਤ ਲਿਖੇ।

- ਪਰਲੇ ਪਾਰ ਉਨ੍ਹਾਂ ਨੂੰ ਉਡੀਕੇਗਾ ਭਲਾ ਕਿਹੜਾ,
ਜੋ ਆਸ਼ਕ ਬੇੜੀਆਂ ਉੱਤੇ, ਝਨਾਂ ਨੂੰ ਪਾਰ ਕਰਦੇ ਨੇ।

- ਜ਼ਹਿਰ ਪੀ ਕੇ ਆ ਰਹੀ ਹੈ ਸ਼ਹਿਰ ਤੋਂ,
ਇਸ ਨਦੀ ਵਿਚ ਜ਼ਿੰਦਗੀ ਬਾਕੀ ਨਹੀਂ।

- ਹੈਰਾਨੀ ਨਾਲ ਮੈਨੂੰ ਸੁੰਞ ਵੇਂਹਦੀ ਹੈ ਉਜਾੜਾਂ ਦੀ,
ਮੈਂ ਮਾਰੂਥਲ 'ਚ ਵੀ ਵਸਦੇ, ਘਰਾਂ ਦੇ ਗੀਤ ਗਾਉਂਦਾ ਹਾਂ।

- ਪਹਿਲਾਂ ਮੈਂ ਲੋਕਾਂ ਦੇ ਹੰਝੂ ਰੋ ਲਵਾਂ,
ਫਿਰ ਕਹਾਂਗਾ ਕੁਝ ਵਤਨ ਦੀ ਸ਼ਾਨ ਵਿਚ।

- ਵਸਲ 'ਤੇ ਹਿਜਰੋਂ ਪਰੇ ਵੀ ਹਿੱਕ ਵਿਚ,
ਬਹੁਤ ਕੁਝ ਫਿਰਦੀ ਹੈ ਸਾਂਭੀ ਜ਼ਿੰਦਗੀ।

- ਇਸਦੀ ਚੜ੍ਹਤ ਨੇ ਜ਼ਿੰਦਗੀ ਤਾਂ ਵਰਗਲਾ ਲਈ,
ਲੇਕਿਨ ਸ਼ਹਿਰ ਨੇ ਭੀੜ ਵਿਚੋਂ ਰੌਣਕ ਗਵਾ ਲਈ।

- ਸਹਿਜ ਭਾਅ ਪੱਛਮ ਨੂੰ ਤੁਰਿਆ ਜਾ ਰਿਹਾ
ਡੁੱਬਣੋਂ ਸੂਰਜ ਨਹੀਂ ਘਬਰਾ ਰਿਹਾ।
ਇਸ ਪੱਛੋਂ ਤੋਂ ਭਲਾ ਹੋਣਾ ਨਹੀਂ,
ਇਸਦਾ ਬੱਦਲ ਔੜ ਹੀ ਵਰਸਾਏਗਾ।

- ਨਾ ਰਾਤ ਦਾ ਕਸੂਰ ਹੈ, ਨਾ ਦਿਲ ਦਾ ਕਸੂਰ ਹੈ,
ਬੰਦੇ ਨੂੰ ਵਕਤ ਨਾਲ ਪਰ ਸ਼ਿਕਵਾ ਜ਼ਰੂਰ ਹੈ।

- ਕੀ ਕਰੋਗੇ ਫਿਰ ਤੁਸੀਂ ਇਸਦਾ ਇਲਾਜ,
ਜੇ ਮਸੀਹਾ ਦਰਦ ਕੋਲੋਂ ਡਰ ਗਿਆ।

- ਬੇਰੁਖ਼ੀ ਅਪਨਾ ਲਈ ਹੈ ਧਰਤ ਨੇ,
ਸਾਡੇ ਤੋਂ ਦਾਮਨ ਛੁਡਾ ਅੰਬਰ ਗਿਆ।

- ਤੂੰ ਨਹੀਂ ਕੁਝ ਦੇਖਿਆ ਆਜ਼ਾਦ ਭੌਂ ਕੇ ਸ਼ਹਿਰ ਵਿਚ,
ਬੰਦ ਰਹਿ ਕੇ ਜੇਲ੍ਹ ਵਿਚ ਮੈਂ ਤੱਕਿਆ ਹੈ ਬਹੁਤ ਕੁਝ।

- ਹਿੱਸੇ ਦਿਲ ਦੇ ਆਏ ਹੰਝੂਆਂ ਦੀ ਗੱਲ ਕੀ ਕਰੀਏ,
ਅਜੇ ਤੋੜੀ ਵੀ ਸਾਡੇ ਖ਼ੂਨ ਦੀ ਤਾਸੀਰ ਖਾਰੀ ਹੈ।

ਅਜਿਹੀ ਸ਼ਾਇਰੀ ਦੇ ਸੰਦਰਭ ਵਿਚ ਹੀ ਪਾਤਰ ਨੂੰ ਗੁਰਦੀਪ ਦੀ ਸ਼ਾਇਰੀ ਦੀ ਸਿਫ਼ਤ ਆਪਣੇ ਅੰਦਾਜ਼ ਵਿਚ ਕੀਤੀ ਹੈ। ਉਸ ਅਨੁਸਾਰ ਗੁਰਦੀਪ ਨੇ ਕੁਝ ਅਜਿਹਾ ਵੀ ਕਿਹਾ ਹੈ, "ਜੋ ਹੁਣ ਤੱਕ ਅਣਕਿਹਾ ਸੀ, ਪਰ ਜੇ ਕਿਤੇ ਕਹੇ ਨੂੰ ਵੀ ਕਿਹਾ ਹੈ ਤਾਂ ਆਪਣੇ ਦਿਲ ਵਿਚ ਡੋਬ ਕੇ ਕਿਹਾ ਹੈ। ਉਸਦੀਆਂ ਗ਼ਜ਼ਲਾਂ ਵਿਚ ਜਿਹੜੀ ਗੱਲ ਸਭ ਤੋਂ ਵੱਧ ਟੁੰਬਦੀ ਹੈ ਉਹ ਇਹ ਹੈ ਕਿ ਉਹ ਇਕੋ ਸਮੇਂ ਸੰਜਮ, ਸ਼ਿੱਦਤ ਤੇ ਸ਼ਿਲਪ ਨਾਲ ਸ਼ਿਅਰ ਕਹਿੰਦਾ ਹੈ। ਉਸਦੀ ਗ਼ਜ਼ਲ ਤੇ ਉਰਦੂ ਗ਼ਜ਼ਲ ਦੀ ਪਰੰਪਰਾ ਦਾ ਵੀ ਗਹਿਰਾ ਪ੍ਰਭਾਵ ਹੈ, ਪਰ ਇਸ ਵਿਚ ਪੰਜਾਬੀਆਂ ਦੀ ਆਪ ਮੁਹਾਰੀ ਛਲ ਵੀ ਹੈ। ਸੰਜਮ ਤੇ ਸ਼ਿੱਦਤ ਨੂੰ ਜੋੜਨ ਸਦਕਾ ਉਸਦੇ ਕਈ ਸ਼ਿਅਰ ਉਨ੍ਹਾਂ ਫੁੱਲ-ਪੱਤੀਆਂ ਵਰਗੇ ਹਨ, ਜੋ ਹੀਰੇ ਦਾ ਜਿਗਰ ਕੱਟਣ ਦੀ ਸਮਰੱਥਾ ਰੱਖਦੇ ਹਨ।"

ਗੁਰਦੀਪ ਨੂੰ ਪਹਿਲਾਂ ਵੀ 'ਚਿਰਾਗ਼' ਵਿਚ ਥਾਂ ਮਿਲਦੀ ਰਹੀ ਹੈ, ਇਸ ਵਾਰ ਇਕ ਵਾਰ ਫਿਰ ਉਸਨੂੰ ਇਸ ਵਾਰ ਦੇ ਕਵੀ ਵਜੋਂ ਛਾਪ ਕੇ ਅਤੇ ਉਸ ਉਪਰ ਚਰਚਾ ਦਾ ਆਰੰਭ ਕਰਕੇ ਚਿਰਾਗ਼ ਦੇ ਸੰਪਾਦਕੀ ਮੰਡਲ ਨੂੰ ਬੇਹੱਦ ਖ਼ੁਸ਼ੀ ਹੋ ਰਹੀ ਹੈ।



# ਮੇਰਾ ਬਚਪਨ 'ਤੇ ਲੜਕਪਨ

- ਗੁਰਦੀਪ (ਡੇਅਰਾਦੂਨ)

**ਲੋੜ ਹੀ ਕਿਸਨੂੰ ਹੈ ਇਥੇ, ਡੋਲਦੀ ਕਿਸ ਲਾਟ ਦੀ,**
**ਮੈਂ ਹਨ੍ਹੇਰੇ ਵਿਚ ਜਗਦਾ, ਰਹਿ ਗਿਆ ਹਾਂ ਆਦਤਨ।**

ਜਿਸ ਤਰ੍ਹਾਂ ਜਾਨਦਾਰ (ਜੀਵ) ਪਹਿਲਾਂ ਜਲ ਵਿਚ ਪੈਦਾ ਹੋਏ, ਇਸੇ ਤਰ੍ਹਾਂ ਆਦਮੀ ਜੰਗਲ ਵਿਚ ਪੈਦਾ ਹੋਇਆ। ਉਹਦਾ ਪਹਿਲਾ ਧਨ ਗੋਧਨ ਸੀ ਅਤੇ ਪਹਿਲੀ ਪੈਦਾਵਾਰ ਖੇਤੀ ਦੀ ਪੈਦਾਵਾਰ। ਵਸੋਂ ਦੇ ਡੇਰੇ ਨਦੀਆਂ ਲਾਗੇ, ਜੰਗਲਾਂ ਵਿਚ ਖੁੱਲ੍ਹੀਆਂ ਚਰਾਗਾਹਾਂ ਵਿਚ ਲੱਗੇ। ਲੰਮਾ ਚਿਰ ਚਾਰੇ, ਅੰਨਦਾਣੇ ਅਤੇ ਪਾਣੀ ਦੀਆਂ ਲੋੜਾਂ ਇਕੋ ਥਾਂ ਪੂਰੀਆਂ ਹੁੰਦੀਆਂ ਰਹਿਣ ਨਾਲ ਪਿੰਡ ਬੱਝੇ, ਜੋ ਕਿਸੇ ਵੱਡੇ-ਵਡੇਰੇ ਜਾਂ ਮੋਹੜਾ ਗੱਡਣ ਵਾਲੇ ਦਾ ਨਾਂ ਪਾ ਗਏ। ਚੰਗੀਆਂ ਚਰਾਗਾਹਾਂ 'ਤੇ ਉਪਜਾਊ ਜ਼ਮੀਨਾਂ ਲਈ ਲੜਾਈਆਂ ਵੀ ਹੋਈਆਂ ਤੇ ਪਿੰਡ ਉੱਜੜੇ-ਵੱਸੇ ਵੀ। ਅਖ਼ੀਰ ਜਾਗੀਰਦਾਰੀ ਦੇ ਚੱਲਣ ਨਾਲ ਮਾਲਕੀਆਂ ਪੱਕੀਆਂ ਹੋਈਆਂ। ਫਿਰ ਇਕ ਵਕਤ ਆਇਆ ਜਦੋਂ ਜੇਤੂ ਹੁਕਮਰਾਨ ਅਹਿਲਕਾਰਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਜੰਗਲ ਅਤੇ ਚਰਾਗਾਹਾਂ ਦੇਣ ਲੱਗੇ। ਇੰਝ ਨਦੀਆਂ ਆਬਾਦੀਆਂ, ਨਵੇਂ ਪਿੰਡ ਹੋਂਦ ਵਿਚ ਆਏ।

ਮੇਰਾ ਪਿੰਡ ਰੇਸ਼ਮ ਮਾਜਰੀ, ਜੋ ਜ਼ਿਲ੍ਹਾ ਦੇਹਰਾਦੂਨ ਵਿਚ ਪੈਂਦਾ ਹੈ, ਕਿਸੇ ਅੰਗਰੇਜ਼ ਜਰਨੈਲ ਨੂੰ 1914 ਵਾਲੀ ਪਹਿਲੀ ਆਲਮੀ ਜੰਗ ਵਿਚ ਕੀਤੀ ਖ਼ਿਦਮਤ ਵੱਟੇ, ਬਰਤਾਨਵੀ ਸਰਕਾਰ ਵੱਲੋਂ ਗ੍ਰਾਂਟ ਦੇ ਤੌਰ 'ਤੇ ਮਿਲਿਆ ਸੀ। ਇਸ ਪਿੰਡ ਦੀ ਅਹਿਮੀਅਤ ਇੱਕ ਸ਼ਿਕਾਰਗਾਹ ਵਾਲੀ ਸੀ।

ਪਿੰਡ ਦਾ ਮਾਲਕ ਅੰਗਰੇਜ਼ ਕੋਈ ਆਦਰਸ਼ ਪਾਲਣ ਵਾਲਾ ਆਦਮੀ ਸੀ। ਉਸਨੇ ਇਸ ਪਿੰਡ ਨੂੰ ਨਵੀਂ ਸ਼ਕਲੋ-ਸੂਰਤ ਦੇਣ ਦੀ ਕੋਸ਼ਿਸ਼ ਕੀਤੀ। ਰੇਸ਼ਮ ਦੇ ਕੀੜੇ ਪਾਲਣ ਲਈ ਤੂਤਾਂ ਦੀ ਪਲਾਂਟੇਸ਼ਨ ਲਵਾਈ। ਪਿੰਡ ਵਿਚ ਚੜ੍ਹਦੇ ਲਹਿੰਦੇ ਰੁੱਖ, ਦੋ 20 ਫੁੱਟ ਚੌੜੀਆਂ ਸੜਕਾਂ ਕੱਢੀਆਂ ਅਤੇ ਇਕ ਸੜਕ ਪਹਾੜ-ਦੱਖਣ ਰੁਖ਼ ਕੱਢੀ। ਇਨ੍ਹਾਂ ਕੱਚੀਆਂ ਸੜਕਾਂ ਉੱਤੇ ਦੇਸੀ ਅੰਬ ਦੇ ਰੁੱਖ ਲਾਏ ਜਿਨ੍ਹਾਂ ਦਾ ਵੱਡਾ ਹਿੱਸਾ ਹਾਲੀ ਵੀ ਬਚਿਆ ਹੋਇਆ ਹੈ। ਹੁਣ ਭਾਵੇਂ ਉਹ ਪੰਚਾਇਤ ਦੀ ਮਾਲਕੀ ਨੇ, ਮਾਜਰੀ ਵਿਚ ਸੌਫੀ, ਜਵੈਣੀ ਅਤੇ ਸੰਧੂਰੀ ਅੰਬ ਹੁਣ ਵੀ ਹੁੰਦੇ ਨੇ। ਉਦੋਂ ਪਿੰਡ ਦੀ ਕੁੱਲ 2000 ਵਿਘੇ ਜ਼ਮੀਨ ਹੀ ਹਲਾਂ ਹੇਠ ਸੀ।

ਆਪਣੀ ਵਸੋਂ ਦੇ ਮਨਸੂਬੇ ਤਹਿਤ ਜਰਨੈਲ ਨੇ ਚਾਰ ਫੁੱਟ ਚੌੜੀਆਂ, ਚੂਨੇਗਜ ਕੰਧਾਂ ਵਾਲਾ ਬੰਗਲਾ ਬਣਵਾਇਆ। ਕਲਮੀ ਅੰਬਾਂ ਅਤੇ ਲੀਚੀਆਂ ਦਾ ਬਾਗ ਲਾਇਆ। ਬਾਗ ਦੀ ਦੱਖਣ-ਪੂਰਬ ਦੀ ਨੁੱਕਰੇ ਚੌਥੀ ਦਾ ਸਕੂਲ ਬਣਵਾਇਆ, ਜਿਸ ਲਈ ਖ਼ਾਸਾ ਖੁੱਲ੍ਹਾ ਖੇਡ ਦਾ ਮੈਦਾਨ ਰੱਖਿਆ। ਬੱਚਿਆਂ ਦੇ ਪਾਣੀ ਪੀਣ ਲਈ ਕੂਲ੍ਹ ਉੱਤੇ ਟੂਟੀਆਂ ਵਾਲੀ ਬਾਉਲੀ ਬਣਵਾਈ ਤੇ ਨਾਲ ਹੀ ਇੱਕ ਖੂਹ ਖੁਦਵਾਇਆ ਜੋ 170 ਫੁੱਟ ਡੂੰਘਾ ਸੀ। ਜਰਨੈਲ ਨੇ ਆਪਣੇ ਅੰਬਾਂ, ਲੀਚੀਆਂ ਦੀਆਂ 10 ਕੁ ਬਹਾਰਾਂ ਹੀ ਦੇਖੀਆਂ ਕਿ ਸੌਂਗ ਨਦੀ ਪਾਰ ਕਰਦੇ ਉਹਦਾ ਹਾਥੀ ਪਾਣੀ ਵਿਚ ਡਿੱਗ ਪਿਆ ਤੇ ਉਹਦੀ ਜਾਨ ਜਾਂਦੀ ਰਹੀ। ਮੇਮ ਬਚ ਗਈ ਪਰ ਫਿਰ ਕਦੀਂ ਇਸ ਪਿੰਡ ਨਾ ਆਈ। ਇਹ ਪਿੰਡ ਕਿਸੇ ਰਾਏ ਸਾਹਿਬ ਨੂੰ ਮਿਲ ਗਿਆ।

ਮੇਰਾ ਬਾਬਾ ਜਗਤ ਸਿੰਘ, ਜਿਸ ਨੂੰ ਇਥੋਂ ਦੇ ਲੋਕ ਕੁਹਾੜਾ ਸਿੰਘ ਕਹਿੰਦੇ ਸੀ (ਕਿਉਂਕਿ ਉਹਦੇ ਹੱਥ ਵਿਚ ਸਫਾਜੰਗ ਹੁੰਦਾ ਸੀ), ਇੱਥੇ ਖੁੱਲ੍ਹੀ ਜ਼ਮੀਨ ਦੀ ਹਸਰਤ ਲੈ ਕੇ ਆਇਆ। ਮੇਰਾ ਜੱਦੀ ਪਿੰਡ ਸੁਰਖ਼ਪੁਰ ਰਿਆਸਤ ਕਪੂਰਥਲਾ ਵਿਚ ਸੀ। ਬਾਬੇ ਕੋਲ ਲੋੜ ਜੋਗੀ ਜ਼ਮੀਨ ਸੀ, ਪਰ ਮੁਰੱਬਿਆਂ ਦੇ ਸ਼ੌਕ ਵਿਚ ਚੱਕ ਨੰਬਰ 202, ਲਾਇਲਪੁਰ ਪਹੁੰਚ ਗਿਆ ਅਤੇ ਉਥੇ ਪੈਰ ਲੱਗਦੇ ਹੀ ਕਿਤੇ ਹੋਰ ਖੁੱਲ੍ਹੀ, ਸਸਤੀ ਜ਼ਮੀਨ ਬਾਰੇ ਸੋਚਣ ਲੱਗਾ। ਮੇਰੇ ਬਾਬੇ ਦੇ ਬਾਰ ਤੋਂ ਅੱਗੇ ਜਾਣ ਦੀ ਇਸ ਸੋਚ ਪਿੱਛੇ ਮੇਰੇ ਨਾਨਕਿਆਂ ਦੀ ਜ਼ਮੀਨ ਵੱਲ ਸੋਚ ਇਕ ਪ੍ਰਤੀਕਰਮ ਵਜੋਂ ਕੰਮ ਕਰ ਰਹੀ ਸੀ। ਮੇਰਾ ਨਾਨਾ ਵਧਾਵਾ ਸਿੰਘ ਅਫ਼ਰੀਕਾ ਦੇ ਮੁਹਾਜ਼ 'ਤੇ ਮੈਦਾਨੇ ਜੰਗ ਵਿਚ ਕੰਮ ਆਇਆ। ਵੱਡਾ ਭਰਾ ਕਰਨਲ ਨਿਹਾਲ ਸਿੰਘ ਬਹਾਦਰੀ ਪਾ ਕੇ ਘਰ ਮੁੜਿਆ ਤੇ ਪੂਰਬ ਵਿਚ ਪਿੰਡ ਦੇ ਪੇਸ਼ਕਸ਼ ਹੋਈ। ਉਹ ਧਾਰਮਿਕ ਆਦਮੀ ਸੀ। ਸਿਰਫ਼ ਇੱਕ 50 ਰੁਪਏ ਮਹੀਨਾ ਬਹਾਦਰੀ ਅਤੇ ਸੱਤ ਪੁਸ਼ਤਾਂ ਲਈ ਆਨਰੇਰੀ ਕਪਤਾਨੀ 'ਤੇ ਪ੍ਰਵਾਨਗੀ ਕੀਤੀ। ਮੇਰਾ ਬਾਬਾ ਆਪਣੇ ਕੁੜਮਾਂ ਨੂੰ 'ਖੱਤਰੀ ਬੁੱਧੂ' ਅਤੇ 'ਡਰੂ' ਸਮਝਦਾ ਸੀ। ਉਸਦੇ ਦਿਲ ਵਿਚ ਪੂਰਬ ਦਾ ਪਿੰਡ ਵੱਸ ਗਿਆ।

ਪੂਰਬ ਦਾ ਪਤਾ-ਸਤਾ ਕਰਨ ਤੋਂ ਪਹਿਲਾਂ ਉਹ ਹਰਿਦੁਆਰ ਆਇਆ ਅਤੇ ਦੇਹਰਾਦੂਨ ਵਿਚ

ਆਪਣੇ ਸਹੁਰਿਆਂ 'ਤੇ ਉਨ੍ਹਾਂ ਦੇ ਸਕਿਆਂ ਨੂੰ ਮਿਲਣ ਆ ਗਿਆ। ਉਹਨਾਂ ਦੀ ਸਲਾਹ 'ਤੇ ਉਹਨੇ ਇਥੇ ਆਬਾਦ ਹੋਣ ਦੀ ਧਾਰ ਲਈ। ਇਹ ਮੇਰਾ ਹੁਣ ਵਾਲਾ ਪਿੰਡ ਰੇਸ਼ਮ ਮਾਜਰੀ ਸੀ। ਰਿਸ਼ਤੇਦਾਰਾਂ ਦੇ ਨਾਲ ਲੱਗਦੀ ਕੁਝ ਜ਼ਮੀਨ ਚੱਲਦੀ ਮਿਲ ਗਈ, ਕੁਝ ਝਾੜ ਵੱਢ ਕੇ, ਫੂਸ ਨੂੰ ਅੱਗ ਲਾ ਕੇ ਕਾਸ਼ਤ ਜੋਗੀ ਹੋ ਗਈ ਅਤੇ ਇੰਝ 150 ਕੁ ਵਿਘੇ ਰਕਬਾ ਜੋ ਚਾਰ-ਪੰਜ ਹਲਾਂ ਦੀ ਵਾਹੀ ਲਈ ਕਾਫ਼ੀ ਸੀ, ਤਿਆਰ ਹੋ ਗਿਆ। ਮਗਰੋਂ ਇਹ ਰਕਬਾ 200 ਵਿਘੇ ਤੱਕ ਹੀ ਪੁੱਜ ਸਕਿਆ। ਪੱਕਾ ਡੇਰਾ ਲਾਉਣ ਪਿੱਛੋਂ ਬਾਬੇ ਨੇ ਪੂਰਬ ਵਾਲੀ ਗੱਲ ਪੂਰੀ ਕਰਨ ਲਈ 2600 ਵਿਘਾ ਜ਼ਮੀਨ ਦਾ ਨਜ਼ਰਾਨਾ ਤਾਰ ਦਿੱਤਾ। ਪਰ ਇਹ ਜ਼ਮੀਨਾਂ ਉਸਦੀਆਂ ਕਦੇ ਨਾ ਹੋ ਸਕੀਆਂ। ਪੈਰ ਲੱਗਣ ਤੋਂ ਪਹਿਲਾਂ ਹੀ ਉਹ ਮਲੇਰੀਏ ਦੀ ਭੇਟ ਹੋ ਗਿਆ। ਮੇਰਾ ਬਾਪ ਜੋ ਪਿਉ ਬਗੈਰ ਜ਼ਿੰਦਗੀ ਦੇ ਤਸੱਵਰ ਜੋਗਾ ਹੀ ਨਹੀਂ ਸੀ, ਕੁੱਲ 6 ਮਹੀਨੇ ਬਾਅਦ ਕਾਲ ਵੱਸ ਹੋ ਗਿਆ।

ਮੈਂ ਉਦੋਂ 3 ਸਾਲ ਦਾ, ਨਿੱਕੀ ਭੈਣ 6 ਮਹੀਨੇ ਦੀ, ਵੱਡਾ ਭਰਾ 6 ਸਾਲ ਦਾ ਅਤੇ ਵੱਡੀ ਭੈਣ 12 ਸਾਲ ਦੀ ਸੀ। ਉਹ ਦੋਨੋਂ ਪਿੰਡ ਖੇੜੇ ਦੋਨੇ, ਰਿਆਸਤ ਕਪੂਰਥਲਾ ਵਿਚ ਨਾਨਕਿਆਂ ਕੋਲ ਸੀ।

ਮੇਰੇ ਪਿੰਡ ਦਾ ਉੱਘੜਵਾਂ ਰੰਗ ਬਰਸਾਤ ਦਾ ਹੀ ਹੈ। ਪਿੰਡ ਦੇ ਚੜ੍ਹਦੇ ਪਾਸੇ ਬਰਸਾਤੀ ਨਦੀ ਜਾਖਣ ਹੈ। ਬਰਸਾਦ ਵਿਚ ਇਸਦਾ ਸ਼ੋਰ ਪਿੰਡ ਦੇ ਸਿਰ ਚੜ੍ਹਿਆ ਰਹਿੰਦਾ ਹੈ। ਪਿੰਡ ਦੇ ਲਹਿੰਦੇ ਵੱਲ ਸੌਂਗ ਨਦੀ ਹੈ ਜਿਸਦੀ ਆਵਾਜ਼ ਬਰਸਾਤ ਵਿਚ ਇੱਕ ਖੁੱਲ੍ਹਾ ਚੈਲੇਂਜ ਜਿਹਾ ਹੁੰਦੀ ਅਤੇ ਬਰਸਾਤ ਲੰਘਣ ਨਾਲ ਇੱਕ ਖੁਸ਼ਗਵਾਰ ਗੀਤ ਵਿਚ ਬਦਲ ਜਾਂਦੀ।

ਬਰਸਾਤ ਵਿਚ ਖੇਤਾਂ ਉੱਤੇ ਮੱਕੀ ਦੀ ਫਸਲ ਦਾ ਰਾਜ ਹੁੰਦਾ ਸੀ। ਮੱਕੀ ਦੇ ਖੇਤਾਂ ਵਿਚ ਪਏ ਮਨ੍ਹਿਆਂ ਦੀ ਦੁਨੀਆਂ ਹਲਕਾਰਿਆਂ ਦੀ ਦੁਨੀਆਂ ਸੀ। ਇੱਕ ਮਨ੍ਹੇ ਤੋਂ ਵੱਜੇ ਹਲਕਾਰੇ ਦਾ ਜਵਾਬ ਅਗਲੇ ਮਨ੍ਹੇ ਤੋਂ ਮਿਲਦਾ ਅਤੇ ਇੰਝ ਹਲਕਾਰਿਆਂ ਦਾ ਇਕ ਸਿਲਸਿਲਾ ਬਣ ਜਾਂਦਾ। ਗੰਧਕ ਪੋਟਾਸ਼ ਦੇ ਗਜ 'ਤੇ ਪਾਈਪ ਵਾਲੇ ਪਟਾਕੇ ਰਾਤ ਭਰ ਬੰਦੂਕ ਦੇ ਫਾਇਰ ਤੋਂ ਉੱਚੇ ਧਮਾਕੇ ਕਰਦੇ ਰਹਿੰਦੇ।

ਮਨ੍ਹਾ — ਉਸ ਵੇਲੇ ਦਾ ਮਨ੍ਹਾ ਹੁਣ ਕਿਤੇ ਨਹੀਂ ਦਿਸਦਾ। ਇਸ ਲਈ ਓਨੀਆਂ ਠੂਹਣੀਆਂ ਅਤੇ ਹੋਰ ਲੱਕੜਾਂ ਹੀ ਨਹੀਂ ਮਿਲ ਸਕਦੀਆਂ। ਇਹ ਮਨ੍ਹਾ ਕੋਈ ਰਾਖੇ ਦੀ ਝੁੱਗੀ ਨਹੀਂ ਸੀ। ਉਸਦਾ ਬਰਸਾਤ ਭਰ ਦਾ ਮਚਾਨੀ ਰੈਣਬਸੇਰਾ ਹੁੰਦਾ ਸੀ। ਉਹ 4 ਠੂਹਣੀਆਂ ਉੱਤੇ 10 ਫੁੱਟ ਉੱਚੀ, 8 ਕੁ ਫੁੱਟ ਚਕੋਰ ਲੱਕੜ ਦੇ ਡੰਡਿਆਂ ਦੀ ਛੱਤ ਹੁੰਦੀ ਸੀ। ਇਹ ਛੱਤ 3 ਇੰਚ ਫੂਸ ਦੀ ਤਹਿ ਨਾਲ ਢਕੀ ਹੁੰਦੀ ਸੀ। ਜਿਸਦੇ ਆਮ੍ਹਣੇ-ਸਾਹਮਣੇ ਦੀਆਂ ਠੂਹਣੀਆਂ ਵਿਚਕਾਰ 14-15 ਫੁੱਟ ਉੱਚੀਆਂ ਠੂਹਣੀਆਂ ਉੱਤੇ ਇੱਕ-ਇੱਕ ਫੁੱਟ ਗੋਲਾਈ ਦੀ ਬੱਲੀ ਰੱਖ ਕੇ ਦੋਨੋਂ ਪਾਸੇ ਝੁਕਦੀ ਛੱਪਰੀ ਪਾਈ ਜਾਂਦੀ ਸੀ। ਇਹ ਛੱਪਰੀ ਸੂਰਾਂ ਅਤੇ ਤੋਤਿਆਂ ਤੋਂ ਮੱਕੀ ਦੀ ਰਾਖੀ ਕਰਨ ਵਾਲੇ ਦੇ ਬਿਸਤਰੇ, ਜੋ ਵੀ ਉਹ ਹੁੰਦਾ, ਅਤੇ ਅੱਗ ਵਾਲੇ ਬੱਬਰੇ ਨੂੰ ਮੀਂਹ ਅਤੇ ਵਾਛੜ ਤੋਂ ਬਚਾਉਂਦੀ ਸੀ। ਮਨ੍ਹੇ 'ਤੇ ਚੜ੍ਹਨ ਲਈ ਇੱਕ ਪਾਸੇ ਨੇੜ ਦੀਆਂ ਠੂਹਣੀਆਂ ਨੂੰ 3-3 ਫੁੱਟ 'ਤੇ ਲੱਕੜ ਦੇ ਡੰਡੇ ਬੰਨ੍ਹ ਕੇ ਪੌੜੀ ਬਣਾਈ ਜਾਂਦੀ ਸੀ 'ਤੇ ਇਹ ਸੀ ਮਨ੍ਹੇ ਦੀ ਪੂਰੀ ਬਣਤਰ।

ਪਾਈਪ ਵਾਲਾ ਪਟਾਕਾ ਚਲਾਉਣਾ ਤੇ ਬੱਚਿਆਂ ਦੇ ਵੱਸ ਦੀ ਗੱਲ ਨਹੀਂ ਸੀ। ਤੋਤੇ ਉਡਾਉਣ ਵਾਲਾ ਗੋਲੀਆਂ ਚਲਾਉਣ ਨੂੰ ਸਾਡਾ ਵੀ ਦਿਲ ਕਰਦਾ ਸੀ। ਪਰ ਇਸ ਲਈ ਵੀ ਸਿਖਲਾਈ ਦੀ ਲੋੜ ਸੀ।

ਮੱਕੀ ਦੇ ਟਾਂਡੇ ਦਾ ਚਾਬੂ ਛੱਲੀ ਤੱਕ ਪਹੁੰਚਣਾ ਬੜਾ ਸਬਰ ਅਜ਼ਮਾ ਸੀ। ਟਾਂਡਾ ਬਣਨਾ, ਝੰਡੇ ਨਿਕਲਣਾ, ਪੂਣੀਆਂ ਪੈਣਾ, ਪੂਣੀਆਂ ਦਾ ਸੱਤ ਕੱਤਣਾ, ਸੂਤ ਕਾਲਾ ਹੋਣਾ, ਦੋਧਾ ਪੈਣਾ 'ਤੇ ਫਿਰ ਚਾਬੂ ਹੋਣਾ ਇੱਕ ਉਮਰ ਦਾ ਗੇੜ ਸੀ। ਅਸੀਂ ਪਹਿਲੋਂ ਹੀ ਛੱਲੀਆਂ ਫੋਲਣ ਲੱਗ ਜਾਂਦੇ। ਸਾਨੂੰ ਸਮਝਾਇਆ ਜਾਂਦਾ ਕਿ ਚਾਬੂ ਹੋਣ ਤੋਂ ਪਹਿਲਾਂ ਛੱਲੀਆਂ ਫੋਲਣਾ ਔਗੁਣ ਹੁੰਦਾ ਹੈ।

ਮੱਕੀਆਂ ਕੱਟੀਆਂ ਜਾਂਦੀਆਂ ਭਾਵੇਂ ਕਦੀ-ਕਦੀ ਤੋਤੇ ਦਾ ਬੱਚਾ ਫੜ ਹੋਣ 'ਤੇ ਕੁਝ ਪ੍ਰਾਪਤੀ ਜਾਪਦੀ ਪਰ ਛੱਲੀਆਂ ਦੀ ਰੁੱਤ ਲੰਘ ਜਾਣ 'ਤੇ ਮੈਨੂੰ ਉਦਾਸੀ ਹੁੰਦੀ। ਸ਼ਾਇਦ ਹੋਰ ਬੱਚਿਆਂ ਨੂੰ ਵੀ ਹੁੰਦੀ ਹੋਵੇ। ਮੈਂ ਤੋਰੀਆ ਬੀਜਣ 'ਤੇ ਫੁੱਲਣ ਦਾ ਇੰਤਜ਼ਾਰ ਕਰਦਾ। ਜਦੋਂ ਨਵੰਬਰ ਵਿਚ ਤੋਰੀਆ ਫੁੱਲਦਾ ਦੂਰ ਤੱਕ ਬਸੰਤ ਵਰਗਾ ਆਲਮ ਹੁੰਦਾ। ਸ਼ਹਿਦ ਦੀਆਂ ਮੱਖੀਆਂ ਦੀ ਗੂੰਜਾਰ ਲੌਢੇ ਵੇਲੇ ਤੱਕ ਤੋਰੀਏ ਦੇ ਖੇਤਾਂ 'ਤੇ ਛਾਈ ਰਹਿੰਦੀ। ਕਦੀ-ਕਦੀ ਬਹੁਤ ਅੰਦਰ ਤੋਰੀਏ ਦੇ ਖੇਤ ਦੀ ਵੱਟ 'ਤੇ ਬੈਠਾ ਮੈਂ ਫੁੱਲਾਂ ਵਿਚ ਘਿਰਿਆ ਇਸ ਨਜ਼ਾਰੇ ਦੇ ਜਾਦੂ ਦਾ ਸਦਾ ਏਦਾਂ ਹੀ ਬਣੇ ਰਹਿਣ ਬਾਰੇ ਸੋਚਦਾ। ਫੁੱਲ ਝੜ ਕੇ ਤੋਰੀਏ ਨੂੰ ਫਲੀਆਂ ਪੈਣਾ, ਮੱਕੀ ਚਾਬੂ ਹੋਣ ਵਰਗੀ ਗੱਲ ਨਹੀਂ ਸੀ।

ਉਨ੍ਹਾਂ ਦਿਨਾਂ ਵਿਚ ਪਿੰਡ ਵਾਲਿਆਂ ਦਾ ਜੰਗਲ ਨਾਲ ਰਿਸ਼ਤਾ ਬੜਾ ਖ਼ਾਸ ਸੀ। ਇਹ ਰਿਸ਼ਤਾ



ਬੜਾ ਉਲਝਣ ਭਰਿਆ ਸੀ। ਲੋਕ ਵਸੋਂ ਵਾਸਤੇ ਡੇਰੇ ਬਣਾਉਣ ਲਈ, ਹਲ ਜੂਲੇ ਲਈ, ਬਾਲਣ ਲਈ ਜੰਗਲ ਨੂੰ ਇਕ ਸਹੂਲਤ ਸਮਝਦੇ ਸੀ। ਡੰਗਰਾਂ ਨੂੰ ਕਿੱਲਿਆਂ ਤੋਂ ਖੋਲ੍ਹ ਕੇ ਜੰਗਲ ਵਿਚ ਹੱਕ ਦੇਣਾ 'ਤੇ ਆਉਂਦਿਆਂ ਨੂੰ ਬੰਨ੍ਹ ਕੇ ਕੰਮ ਖ਼ਤਮ ਕਰ ਲੈਣਾ ਵੀ ਬੜੀ ਸੌਖੀ ਕਮਾਈ ਸੀ। ਉਜਾੜੇ ਹੱਥੋਂ ਉਹ ਦੁਖੀ ਹੁੰਦੇ ਤੇ ਜੰਗਲ ਤੋਂ ਦੂਰੀ ਭਾਲਦੇ। ਓਦਾਂ ਰਸੋਈ ਦੇ ਬਾਲਣ ਲਈ ਤੇ ਹਾਲੀ ਵੀ ਜੰਗਲ ਤੋਂ 10-12 ਕਿਲੋਮੀਟਰ ਦੇ ਘੇਰੇ ਦੇ ਲੋਕ ਜੰਗਲ ਉੱਤੇ ਹੀ ਨਿਰਭਰ ਕਰਦੇ ਹਨ।

ਮਾਜਰੀ ਦੇ ਬੱਚਿਆਂ ਦਾ ਜੀਵਨ ਜੰਗਲ ਮੁਖੀ ਸੀ। ਰੁੱਖਾਂ, ਦਰੱਖਤਾਂ ਤੇ ਚੜ੍ਹਨਾ, ਲਚਕਦਾਰ ਟਾਹਣਿਆਂ 'ਤੇ ਬਾਂਦਰਾਂ ਵਾਂਗ ਝੂਟਣਾ ਇੱਕ ਖੇਲ ਹੁੰਦੀ ਸੀ। ਵੱਧ ਤੋਂ ਵੱਧ ਰੁੱਖਾਂ, ਜੜ੍ਹੀਆਂ-ਬੂਟੀਆਂ, ਜੰਗਲੀ ਜਾਨਵਰਾਂ ਅਤੇ ਪੰਛੀਆਂ ਦੀ ਪਛਾਣ ਸਾਡੀ ਪ੍ਰਾਪਤੀ ਹੁੰਦੀ ਸੀ। ਖਹਿਬਰ ਜੰਗਲ ਵਿਚ ਅੰਦਰ ਤੱਕ ਚੱਕਰ ਲਾ ਆਉਣਾ ਇੱਕ ਬਹਾਦਰੀ ਸੀ। ਨਦੀ ਦੇ ਵੰਗਾਰ ਭਰੇ ਪਾਣੀ ਨੂੰ ਪਾਰ ਕਰਨਾ ਵੀ ਕੋਈ ਘੱਟ ਸ਼ੇਖੀ ਨਹੀਂ ਸੀ।

ਸਾਡੇ ਲਈ ਵੱਡੀ ਦਿਲਚਸਪੀ ਵਾਲੀ ਗੱਲ ਸਾਡੇ ਜੰਗਲ ਵਿਚ ਆਉਣ ਵਾਲੇ ਗੁੱਜਰ ਹੁੰਦੇ ਸੀ। ਅਸੀਂ ਨਦੀ ਉੱਤੇ ਪਾਣੀ ਪੀਣ ਆਈਆਂ ਉਨ੍ਹਾਂ ਦੀਆਂ ਮੱਝਾਂ ਦੇਖਣ ਜਾਂਦੇ। ਇਹ ਲੋਕ ਬਾਅਦ ਬਰਸਾਤ ਜੰਮੂ ਵਲੋਂ ਆਉਂਦੇ ਦੱਸੇ ਜਾਂਦੇ ਸੀ। ਇਹ ਖੂਬਸੂਰਤ, ਕੱਦਾਵਰ ਲੋਕ ਡੋਗਰੀ ਪੰਜਾਬੀ ਬੋਲਦੇ ਸੀ। ਮੱਝਾਂ ਨੂੰ ਜੰਗਲ ਦੇ ਰੁੱਖ ਛਾਂਗ ਕੇ ਪੱਤੇ ਪਾਉਂਦੇ ਸੀ। ਉਹ ਇਨ੍ਹਾਂ ਪੱਤਿਆਂ ਨੂੰ ਪੱਤੀ ਕਹਿੰਦੇ ਸੀ। ਉਨ੍ਹਾਂ ਦੀ ਪੂਰੇ ਸੀਜ਼ਨ ਵਾਸਤੇ ਜੰਗਲ ਦੀ ਪੱਕੀ ਲੀਜ਼ ਹੁੰਦੀ ਸੀ। ਹਰ ਸਾਲ ਓਹੀ ਜੰਗਲ ਉਸੇ ਗਿਰਦੋਨਵਾਹ ਦਾ ਡੇਰਾ। ਜੰਗਲ ਦਾ ਟੈਕਸ ਮੱਝਾਂ ਦੀ ਗਿਣਤੀ ਮੁਤਾਬਕ ਹੁੰਦਾ ਸੀ, ਜਿਸਨੂੰ ਪੂਛੀ ਕਿਹਾ ਜਾਂਦਾ ਸੀ। ਇਕ-ਇਕ ਡੇਰੇ ਕੋਲ 50-50 ਤੱਕ ਮੱਝਾਂ ਹੁੰਦੀਆਂ ਸੀ। ਉਹ ਡੋਈਵਾਲੇ ਸਟੇਸ਼ਨ ਤੱਕ ਆਪਣੇ ਘੋੜਿਆਂ ਉੱਤੇ ਦੁੱਧ ਢੋਂਹਦੇ, ਆਪਣੇ ਹਾਲ ਵਿਚ ਮਸਤ ਖੁਸ਼ਹਾਲ ਲੋਕ ਸੀ। ਹੁਣ ਗੁੱਜਰ ਇਥੋਂ ਦੇ ਹੀ ਹੋ ਕੇ ਰਹਿ ਗਏ ਨੇ, ਪਰ ਨਾ ਓਨੀ ਪੱਤੀ ਨਾ ਓਨੀਆਂ ਮੱਝਾਂ ਨਾ ਉਹ ਖੁਸ਼ਹਾਲੀ। ਕੁਝ ਗੁੱਜਰਾਂ ਕੋਲ ਦੁੱਧ ਢੋਹਣ ਲਈ ਘੋੜਿਆਂ ਦੀ ਥਾਂ ਮੋਟਰਸਾਈਕਲ ਆ ਗਏ ਨੇ ਪਰ ਓਨਾ ਦੁੱਧ ਨਹੀਂ। ਕੁਝ ਗੁੱਜਰ ਤੇ ਡੇਰੇ ਉੱਤੇ ਹੀ ਦੋਧੀ ਨੂੰ ਦੁੱਧ ਪਾ ਦਿੰਦੇ ਨੇ। ਹਾਲ ਕੁਝ ਵੀ ਹੋਵੇ ਗੁੱਜਰ ਦੁੱਧ ਵਿਚ ਪਾਣੀ ਹੁਣ ਵੀ ਨਹੀਂ ਪਾਉਂਦੇ।

ਗੁੱਜਰਾਂ ਬਾਰੇ ਜਿਹੜੀ ਗੱਲ ਹੈਰਤ ਵਾਲੀ ਹੈ, ਉਹ ਉਨ੍ਹਾਂ ਦੀ ਰੁੱਖਾਂ ਉੱਤੇ ਚੜ੍ਹਨ ਦੀ ਮੁਹਾਰਤ ਹੈ। 50-60 ਫੁੱਟ ਉੱਚੇ ਰੁੱਖ ਦੀਆਂ ਪਤਲੀਆਂ ਪੱਤੇ ਭਰੀਆਂ ਟਾਹਣੀਆਂ ਛਾਂਗਦੇ ਹਨ ਤੇ ਪਤਲੇ-ਪਤਲੇ ਟਾਹਣਿਆਂ ਦੇ ਸਿਰੇ ਤੱਕ ਪਹੁੰਚ ਜਾਂਦੇ ਹਨ ਅਤੇ ਟਾਹਣੇ ਦੇ ਸਿਰੇ ਉੱਤੇ ਇਕ ਪੱਤਿਆਂ ਭਰੀ ਛੋਟੀ ਜਿਹੀ ਟਹਿਣੀ ਹੀ ਛੱਡਦੇ ਹਨ ਜਿਸਨੂੰ ਉਹ ਸਿਖਰੀ ਕਹਿੰਦੇ ਹਨ। ਰੁੱਖਾਂ ਦੀ ਟੀਸੀ ਤੱਕ ਦੀ ਇਹ ਰਸਾਈ ਮੇਰੇ ਲਈ ਅੱਜ ਵੀ ਕਾਬਿਲੇ ਰਸ਼ਕ ਹੈ।

ਮੇਰੇ ਪਿੰਡ ਵਿਚ ਪੰਜਾਬੀਆਂ ਨੇ ਆਪਣੇ ਡੇਰੇ ਆਪਣੇ ਖੇਤਾਂ ਦੇ ਸਿਰਹਾਣੇ ਇਕ ਦੂਸਰੇ ਤੋਂ ਕੁਝ ਫਾਸਲੇ 'ਤੇ ਬਣਾਏ ਹੋਏ ਸੀ। ਹੋਰ ਬਰਾਦਰੀਆਂ ਆਪਣੀਆਂ ਬਸਤੀਆਂ ਬਣਾਕੇ ਰਹਿੰਦੀਆਂ ਸੀ। ਗਡਰੀਏ ਲੋਕ ਜਾਂ ਪਾਲ ਭਾਈ ਹਰਿਆਣੇ ਅਤੇ ਸਹਾਰਨਪੁਰ ਦੇ ਇਲਾਕੇ ਨਾਲ ਤੁਆਲੁਕ ਰੱਖਦੇ ਸੀ ਤੇ ਡੰਗਰ (ਭੇਡ--ਬੱਕਰੀਆਂ ਤੇ ਗਾਈਆਂ) ਪਾਲਦੇ ਸੀ, ਮੱਝਾਂ ਘੱਟ ਹੀ ਸੀ। ਡੰਗਰਾਂ ਦੇ ਵੱਗ ਨੂੰ ਧਨ ਕਹਿੰਦੇ ਸੀ ਅਤੇ ਇਕ--ਇਕ ਪਾਲੀ 100-100 ਗਾਈਆਂ ਚਾਰਦਾ ਸੀ। ਵੱਗ ਜਾਣ ਅਤੇ ਮੁੜਨ ਵੇਲੇ ਕਈ ਤਰ੍ਹਾਂ ਦੀਆਂ ਜੰਗੀਆਂ, ਟੱਲੀਆਂ (ਘੰਟੀਆਂ) ਅਤੇ ਟੱਲਾਂ ਦੀ ਆਵਾਜ਼ ਮਾਹੌਲ ਵਿਚ ਘੁਲ ਜਾਂਦੀ। ਗਰਦ ਗੋਹਰ (ਕੱਚੀ ਸੜਕ) ਉੱਤੇ ਤਣ ਜਾਂਦੀ। ਸ਼ਾਮ ਨੂੰ ਡੰਗਰ ਮੁੜਨ ਵੇਲੇ ਇਹ ਮਾਹੌਲ ਬਾਹਲਾ ਅਸਰਦਾਰ ਹੁੰਦਾ। ਸਾਨ੍ਹਾਂ ਦੀਆਂ ਬੜ੍ਹਕਾਂ ਅਤੇ ਗਾਈਆਂ ਦੀਆਂ ਹੁੰਗਰਾਂ ਸੁਣਦੀਆਂ। ਵਾਗੀ ਸਾਨੂੰ ਬੱਚਿਆਂ ਨੂੰ ਕੁਝ ਖ਼ਾਸ ਚੀਜ਼ ਲੱਗਦੇ। ਰੋਮਾਂਚਕ ਲਫਜ਼ ਸਾਡੀ ਪਹੁੰਚ ਤੋਂ ਬਾਹਰ ਸੀ।

ਵਾਗੀਆਂ ਦਾ ਡੂੰਮਣਿਆਂ ਦੀ ਦੁਨੀਆਂ ਤੋਂ ਵਾਕਿਫ਼ ਹੋਣਾ ਅਤੇ ਸ਼ਹਿਦ ਚੋ ਸਕਣਾ ਸਾਡੇ ਲਈ ਬੜੀ ਵੱਡੀ ਗੱਲ ਸੀ। ਡੂੰਮਣਿਆਂ ਦੀ ਸਾਨੂੰ ਵੀ ਪਛਾਣ ਸੀ। ਭਿਣਖੂ ਜੋ ਵੱਡੇ ਰੁੱਖਾਂ ਦੀਆਂ ਖੋਡਾਂ ਵਿਚ ਲੱਗਦਾ ਸੀ ਉਸਦਾ ਸ਼ਹਿਦ ਕਾਲਾ ਹੁੰਦਾ ਸੀ ਪਰ ਚੋ ਸਕਣ ਦੀ ਹੱਦ ਤੋਂ ਬਾਹਰ ਸੀ। ਮਾਖੋ ਛੋਟੀਆਂ ਮੱਖੀਆਂ ਵਾਲਾ ਰੰਗ ਰਹਿਤ, ਸਾਫ਼ ਪਰ ਥੋੜ੍ਹੇ ਸ਼ਹਿਦ ਵਾਲਾ ਡੂੰਮਣਾ ਸੀ। ਬਿੱਲਾ, ਸਤਪੋਲੀਆ ਅਤੇ ਸੂਰਜਮੁਖੀ ਹੋਰ ਡੂੰਮਣਿਆਂ ਦੀਆਂ ਕਿਸਮਾਂ ਸੀ। ਡੂੰਮਣਾ ਚੋਣ ਲਈ ਭਰਵੇਂ ਹਰੇ ਪੱਤਿਆਂ ਦੀਆਂ ਡੇਢ ਫੁੱਟ ਲੰਮੀਆਂ ਟਾਹਣੀਆਂ ਦਾ ਮੁੱਠਾ ਜਿਹਾ ਬੰਨ ਕੇ ਵਿਚ ਕੋਲੇ ਰੱਖ ਕੇ ਧੁਖਾ ਲਏ ਜਾਂਦੇ ਸੀ। ਇਸਨੂੰ ਸੂਤਲੀ ਕਿਹਾ ਜਾਂਦਾ ਸੀ। ਇਸਦੇ ਧੂੰਏ ਨਾਲ ਡੂੰਮਣੇ ਦੇ ਉੱਤਲੇ ਪਾਸਿਉਂ ਮੱਖੀਆਂ ਹਟਾ ਕੇ ਸ਼ਹਿਦ ਵਾਲੀ ਪੋਲੀ ਨੰਗੀ ਕਰਕੇ ਕੱਟ

ਲਈ ਜਾਂਦੀ ਸੀ। ਜ਼ਿਆਦਾ ਧੂੰਆਂ ਹੋਣ ਤੇ ਡੂੰਮਣਾ ਉੱਡ ਹੀ ਜਾਂਦਾ ਸੀ ਤੇ ਉੱਡਣ ਤੋਂ ਪਹਿਲਾਂ 3 ਵਾਰੀ ਛਾਂ-ਛਾਂ ਦੀ ਆਵਾਜ਼ ਕਰਦਾ ਸੀ। ਡੂੰਮਣਾ ਚੋਣ ਲਈ ਸੂਤਲੀ ਫੜਨ ਦਾ ਕੰਮ ਵਿਚ ਮਦਦ ਮੈਂ ਵੀ ਕੀਤੀ ਹੈ। ਡੂੰਮਣੇ ਵਿਚ ਸ਼ਹਿਦ ਹਨ੍ਹੇਰੇ ਪੱਖ ਦੇ ਆਖ਼ਰੀ ਦਿਨਾਂ ਵਿਚ ਹੀ ਹੁੰਦਾ ਹੈ। ਸਾਨੂੰ ਪਤਾ ਹੁੰਦਾ ਸੀ। ਅਸੀਂ ਲੰਮੇ ਕਾਨੇ ਨੂੰ ਡੂੰਮਣੇ ਦੇ ਉਤਲੇ ਪਾਸੇ ਖੁਭੋ ਕੇ ਸ਼ਹਿਦ ਦਾ ਪਤਾ ਵੀ ਕਰ ਲੈਂਦੇ ਸੀ। ਫੱਗਣ, ਚੇਤ ਵਿਚ ਸਾਡੇ ਜੰਗਲ ਵੱਲ ਜਾਂਦੀਆਂ ਗੋਹਰਾਂ ਦੇ ਗਿਰਦ 20-20 ਫੁੱਟ ਤੱਕ ਖੜ੍ਹੇ ਰੁੱਖਾਂ ਅਤੇ ਝਾੜਾਂ ਵਿਚ ਵੀ ਡੂੰਮਣੇ ਲੱਗਦੇ ਅਤੇ ਸ਼ਹਿਦ ਦੀ ਮਹਿਕ ਆਉਂਦੀ ਰਹਿੰਦੀ।

ਮੇਰੇ ਬਚਪਨ ਦੇ ਜੰਗਲ ਕੁਝ ਮਹਿਕਾਂ ਵੀ ਪਾਲਦੇ ਸੀ। ਬਚਪਨ ਵਿਚ ਗੋਲ ਗੈਂਠੀ ਦੀ ਵੇਲ ਝਾੜੀਆਂ ਉੱਤੇ ਛਾਂ ਜਾਂਦੀ। ਜੰਗਲ ਖੁਸ਼ਗਵਾਰ ਖੁਸ਼ਬੂ ਨਾਲ ਸਰਸ਼ਾਰ ਰਹਿੰਦੇ। ਚੁੰਬਕ ਛਿਟੀ 'ਤੇ ਦੂਧਕਲ ਵੇਲ ਦੀਆਂ ਚਿੱਟੀਆਂ ਕਲੀਆਂ ਸਾਰਾ ਸਾਲ ਮਹਿਕਦੀਆਂ ਸੀ। ਮਰੂਆ, ਕੁੜ੍ਹਾ, ਕੁਰੀ (ਹਾਰ ਸ਼ਿੰਗਾਰ) ਹੋਰ ਮਹਿਕਾਂ ਵਾਲੇ ਰੁੱਖ ਸੀ। ਰੰਗ ਵਾਲੇ ਰੁੱਖ ਅਮਲਤਾਸ, ਸਿੰਬਲ 'ਤੇ ਢੱਕ (ਕੇਸੂ) ਹੀ ਸੀ। ਪੰਜਾਬ ਵਿਚ ਮੈਂ ਇਨ੍ਹਾਂ ਫੁੱਲਾਂ ਨੂੰ ਸਿਰਫ਼ ਸ਼ਹਿਰ ਜਾ ਕੇ ਹੀ ਦੇਖ ਸਕਿਆ।

ਜੰਗਲ ਦੀਆਂ ਖੁਸ਼ਗਵਾਰ ਅਵਾਜ਼ਾਂ ਵਿਚ ਜੰਗਲੀ ਮੁਰਗੇ ਦੀ ਬਾਂਗ ਆਪਣਾ ਖ਼ਾਸ ਥਾਂ ਰੱਖਦੀ ਹੈ। ਬਾਰਬੈਟ (ਵੱਡੀ ਤੇ ਛੋਟੀ) ਸਾਰਾ ਸਾਰ ਬੋਲਦੀ ਸੁਣੀ ਜਾ ਸਕਦੀ ਹੈ। ਇਕ ਸਲੇਟੀ ਰੰਗ ਦਾ ਪਰਿੰਦਾ ਜੋ ਸ਼ਾਇਦ ਪਰਾਈਨੀਆ ਹੋ ਸਕਦਾ ਹੈ, ਦੂਰ ਕਿਤੇ ਬੋਲਦਾ ਜੰਗਲ ਵਿਚ ਸੰਗੀਤ ਘੋਲੀ ਰੱਖਦਾ ਹੈ। ਇਕ ਹੋਰ ਸਲੇਟੀ ਰੰਗ ਦਾ ਲਾਰਕ, ਜੋ ਆਬਾਦੀਆਂ ਤੋਂ ਦੂਰ ਰਹਿਣਾ ਹੀ ਪਸੰਦ ਕਰਦਾ ਹੈ, ਮਈ ਤੋਂ 15 ਜੁਲਾਈ ਤੱਕ ਜੰਗਲ ਵਿਚ ਦਰਦ ਭਰਿਆ ਗੀਤ ਛੇੜੀ ਰੱਖਦਾ ਹੈ।

ਜੰਗਲ ਨਾਲ ਵਾਬਸਤਗੀ (ਵਾਸਤਾ) ਦੀ ਗੱਲ ਕਰਦਿਆਂ ਜੇ ਸ਼ੇਰ ਦੀ ਗੱਲ ਨਾ ਹੋਵੇ ਤਾਂ ਸਮਝਿਆ ਜਾਂਦਾ ਹੈ ਕਿ ਹੱਕ ਅਦਾ ਨਹੀਂ ਹੋਇਆ। ਸ਼ੇਰ ਨੂੰ ਮਾਰਨ ਲਈ ਭਾਵੇਂ ਕਿਸੇ 404 ਰਾਈਫਲ ਦੀ ਲੋੜ ਨਹੀਂ ਪੈਂਦੀ ਫਿਰ ਵੀ ਉਸਨੂੰ ਇਕ ਬਹਾਦਰੀ ਦਾ ਕਾਰਨਾਮਾ ਗਿਣਿਆ ਜਾਂਦਾ ਹੈ। ਉਸ ਜ਼ਮਾਨੇ ਵਿਚ ਰਿਜ਼ਰਵ ਜੰਗਲਾਂ ਨੂੰ ਛੱਡ ਕੇ ਹੋਰ ਕਿਤੇ ਵੀ ਸ਼ਿਕਾਰ ਖੇਡਣ ਉੱਤੇ ਪਾਬੰਦੀ ਨਹੀਂ ਸੀ। ਲੋਕਾਂ ਦੇ ਤੋੜੇਦਾਰ ਬੰਦੂਕਾਂ ਆਮ ਰੱਖੀਆਂ ਹੋਈਆਂ ਸੀ। ਹਰ ਰੋਜ਼ ਕਿਸੇ ਨਾ ਕਿਸੇ ਪਾਸਿਓਂ ਮਹਾਂ ਪਰਸ਼ਾਦ ਆਇਆ ਰਹਿੰਦਾ। ਮੇਰੇ ਪਿੰਡ ਵਿਚ ਕਈ ਸ਼ਿਕਾਰੀ ਸੀ, ਜਿਨ੍ਹਾਂ ਕਦੀ ਨਾ ਕਦੀ ਸ਼ੇਰ ਮਾਰਿਆ ਸੀ। ਸਾਡੇ ਕਰੀਬ ਦੇ ਹੀ ਇਕ ਸ਼ਿਕਾਰੀ ਕੋਲ 12 ਸ਼ੇਰ ਮਾਰਨ ਦਾ ਦਾਅਵਾ ਸੀ। ਉਸਨੇ ਇਕ ਵਾਰ ਸ਼ੇਰ ਦੇ 2 ਛੋਟੇ-ਛੋਟੇ ਬੱਚੇ ਫੜ ਕੇ ਕਿਸੇ ਅੰਗਰੇਜ਼ ਅਫਸਰ ਨੂੰ ਤੋਹਫ਼ੇ ਵਜੋਂ ਪੇਸ਼ ਕੀਤੇ ਸੀ। ਉਸ ਪਿੱਛੋਂ ਬਦਲੇ ਵਕਤਾਂ ਵਿਚ ਉਸਦੇ ਬੇਟੇ ਦੇ ਘਰ ਸ਼ਰਾਬ ਦੇ ਸਿਲਸਿਲੇ ਵਿਚ ਤਲਾਸ਼ੀ ਹੋਈ, ਇਕ ਕਾਰਤੂਸ ਭਰਨ ਵਾਲੀ ਮਸ਼ੀਨ ਅਤੇ 4 ਸ਼ੇਰ ਦੀਆਂ ਖੱਲਾਂ ਬਰਾਮਦ ਹੋਈਆਂ। ਨੇਕ ਥਾਣੇਦਾਰ ਸਿਰਫ਼ 4 ਬੋਤਲਾਂ ਦਾ ਚਲਾਨ ਕਰਕੇ, ਸ਼ੇਰ ਦੀਆਂ ਖੱਲਾਂ ਆਪਣੇ ਅਫਸਰ ਲਈ ਤੋਹਫ਼ਾ ਲੈ ਗਿਆ ਅਤੇ ਕਾਰਤੂਸ ਭਰਨ ਵਾਲੀ ਮਸ਼ੀਨ ਨਸ਼ਟ ਕਰਵਾ ਗਿਆ। ਇਹ ਹੈ ਸ਼ੇਰ ਦੀ ਖੱਲ ਦੀ ਕਰਾਮਾਤ।

ਜੰਗਲ ਚੁਗਣ ਗਏ ਡੰਗਰ ਵਿਚ-ਵਿਚਾਲੇ ਸ਼ੇਰ ਦੀ ਨਜ਼ਰ ਹੁੰਦੇ ਰਹਿੰਦੇ ਸੀ। ਇਕ ਵਾਰੀ ਬਾਹਤੀ ਬਰਾਦਰੀ (ਜੋ ਜੇਜੋਂ ਤੋਂ ਆ ਕੇ ਵਸੀ ਸੀ) ਦੇ ਇਕ ਕਾਸ਼ਤਕਾਰ ਦੀ ਗਾਂ ਸ਼ੇਰ ਨੇ ਮਾਰ ਦਿੱਤੀ। ਉਸ ਗਰੀਬ ਨੂੰ ਪਿੰਡ-ਪਿੰਡ ਭੀਖ ਮੰਗ ਕੇ ਜੱਗ ਕਰਨਾ ਪਿਆ ਕਿਉਂਕਿ ਪੰਡਿਤਾਂ ਮੁਤਾਬਕ ਉਹ ਗਊ ਹੱਤਿਆ ਦਾ ਦੋਸ਼ੀ ਸੀ। ਮਾਰੀ ਗਈ ਗਾਂ ਦੇ ਗਲ ਵਿਚ ਰੱਸੀ ਵਿਚ ਟੱਲੀ ਬੱਝੀ ਸੀ ਤੇ ਹਿੰਦੂ ਲਈ ਮਰ ਰਹੀ ਗਊ ਦਾ ਰੱਸਾ ਖੋਲ੍ਹਣਾ ਜ਼ਰੂਰੀ ਸੀ। ਰੱਸੀ ਨਾ ਖੋਲ੍ਹ ਸਕਣ ਕਾਰਨ ਉਹ ਗਊ ਹੱਤਿਆ ਦਾ ਦੋਸ਼ੀ ਠਹਿਰਿਆ।

ਮੇਰੇ ਪਿੰਡ ਦਾ ਸਿਰ ਜੰਗਲ ਪਾਸਿਉਂ ਹੀ ਨੰਗਾ ਨਹੀਂ ਹੋਇਆ, ਖੇਤਾਂ ਵਿਚੋਂ ਵੀ ਡੇਢ-ਡੇਢ ਸਦੀ ਪੁਰਾਣੀਆਂ ਛਾਵਾਂ ਚੁੱਕੀਆਂ ਗਈਆਂ। ਸਾਡੇ 65 ਫੁੱਟ ਲੰਮੇ ਅਤੇ 35 ਫੁੱਟ ਚੌੜੇ ਛੱਪਰ ਦਾ ਮੱਥਾ ਪਹਾੜ ਵੱਲ ਸੀ, ਜਿਸ ਪਾਸੇ ਅਕਸਰ ਖੇਤ ਖਾਲੀ ਪਏ ਰਹਿੰਦੇ। ਘਰੋਂ ਦਿਸਦੇ ਬੋਹੜ, ਜੀਂਗਣ, ਚਮਰੋੜ, ਪਾਪੜੀ ਅਤੇ ਰੋਹਣੀ ਦੇ ਰੁੱਖਾਂ ਦੀ ਅਜੀਬ ਮਹਿਮਾ ਦੀਆਂ ਗੱਲਾਂ ਸਾਨੂੰ ਬੱਚਿਆਂ ਨੂੰ ਡਰ ਭਰੀ ਹੈਰਤ ਵਿਚ ਪਾਈ ਰੱਖਦੀਆਂ। ਲੋਕਾਂ ਦਾ ਕਹਿਣਾ ਸੀ ਕਿ ਨੇਰ੍ਹੀਆਂ ਰਾਤਾਂ ਵਿਚ ਕਦੀ-ਕਦੀ ਖੱਬਿ ਪਾਸਿਉਂ ਰੌਸ਼ਨੀ ਦਾ ਇਕ ਜਲੂਸ ਆਉਂਦਾ ਹੈ ਜੋ ਢੋਲਕੀ, ਛੈਣੇ ਤੇ ਸਾਜ-ਵਾਜ ਵਜਾਉਂਦਾ ਇਨ੍ਹਾਂ ਰੁੱਖਾਂ ਦਾ ਗੇੜਾ ਲਾਉਂਦਾ ਹੈ। ਸਾਡੇ ਘਰ ਤੋਂ 100 ਗਜ਼ 'ਤੇ ਇਕ ਬਹੁਤ ਵੱਡਾ ਬੋਹੜ ਸੀ। ਇਕ ਸਾਲ ਇਹ ਵੀ ਬੜੀ ਵੱਡੀ ਹੈਰਤ ਦਾ



ਕਾਰਨ ਬਣਿਆ। ਰਾਤ ਦੇ ਅੱਧ ਦੇ ਲਾਗੇ ਬੋਹੜ ਛਾਂ-ਛਾਂ ਦੀ ਆਵਾਜ਼ ਨਾਲ ਥੱਰਾ ਜਾਂਦਾ ਅਤੇ ਇਹ ਕਾਰਜ ਰਾਤ ਨੂੰ 2-3 ਵਾਰ ਦੁਹਰਾ ਹੁੰਦਾ। ਇਹ ਗੱਲ ਹਰਿਦੁਆਰ ਬ੍ਰਹਮਪੁਰੀ ਸੰਤਾਂ ਤੱਕ ਪਹੁੰਚੀ। ਉਨ੍ਹਾਂ ਸ਼ੰਕਾ ਨਵਿਰਤ ਕਰਨ ਲਈ ਇਕ ਸਾਧੂ ਭੇਜਿਆ। ਸਾਧੂ ਨੇ ਘਰ ਦੀ ਪਹਾੜ ਦੀ ਨੁੱਕਰੇ ਤੂਤ ਹੇਠਾਂ ਧੂਣਾ ਬਾਲ ਲਿਆ ਤੇ ਰਾਤ ਭਰ ਜਗਰਾਤਾ ਕੀਤਾ। ਪਤਾ ਲੱਗਾ ਕਿ ਬੋਹੜ ਉੱਤੇ ਬੈਠਣ ਵਾਲੇ ਸੈਂਕੜੇ ਪੰਛੀਆਂ ਵਿਚੋਂ ਜਦੋਂ ਕੋਈ ਪੰਛੀ ਕਿਸੇ ਕਾਰਨ ਖੰਭ ਫਟਕਦਾ, ਸਾਰੇ ਪੰਛੀਆਂ ਦੀ ਨੀਂਦ ਉਟਕ ਜਾਂਦੀ। ਉਹ ਸਾਰੇ ਖੰਭ ਫਟਕਦੇ ਅਤੇ ਛਾਂ ਦੀ ਆਵਾਜ਼ ਆਉਂਦੀ।

ਮੈਂ 5 ਸਾਲਾਂ ਦਾ ਸੀ ਜਦੋਂ ਮੇਰਾ ਵੱਡਾ ਭਰਾ ਨਾਨਕਿਆਂ ਤੋਂ ਵਾਪਿਸ ਆ ਗਿਆ। ਉਹ ਉੱਥੇ ਪੜ੍ਹਦਾ ਆਇਆ ਸੀ। ਉਹਨੂੰ ਪੜ੍ਹਨ ਭੇਜਣਾ ਹੀ ਸੀ, ਮੈਨੂੰ ਵੀ ਸਕੂਲੇ ਬਿਠਾ ਦਿੱਤਾ ਗਿਆ। ਉਨ੍ਹੀਂ ਦਿਨੀਂ ਪੜ੍ਹਾਈ ਦੇ ਖ਼ਿਆਲ ਨਾਲ ਬੱਚਿਆਂ ਨੂੰ ਸਕੂਲ ਭੇਜਣ ਵਾਲੇ ਮਾਪੇ ਘੱਟ ਹੀ ਸੀ। ਉਹ ਇਸ ਲਈ ਬੱਚਿਆਂ ਨੂੰ ਸਕੂਲ ਭੇਜਦੇ ਸੀ ਕਿ ਚਲੋ ਕਾਵਾਂ ਦੇ ਸਿਰ ਕੀੜੇ ਤੇ ਨਾ ਪਾਉਂਦੇ ਫਿਰਨਗੇ।

ਮੇਰੇ ਸਕੂਲ ਵਿਚ ਪਹਾੜੀ, ਦੇਸੀ (ਜਿਨ੍ਹਾਂ ਵਿਚ ਹਰੀਜਨ ਵੀ ਸੀ), ਪੰਜਾਬੀ ਤੇ ਪੂਰਬੀਏ ਲੋਕਾਂ ਦੇ ਬੱਚੇ ਸੀ। ਸਕੂਲ ਵਿਚ ਅੱਧੇ ਬੱਚੇ ਨੰਗੇ ਪੈਰੀਂ ਆਉਂਦੇ। ਖੇਰ ਟਾਟ (ਤੱਪੜ) ਉੱਤੇ ਸਭ ਨੇ ਜੁੱਤੀ ਲਾਹ ਕੇ ਹੀ ਬੈਠਣਾ ਹੁੰਦਾ ਸੀ। ਜੁੱਤੀ ਬਾਹਲੇ ਬੱਚਿਆਂ ਨੂੰ ਬੰਨਣ ਜਾਪਦੀ ਸੀ। ਕਈ ਕਿਤੇ ਭੁੱਲ ਜਾਂਦੇ, ਗੁਆ ਬਹਿੰਦੇ। ਕੀ ਗਰੀਬ ਤੇ ਕੀ ਠੀਕ ਹਾਲ ਵਾਲੇ ਘਰਾਂ ਦੇ ਬੱਚੇ ਸਭ 8-10 ਆਨੇ ਗਜ਼ ਵਾਲੇ ਕੱਪੜੇ ਦੇ ਕੁੜਤੇ ਪਾਉਂਦੇ ਸੀ। ਬੱਚੇ ਦੇ ਕੱਪੜੇ ਘਰ ਦੇ ਹਾਲ 'ਤੇ ਨਹੀਂ, ਘਰ ਵਾਲਿਆਂ ਦੇ ਖ਼ਿਆਲ ਉੱਤੇ ਨਿਰਭਰ ਕਰਦੇ ਸੀ।

ਮੇਰਾ ਸਕੂਲ ਘਰ ਤੋਂ ਡੇਢ ਮੀਲ ਦੂਰ ਸੀ। ਮੀਹ ਭਰ ਰਾਹ ਅੰਬਾਂ ਦੀ ਸੜਕ ਵਾਲਾ ਸੀ। ਸੜਕ 'ਤੇ ਚੜ੍ਹਨ ਤੋਂ ਪਹਿਲੇ ਅਹੀਰ ਪੂਰਬੀਏ ਛੋਟੇ ਦਾ ਘਰ ਸੀ। ਉਸਦੇ ਘਰ ਲਾਗੇ ਕੂਲ੍ਹ ਜੰਗਲੀ ਗੁਲਾਬ ਨੇ ਢੱਕੀ ਰੰਦੀ, ਜੋ ਚੇਤ ਮਹੀਨੇ ਭਰ ਕੇ ਖਿੜਦਾ। ਛੋਟਾ ਪਹਿਲਵਾਨ ਕਿਸਮ ਦਾ ਆਦਮੀ ਸੀ। ਮੂੰਗਲੀਆਂ ਫੇਰਦਾ ਸੀ। ਬਰਸਾਤ ਵਿਚ ਆਪਣੇ ਘਰ ਦੀ ਨਿੰਮ ਉੱਤੇ (ਜੋ ਪਿੰਡ ਦਾ ਇਕੋ-ਇਕ ਨਿੰਮ ਦਾ ਬੂਟਾ ਸੀ) ਪੀਂਘ ਪਾਉਂਦਾ। ਆਪ ਛਾਵੇਂ ਮੰਜੇ ਉੱਤੇ ਬੈਠ ਕੇ ਝੂਮ-ਝੂਮ ਕੇ ਆਲ੍ਹਾਊਹਧਲ ਪੜ੍ਹਦਾ। ਇਰਦ-ਗਿਰਦ ਦੇ ਲੋਕ ਬੈਠੇ ਸੁਣਦੇ, ਸਾਨੂੰ ਪੀਂਘ ਝੂਟਣ ਨੂੰ ਮਿਲਦੀ। ਆਲ੍ਹਾਊਹਧਲ ਫਿਰ ਸੁਧਾ ਮਲਹੋਤਰਾ ਦਾ ਗਾਇਆ ਰੇਡੀਓ ਉੱਤੇ ਸੁਣਿਆ, ਜੋ ਯਾਦਾਂ ਤਾਜ਼ੀਆਂ ਕਰ ਗਿਆ।

ਅੰਬਾਂ ਵਾਲੀ ਸੜਕ ਦਾ ਰਾਹ ਕੂਲ੍ਹ ਦੇ ਨਾਲ-ਨਾਲ ਸੀ। ਜਿਸ ਉੱਤੇ ਵਿਰਲੇ-ਵਿਰਲੇ ਤੂਤ ਹੁੰਦੇ ਸੀ। ਚੇਤ ਮਹੀਨੇ ਆਉਂਦੇ-ਜਾਂਦੇ ਟਾਹਣੀਆਂ ਖਿੱਚ-ਖਿੱਚ ਅਸੀਂ ਗੋਹਲਾਂ ਤੋੜਦੇ ਤੇ ਖਾਂਦੇ। ਜਾਮਣੂ ਰੰਗੀਆਂ ਗੋਹਲਾਂ ਤੇ ਹੁਣ ਵੀ ਬਾਜਾਰਾਂ ਵਿਚ ਵਿਕਣੀਆਂ ਚਾਹੀਦੀਆਂ ਨੇ। ਸਾਡਾ ਬਾਕੀ ਦਾ ਸਫ਼ਰ ਅੰਬਾਂ ਦੀ ਸੜਕ ਵਾਲਾ ਸੀ, ਵਿਚ-ਵਿਚ ਸੜਕ ਦੇ ਦੋਨੋਂ ਪਾਸੇ ਕਿਤੇ-ਕਿਤੇ ਕੋਈ ਘਰ ਸੀ। ਘਰਾਂ ਵਿਚ ਪਪੀਤੇ ਅਤੇ ਚਕੋਤਰੇ ਦੇ ਬੂਟੇ ਲੱਗੇ ਹੁੰਦੇ। ਚੇਤ ਮਹੀਨੇ ਚਕੋਤਰੇ ਦੇ ਫੁੱਲਾਂ ਦੀ ਮਹਿਕਾਂ ਦੇ ਵਿਚ ਹੀ ਸਕੂਲ ਦਾ ਸਫ਼ਰ ਹੁੰਦਾ। ਅੰਬਾਂ ਦੇ ਮੁੱਢੀਂ ਬੱਚਿਆਂ ਨੇ ਗੀਠੇ ਖੇਡਣ ਲਈ ਖੁੱਤੀਆਂ ਬਣਾਈਆਂ ਹੁੰਦੀਆਂ। ਸਾਨੂੰ ਗੀਠੇ ਖੇਡਣ ਦੀ ਇਜਾਜ਼ਤ ਨਹੀਂ ਸੀ। ਖ਼ਿਆਲ ਸੀ ਕਿ ਇਸ ਨਾਲ ਬੱਚਿਆਂ ਨੂੰ ਜੂਏ ਦੀ ਆਦਤ ਪੈ ਜਾਂਦੀ ਹੈ। ਅਸੀਂ ਬੈਠ ਕੇ ਵਾਰੀਆਂ ਪੁੱਗਦੀਆਂ ਦੇਖਦੇ। ਮੇਰੇ ਪਿੰਡ ਵਿਚ ਉਦੋਂ ਕੱਚ ਦੀਆਂ ਗੋਲੀਆਂ ਦਾ ਚਾਨਣ ਨਹੀਂ ਸੀ।

ਉਦੋਂ ਬਸਤਿਆਂ ਦੀ ਥਾਂ ਬੱਚਿਆਂ ਕੋਲ ਲਾਲ, ਹਰੀਆਂ, ਪੀਲੀਆਂ ਧਾਰੀਆਂ ਵਾਲੇ ਝੋਲੇ ਹੁੰਦੇ ਸੀ। ਕਿਸੇ-ਕਿਸੇ ਕੋਲ ਝੋਲੇ ਵਿਚ ਗੁਲੇਲ ਵੀ ਹੁੰਦੀ ਸੀ। ਗੁਲੇਲ ਵਾਲੇ ਮੁੰਡੇ ਬੇਸ਼ੱਕ ਚੁਸਤ ਜਾਪਦੇ ਸੀ ਪਰ ਕਦੀਂ ਕਿਸੇ ਕੋਈ ਗੁਟਾਰ ਜਾਂ ਘੁੱਗੀ ਮਾਰੀ ਹੋਵੇ, ਮੈਂ ਨਹੀਂ ਦੇਖਿਆ। ਕਈਆਂ ਦਾ ਕਹਿਣਾ ਸੀ ਕਿ ਉਨ੍ਹਾਂ ਦੀਆਂ ਗੁਲੇਲਾਂ ਕਿਸੇ ਬੰਨੀਆਂ ਹੋਈਆਂ ਨੇ, ਇਸ ਲਈ ਨਿਸ਼ਾਨਾ ਨਹੀਂ ਲੱਗਦਾ।

ਸਾਡੇ ਸਕੂਲ ਵਿਚ ਕਾਲੀ ਫੱਟੀ ਉੱਤੇ ਲਿਖਿਆ ਜਾਂਦਾ ਸੀ। ਇਹ ਤਵੇ ਦੀ ਕਾਲਖ ਨਾਲ ਬਣੇ ਪੋਚੇ ਨਾਲ ਪੋਚੀ ਜਾਂਦੀ ਅਤੇ ਟੁੱਟੀ ਬੋਤਲ ਦੇ ਥੱਲੇ ਨਾਲ ਘੋਟ ਕੇ ਲਿਸ਼ਕਾਈ ਜਾਂਦੀ। ਇਸ ਉੱਤੇ ਗਾੜ੍ਹੇ ਘੁਲੇ ਹੋਏ ਚੂਨੇ ਨਾਲ ਲਿਖਿਆ ਜਾਂਦਾ ਸੀ। ਮੇਰੇ ਘਰਦਿਆਂ ਮੈਨੂੰ ਸ਼ਾਸਤਰੀ ਪੜ੍ਹਨ ਨਹੀਂ ਪਾਇਆ ਉਰਦੂ ਦਿਵਾਇਆ। ਮੈਂ ਸ਼ਾਸਤਰੀ ਵਾਲਿਆਂ ਕੋਲੋਂ ਹਿੰਦੀ ਸਿੱਖ ਲਈ, ਉਨ੍ਹਾਂ ਵਿਚੋਂ ਕਿਸੇ ਨੂੰ ਉਰਦੂ ਨਾ ਆਇਆ। ਮੈਨੂੰ ਕਿਤੇ ਇਕ ਅਚਕਨ ਜਿਹੀ ਸੁਆ ਦਿੱਤੀ ਗਈ। ਬੱਚੇ ਮੈਨੂੰ ਅਬਦੁਲ-ਫਜ਼ਲ ਕਹਿਣ ਲੱਗ ਪਏ।

ਸਾਡੇ ਸਿਲੇਬਸ ਵਿਚ ਮਿੱਟੀ ਦੇ ਭਾਂਡੇ ਬਣਾਉਣਾ, ਤੱਕਲੀ ਕੱਤਣਾ, ਜਿਲਦਸਾਜੀ ਤੇ ਬਾਗਵਾਨੀ ਆਦਿ ਵਿਸ਼ੇ ਵੀ ਸੀ। ਮੈਂ ਥੋੜ੍ਹਾ ਬਹੁਤ ਕਿਆਰੀ ਵਿਚ ਕੰਮ ਕਰਨ ਤੋਂ ਛੁੱਟ ਕੁਝ ਨਹੀਂ ਕੀਤਾ। ਤੱਕਲੀ ਕੱਤਣ ਤੋਂ ਬਿਨਾਂ ਕੋਈ ਚੌਥੀ ਪਾਸ ਨਹੀਂ ਸੀ ਕਰ ਸਕਦਾ। ਮੈਨੂੰ ਤੱਕਲੀ ਦੇ 5 ਨੰਬਰ ਦੇ ਕੇ ਪਾਸ ਕੀਤਾ ਗਿਆ।

ਪੁਰਾਣੇ ਵੇਲਿਆਂ ਵਿਚ ਸਕੂਲ ਵਿਚ ਬੱਚਿਆਂ ਨੂੰ ਸਜ਼ਾ ਦੇਣ ਦੇ ਬੜੇ ਕਿੱਸੇ ਸੁਣੇ ਹਨ। ਸਾਡੇ ਮਾਸਟਰਾਂ ਦਾ ਰਵੱਈਆ ਐਨਾ ਦੁਸ਼ਮਣੀ ਵਾਲਾ ਨਹੀਂ ਸੀ। ਬੱਚਿਆਂ ਲਈ ਮਖ਼ਸੂਸ ਕਿੰਥ, ਨਾਰੰਗੀ ਦੇ ਬਾਗ ਵਿਚ ਮਿਰਚੂ (ਕਰੀ ਪੱਤਾ) ਬਥੇਰਾ ਸੀ। ਉਥੋਂ ਰੋਜ਼ ਇਕ ਉਂਗਲ ਜਿੰਨੀ ਮੋਟੀ ਛਿਟੀ ਮੰਗਵਾਈ ਜਾਂਦੀ ਤੇ ਲੋੜ ਪੈਣ 'ਤੇ ਸਵਾਲ ਗਲਤ ਕੱਢਣ ਵਾਲਿਆਂ ਜਾਂ ਸਬਕ ਨਾ ਸੁਣਾ ਸਕਣ ਵਾਲਿਆਂ ਦੇ ਹੱਥ ਉੱਤੇ ਇਕ-ਇਕ ਮਾਰ ਦਿੱਤੀ ਜਾਂਦੀ ਜਾਂ ਠੀਕ ਜਵਾਬ ਦੇਣ ਵਾਲੇ ਨੂੰ ਕਿਹਾ ਜਾਂਦਾ ਕਿ ਹਰ ਨਾਲਾਇਕ ਦਾ ਕੰਨ ਫੜ ਕੇ ਇਕ ਚਪੇੜ ਮਾਰ ਦਿਉ। ਇਸ ਸਜ਼ਾ ਦਾ ਨਾਂ ਤੇ ਕਿਸੇ ਨਾਲਾਇਕ ਨੂੰ ਬਾਹਲਾ ਡਰ ਸੀ, ਨਾ ਕੋਈ ਇਸ ਸਜ਼ਾ ਤੋਂ ਬਚਣ ਲਈ ਬਾਹਲਾ ਪੜ੍ਹਦਾ। ਮੇਰੇ ਨਾਲ ਇਕ ਲੰਮਾ ਜਿਹਾ ਮੁੰਡਾ ਅੱਤਰੂ ਵਿਹਲੇ ਵੇਲੇ ਆਪਣੇ ਹੱਥ ਉੱਤੇ ਆਪ ਸੋਟੀਆਂ ਮਾਰ ਕੇ ਉਨ੍ਹਾਂ ਨੂੰ ਪੱਕੇ ਕਰਦਾ ਰਹਿੰਦਾ ਤਾਂਕਿ ਸਜ਼ਾ ਬੇਅਸਰ ਹੋ ਜਾਵੇ।

6ਕੁ ਮੀਲ ਦੇ ਘੇਰੇ ਵਿਚ ਇਕੱਲਾ ਮਾਜਰੀ ਸਕੂਲ ਸੀ। ਲਾਗਲੇ ਪਿੰਡਾਂ ਨੂਨਾਵਾਲਾ ਤੇ ਘਮੰਡਪੁਰ ਦੇ ਬੱਚੇ ਵੀ ਮਾਜਰੀ ਹੀ ਪੜ੍ਹਨ ਆਉਂਦੇ। ਉਨ੍ਹਾਂ ਜਿਸ ਦਿਨ ਛੁੱਟੀ ਮਾਰਨੀ ਹੁੰਦੀ ਹਾਥੀਆਂ ਦਾ ਬਹਾਨਾ ਬਣਾ ਕੇ ਸਾਰਾ ਦਿਨ ਰਾਹ ਵਿਚ ਖੇਡ ਕੇ ਘਰ ਮੁੜ ਜਾਂਦੇ। ਇਸ ਬਹਾਨੇ ਨੂੰ ਮਾਅਕੂਲ ਉਜਰ ਮੰਨਿਆ ਜਾਂਦਾ ਸੀ। ਮੇਰੇ ਸਕੂਲ ਵਿਚ 2 ਮਾਸਟਰ ਸੀ। ਇਕ ਮਾਸਟਰ ਲਈ ਸਕੂਲ ਵਿਚ ਰਹਿਣ ਦਾ ਇੰਤਜ਼ਾਮ ਸੀ। 2-3 ਵਾਰ ਮਾਸਟਰ ਜੀ ਲਈ ਬਾਲਣ ਲੈਣ ਲਈ ਸਾਰਾ ਸਕੂਲ ਜਾਖਣ ਪਾਰ ਦੇ ਜੰਗਲ ਵਿਚ ਜਾਂਦਾ। ਇਹ ਬੜਾ ਉਤਸ਼ਾਹ ਵਾਲਾ ਦਿਨ ਹੁੰਦਾ। ਜਾਖਣ ਵਿਚ ਪੱਥਰ ਉਲਟਾਏ ਜਾਂਦੇ। ਬਿੱਛੂ ਕੱਢੇ 'ਤੇ ਮਾਰ ਜਾਂਦੇ। ਮੈਂ ਭਾਂਵੇਂ ਲੱਕੜੀਆਂ ਚੁੱਕ ਕੇ ਕਦੀ ਨਾ ਲਿਆ ਸਕਿਆ ਪਰ ਸੁੱਕੇ ਟਾਹਣੇ ਵਗੈਰਾ ਤੋੜਨ ਵਿਚ ਮੈਂ ਪੂਰੀ ਮਦਦ ਕਰਦਾ ਸੀ। ਪਿੰਡ ਤੋਂ ਮੀਲ ਭਰ ਜੰਗਲ ਵਾਲੇ ਪਾਸੇ ਜਾਖਣ ਕੰਢੇ ਸ਼ੰਕਰ ਬੌਲੇ ਦਾ ਡੇਰਾ ਸੀ ਜੋ 3 ਕੁ ਛੋਟੇ-ਛੋਟੇ ਛੱਪਰਾਂ ਵਿਚ ਇਕੱਲਾ ਇਸ ਬੀਆਬਾਨ ਵਿਚ ਰਹਿੰਦਾ ਸੀ। ਇਕ ਛੱਪਰ ਵਿਚ ਉਸ ਲੱਕੜ ਦੀਆਂ ਕੁਝ ਚਰਖੜੀਆਂ ਬਣਾਈਆਂ ਹੁੰਦੀਆਂ ਸੀ ਜੋ ਅਸੀਂ ਉਸ ਤੋਂ ਇਜਾਜ਼ਤ ਲੈ ਕੇ ਚਲਾਉਂਦੇ। ਸ਼ੰਕਰ ਬੌਲਾ ਕਾਫ਼ੀ ਬੁੱਢਾ ਸੀ। ਉਹ ਬੋਲ ਨਹੀਂ ਸੀ ਸਕਦਾ। ਸਾਨੂੰ ਉਸ ਕੋਲੋਂ ਡਰ ਨਹੀਂ ਸੀ ਆਉਂਦਾ। ਲੋਕਾਂ ਦਾ ਖ਼ਿਆਲ ਸੀ ਕਿ ਉਹ ਬਾਹਲਾ ਪੜ੍ਹਾ ਕੇ ਕਮਲਾ ਹੋਇਆ ਸੀ। ਮੈਨੂੰ ਉਸਦੀ ਕੰਢੇ ਟੁੱਟੇ ਵਾਲੀ ਪਾਣੀ ਦੀ ਘੜੀ ਦੇਖ ਕੇ ਉਸ ਉੱਤੇ ਬੜਾ ਤਰਸ ਆਉਂਦਾ ਸੀ।

ਮੇਰੇ ਚੌਥੀ ਕਰਨ ਤੋਂ 2 ਸਾਲ ਪਹਿਲਾਂ ਹੀ ਡੋਈਵਾਲੇ ਵਿਚ ਸੱਤਵੀਂ (ਜਿਸਨੂੰ ਮਿਡਲ ਕਹਿੰਦੇ ਸੀ) ਤੱਕ ਦੀ ਪੜ੍ਹਾਈ ਦਾ ਇੰਤਜ਼ਾਮ ਹੋ ਚੁੱਕਾ ਸੀ। ਮੈਂ ਆਪਣੇ 2 ਸਾਥੀਆਂ ਨਾਲ ਡੋਈਵਾਲੇ ਪੰਜਵੀਂ ਵਿਚ ਦਾਖ਼ਲ ਹੋ ਗਿਆ। 5 ਮੀਲ ਪੈਂਡਾ ਸੀ, ਪੈਦਲ ਆਉਂਦੇ ਜਾਂਦੇ। ਸੌਂਗ ਨਦੀ ਬੂਟ ਲਾਹ ਕੇ ਪਾਰ ਕਰਦੇ। ਸਿਆਲ ਵਿਚ ਔਖਾ ਸੀ ਪਰ ਕਦੀ ਮੁਸੀਬਤ ਨਾ ਜਾਪਿਆ। ਡੇਢ ਮੀਲ ਰਾਹ ਜੰਗਲ ਦਾ ਸੀ, ਜਿਸ ਵਿਚ ਕੱਤੇ ਤੋਂ ਲੈ ਕੇ ਸਾਰਾ ਸਿਆਲ ਬੇਰ ਰਹਿੰਦੇ। ਉਸ ਤਰ੍ਹਾਂ ਦੇ ਬੇਰ ਮੈਨੂੰ ਪੰਜਾਬ ਦੇ ਮਲ੍ਹਿਆਂ 'ਤੇ ਨਾ ਮਿਲੇ, ਸ਼ਾਇਦ ਬਾਰਿਸ਼ ਦੀ ਵਜ੍ਹਾ ਹੋਵੇ।

ਇਸ ਸਕੂਲ ਵਿਚ ਮੈਂ 2 ਸਾਲ ਪੜ੍ਹਿਆ। ਬਰਾਸਤ ਨੂੰ ਸੌਂਗ ਪਾਰ ਦੇ 6-7 ਮੁੰਡਿਆਂ ਲਈ 2 ਕਮਰਿਆਂ ਦਾ ਇਤਜ਼ਾਮ ਹੋ ਜਾਂਦਾ, ਸਕੂਲ ਦਾ ਚਪੜਾਸੀ ਸ਼ਾਮ ਲਾਲ, ਰਸੋਈਆ ਹੁੰਦਾ। ਇਨ੍ਹਾਂ ਕਮਰਿਆਂ ਨੂੰ ਬੋਰਡਿੰਗ ਕਿਹਾ ਜਾਂਦਾ ਸੀ। ਮੈਂ ਛੇਵੀਂ ਵਿਚ ਸੀ, ਰੱਖੜੀਆਂ ਦੀਆਂ ਛੁੱਟੀਆਂ ਨੂੰ ਸੌਂਗ ਵਿਚ ਬੜਾ ਪਾਣੀ ਸੀ। ਕੁਝ ਮੁੰਡਿਆਂ ਨੂੰ ਆਸ ਸੀ ਕਿ ਉਨ੍ਹਾਂ ਦੇ ਘਰ ਵਾਲੇ ਉਨ੍ਹਾਂ ਲਈ ਹਾਥੀ 'ਤੇ ਸੌਂਗ ਪਾਰ ਕਰਨ ਦਾ ਪ੍ਰਬੰਧ ਕਰਨਗੇ। ਮੈਂ ਸਵੇਰੇ ਹੀ ਸੌਂਗ ਕੱਢੇ ਪਹੁੰਚ ਗਿਆ ਅਤੇ ਠੀਕ ਜਿਹਾ ਥਾਂ ਦੇਖ ਕੇ ਠਿੱਲ੍ਹ ਪਿਆ। ਮੈਂ ਖ਼ਤਰਨਾਕ ਝਾਲ ਤੋਂ 10-12 ਫੁੱਟ ਉੱਤੇ ਕਿਨਾਰੇ ਲੱਗ ਗਿਆ। ਹੇਠਾਂ ਝਾਲ ਵੱਲ ਦੇਖ ਕੇ ਮੈਨੂੰ ਕਾਂਬਾ ਲੱਗਾ, ਬਹੁਤ ਚਿਰ ਕੰਢੇ ਤੇ ਬੈਠਾ ਰਿਹਾ। ਇਸੇ ਤਰ੍ਹਾਂ ਦਾ ਖ਼ਤਰਨਾਕ ਸਬਬ ਫਿਰ ਇਕ ਵਾਰ ਹੜ੍ਹ ਵਿਚ ਕਾਲੀ ਵੇਈਂ ਤਰਦਿਆਂ ਲੱਗਾ। ਮਲਾਹ ਨੇ ਮੈਨੂੰ ਰੁੜ੍ਹਦਾ ਵੇਖ ਦੇ ਬਚਾ ਲਿਆ।

ਮੈਂ ਛੇਵੀਂ ਵਿਚ ਸੀ ਤੇ ਦੇਸ਼ ਆਜ਼ਾਦ ਹੋ ਗਿਆ। 15 ਅਗਸਤ ਦੇ ਜਲੂਸ ਵਿਚ ਸਾਡਾ ਸਕੂਲ ਸਭ ਤੋਂ ਅੱਗੇ ਸੀ -



ਯੇਹ ਝੰਡੇ ਹਮਾਰੇ ਲਹਿਰਾਤੇ ਰਹੇਂਗੇ
ਸਦਾ ਵਤਨ ਕੀ ਜੈ ਮਨਾਤੇ ਰਹੇਂਗੇ
ਕਭੀ ਵਕਤ ਆਇਆ ਜੋ ਕੁਰਬਾਨਿਓਂ ਕਾ
ਤੋਂ ਸਰ ਭੀ ਵਤਨ ਪਰ ਕਟਾਤੇ ਰਹੇਂਗੇ।

ਇਹ ਗੀਤ ਗਾਉਂਦੇ ਅਸੀਂ ਪਿੰਡ-ਪਿੰਡ ਫਿਰਦੇ ਰਹੇ।

ਮੈਂ ਛੇਵੀਂ ਪਾਸ ਕੀਤੀ ਤਾਂ ਸਾਨੂੰ ਤਿੰਨਾਂ ਭੈਣ-ਭਰਾਵਾਂ ਨੂੰ ਪੰਜਾਬ ਮੁੰਤਕਲ ਹੋਣਾ ਪਿਆ। ਸਾਡੀ ਲਾਇਲਪੁਰ ਵਾਲੀ ਜ਼ਮੀਨ ਰਿਆਸਤ ਕਪੂਰਥਲਾ ਵਿਚ ਹੁਸੈਨਪੁਰ ਨਾਂ ਦੇ ਪਿੰਡ ਵਿਚ ਅਲਾਟ ਹੋ ਗਈ ਸੀ। ਇਹ ਪਿੰਡ ਮੇਰੇ ਨਾਨਕੇ ਪਿੰਡ ਖੇੜਾ ਦੋਨਾ ਦੇ ਐਨ ਨਾਲ ਲੱਗਦਾ ਸੀ ਤੇ ਮੇਰੇ ਮਾਮਾ ਜੀ, ਜੋ ਲੈਂਡ ਰਿਕਾਰਡ ਦੇ ਡਾਇਰੈਕਟਰ ਹੋ ਗਏ ਸੀ, ਸਾਨੂੰ ਆਪਣੇ ਲਾਗੇ ਰੱਖਣ ਲਈ ਇਹ ਅਲਾਟਮੈਂਟ ਕਰਾਈ ਸੀ। ਮਹਾਰਾਜਾ ਕਪੂਰਥਲੇ ਦਾ ਮੀਰੇਸ਼ਿਕਾਰ ਚਰਾਗ ਹੁਸੈਨ ਵਾਲਾ ਵੱਡਾ ਸਾਰਾ ਕੁਝ ਛੱਤਿਆ, ਕੁਝ ਅਣਛੱਤਿਆ ਘਰ ਸਾਨੂੰ ਅਲਾਟ ਹੋ ਗਿਆ। ਘਰ ਦੇ ਚੜ੍ਹਦੇ ਪਾਸੇ ਸਟੇਸ਼ਨ ਸੀ। ਸੁਲਾਤਨਪੁਰ ਲੋਧੀ ਵਾਲੀ ਸੜਕ ਅਤੇ ਰੇਲ ਪੱਟੜੀ ਨਾਲ-ਨਾਲ ਚੱਲਦੀਆਂ ਸੀ। ਅਸੀਂ ਪੌੜੀਆਂ ਵਿਚ ਬੈਠ ਕੇ ਸੜਕ ਤੋਂ ਲੰਘਦੇ ਟ੍ਰੈਫਿਕ ਦਾ ਨਜ਼ਾਰਾ ਵੇਖਦੇ। ਇਸ ਪਾਸੇ ਦੋਨੇ ਦਾ ਇਲਾਕਾ ਸੀ, ਦੂਰ ਤੱਕ ਕਾਹੀ ਹੀ ਕਾਹੀ ਦਿਸਦੀ ਸੀ। ਅੱਸੂ ਮਹੀਨੇ ਸਵੇਰ-ਸ਼ਾਮ ਅਤੇ ਚਾਨਣੀ ਰਾਤ ਵਿਚ ਇਹ ਮੰਜ਼ਰ ਬੜਾ ਜਾਦੂਮਈ ਹੁੰਦਾ। ਇਕ ਵਕਤ ਉਹ ਵੀ ਆਇਆ ਜਦੋਂ ਮੈਨੂੰ ਇਸ ਮੰਜ਼ਰ ਦੀ ਫ਼ਿਲਮੀ ਕੀਮਤ ਦਾ ਅਹਿਸਾਸ ਹੋਇਆ 'ਤੇ ਪਿੱਛੋਂ ਮੈਂ ਇਸਨੂੰ ਸੱਤਿਆਜੀਤ ਰੇ ਦੀ ਫ਼ਿਲਮ ਵਿਚ ਸਾਕਾਰ ਵੀ ਦੇਖਿਆ।

ਮੈਂ ਦਸਵੀਂ ਰਣਧੀਰ ਹਾਈ ਸਕੂਲ, ਸ਼ਹਿਰ ਕਪੂਰਥਲਾ ਤੋਂ ਕੀਤੀ। ਪਹਿਲੋਂ ਮੈਂ ਵੱਡੇ ਭਰਾ ਪਿੱਛੇ ਸਾਈਕਲ ਉੱਤੇ ਸਕੂਲ ਜਾਂਦਾ ਰਿਹਾ। ਫਿਰ ਵੱਡੇ ਭਰਾ ਦੇ ਦੋਸਤ ਚਰਨ ਦੇ ਭਰਾ ਸਵਰਨ ਪਿੱਛੇ ਬੈਠ ਕੇ ਜਾਣ ਲੱਗਾ। ਸਵਰਨ ਮੇਰੇ ਨਾਲੋਂ ਇੱਕ ਜਮਾਤ ਪਿੱਛੇ ਸੀ, ਸਿਹਤਮੰਦ ਸੀ, ਸਾਈਕਲ ਖ਼ੂਬ ਚਲਾਉਂਦਾ ਸੀ। ਮੈਂ ਸਾਈਕਲ ਚਲਾਉਣਾ ਸਿੱਖਿਆ ਪਰ ਚਲਾਉਣਾ ਨਹੀਂ ਪਿਆ। ਪੜ੍ਹਾਈ ਬਾਰੇ ਐਨੀ ਗੱਲ ਹੈ ਕਿ ਮੈਨੂੰ ਕੁਝ ਵੀ ਪੜ੍ਹਨਾ ਮੁਸ਼ਕਿਲ ਨਹੀਂ ਲੱਗਾ ਤੇ ਮੈਂ ਕਦੀਂ ਮਿਹਨਤ ਨਹੀਂ ਕੀਤੀ। ਮੈਂ ਕਦੀਂ ਕਿਸੇ ਡਿਬੇਟ ਵਗੈਰਾ ਵਿਚ ਹਿੱਸਾ ਨਹੀਂ ਲਿਆ। ਪਰ ਇੱਕ ਸੱਚ ਵਰਗਾ ਭਰਮ ਸਦਾ ਮੇਰੇ ਨਾਲ-ਨਾਲ ਰਿਹਾ ਏ ਕਿ ਮੈਂ ਬਹੁਤ ਵੱਡਾ ਤਕਰੀਰਬਾਜ਼ ਬਣ ਸਕਦਾ ਸੀ।

ਰਣਧੀਰ ਹਾਈ ਸਕੂਲ ਅਤੇ ਰਣਧੀਰ ਕਾਲਜ ਨਾਲ-ਨਾਲ ਸੀ। ਨਵੇਂ ਥਾਂ ਜਾਣ ਵਾਲੀ ਕੋਈ ਗੱਲ ਨਹੀਂ ਸੀ। ਮੈਂ ਮੈਡੀਕਲ ਗਰੁੱਪ ਵਿਚ ਦਾਖਲਾ ਲਿਆ। ਮੇਰੇ ਮਾਮਾ ਜੀ ਮੈਨੂੰ ਡਾਕਟਰ ਸਾਹਿਬ ਕਹਿੰਦੇ ਸੀ। ਇਹ ਪੇਸ਼ਾ ਸ਼ਾਇਦ ਉਨ੍ਹਾਂ ਦਾ ਸੁਪਨਾ ਰਿਹਾ ਹੋਵੇ। ਲਾਹੌਰ ਤੋਂ ਬੀ. ਐਸ. ਸੀ. ਕਰਕੇ ਉਹ ਮਹਾਰਾਜਾ ਕਪੂਰਥਲਾ ਦੇ ਏ. ਡੀ. ਸੀ. ਫਿਰ ਮੁਸਾਹਬ 'ਤੇ ਆਨਰੇਰੀ ਕਪਤਾਨ ਬਣੇ। ਡਾਕਟਰੀ ਇਸ ਵਿਚ ਕਿਤੇ ਗਵਾਚ ਗਈ। ਪਰ ਮੈਂ ਮੈਡੀਕਲ ਸਿਰਫ਼ ਆਪਣੇ ਝੁਕਾਅ ਕਰਕੇ ਲਿਆ, ਪੇਸ਼ੇ ਦੇ ਖ਼ਿਆਲ ਨਹੀਂ ਨਹੀਂ।

ਕਾਲਜ ਦੀ ਖ਼ਾਸ ਗੱਲ ਨਰਿੰਦਰ ਕੁਮਾਰ ਜੋਸ਼ੀ ਨਾਲ ਮੁਲਾਕਾਤ ਸੀ। ਉਹ ਪਟਿਆਲੇ ਤੋਂ ਆਇਆ ਸੀ। ਬੜਾ ਲਾਇਕ ਸੀ। ਉਸਨੂੰ 3 ਵਜ਼ੀਫੇ ਮਿਲੇ ਹੋਏ ਸੀ, ਪੜ੍ਹਨ ਦਾ ਬੇਹੱਦ ਸ਼ੌਕ ਸੀ। ਉਸਨੂੰ ਗੁਰਦੀਪ ਤੋਂ ਬਚ ਕੇ ਰਹਿਣ ਨੂੰ ਕਿਹਾ ਗਿਆ ਸੀ ਤੇ ਉਹ ਕਾਫ਼ਰ ਮੈਨੂੰ ਧਾ ਕੇ ਆ ਮਿਲਿਆ। ਫਿਰ 35 ਸਾਲ ਬਾਅਦ ਕਾਰ ਹਾਦਸੇ ਵਿਚ ਉਸਦੀ ਮੌਤ ਨੇ ਹੀ ਸਾਨੂੰ ਅਲੱਗ ਕੀਤਾ। ਅਸੀਂ ਮਾਰਕਸ ਅਤੇ ਏਂਗਲਸ ਦੀ ਦੋਸਤੀ ਦੇ ਮੱਦਾਹ ਸੀ।

ਜ਼ਿੰਦਗੀ ਜਾਨਣ 'ਤੇ ਪਛਾਣਨ ਨੇ ਸਾਡੇ ਜ਼ਿਹਨਾਂ ਉੱਤੇ ਕਬਜ਼ਾ ਕਰ ਲਿਆ। ਅਸੀਂ ਬੜਾ ਬੇਤਰਤੀਬਾ ਪੜ੍ਹਨਾ ਸ਼ੁਰੂ ਕਰ ਦਿੱਤਾ - ਆਈਡਿਓਲੋਜੀ, ਫਲਸਫਾ, ਸਾਹਿਤ ਅਤੇ ਸਿਆਸਤ ਜੋ ਕੁਝ ਹੱਥ ਲੱਗਦਾ, ਪੜ੍ਹੀ ਜਾਂਦੇ। ਆਜ਼ਾਦੀ ਲਹਿਰ ਦੇ ਦਾਨਸ਼ਵਰਾਂ ਦਾ ਸਾਡੇ ਉੱਤੇ ਅਸਰ ਪੈ ਰਿਹਾ ਸੀ। ਸਾਨੂੰ ਉਸ ਸਮੇਂ ਵਿਚ ਨਾ ਜੀ ਸਕਣ ਦਾ ਗ਼ਮ ਜਿਹਾ ਹੋ ਰਿਹਾ ਸੀ। ਇਕ "ਹਾਏ ਹੁਸੈਨ ਹਾਏ ਹਮ ਨਾ ਹੁਏ" ਵਰਗੀ ਹਾਲਤ ਸੀ। ਇਹ ਵਕਤ ਮੇਰੇ ਦਰਦੇ ਦਿਲ ਨਾਲ ਵਾਕਿਫ਼ ਹੋਣ ਦਾ ਵਕਤ ਸੀ।

ਮੈਂ ਕਾਲਜ ਦੀਆਂ ਸੱਭਿਆਚਾਰਕ ਸਰਗਰਮੀਆਂ ਵਿਚ ਕਦੀ ਹਿੱਸਾ ਨਹੀਂ ਲਿਆ। ਕਾਲਜ ਵਿਚ ਕਿਸੇ ਸ਼ਖ਼ਸੀਅਤ ਨੇ ਮੈਨੂੰ ਮੁਤਾਸਰ ਨਹੀਂ ਕੀਤਾ ਜਦੋਂ ਕਿ ਮੇਰੇ ਵਿਚ ਈਗੋ ਜਾਂ ਸੁਪੀਰੀਓਰਿਟੀ ਭਾਵਨਾ ਨਾਂ ਲੈਣ ਨੂੰ ਵੀ ਨਹੀਂ। ਮੇਰੇ ਵਿਚ ਆਪਣੇ ਆਪ ਵੱਲ ਪਰਲੇ ਦਰਜੇ ਦੀ ਅਣਗਹਿਲੀ ਹੈ, ਇਕ ਬੇਵਾਸਤਗੀ ਹੈ। ਪੈਸੇ ਵੱਲ ਜਾਂ ਆਪਣੇ ਹੋਰ ਹਿੱਤਾਂ ਵੱਲ ਮੇਰੇ ਇਸ ਵਤੀਰੇ ਨੇ ਕੁਝ ਨੁਕਸਾਨ ਵੀ ਕੀਤਾ। ਪਰ ਹਾਲੀਂ ਵੀ

ਖ਼ੁਦਾ ਇਸ ਮੁਸਲਮਾਨ ਨੂੰ ਰੋਟੀ ਦੇ ਰਿਹਾ ਹੈ।

ਮੈਂ ਕਾਲਜ ਦੇ ਦਿਨਾਂ ਵਿਚ ਸਿਰਫ਼ ਦੋ ਕਹਾਣੀਆਂ ਲਿਖੀਆਂ, ਉਹ ਵੀ ਅੰਗਰੇਜ਼ੀ ਵਿਚ। ਕਹਾਣੀ 'ਆਊਟਸਾਈਡਰ' ਪੜ੍ਹ ਕੇ ਪ੍ਰਿੰਸੀਪਲ ਕਾਕ ਸਾਹਿਬ ਨੇ ਮੈਨੂੰ ਸੱਦਿਆ। ਉਨ੍ਹਾਂ ਨੂੰ ਸ਼ਾਇਦ ਆਪਣੇ ਕਾਲਜ ਦੀ ਯਾਦ ਆਈ ਹੋਵੇ। ਉਨ੍ਹਾਂ ਕਹਾਣੀ ਦੀ ਸਿਫ਼ਤ ਕੀਤੀ ਤੇ ਮੈਨੂੰ ਕਮਿਊਨਿਸਟਾਂ ਨਾਲ ਫਿਰਨੋਂ ਵਰਜਿਆ। ਇਹ ਦਾਦ ਪ੍ਰਿੰਸੀਪਲ ਦੇ ਦਫ਼ਤਰ ਵਿਚ ਹੀ ਰਹਿ ਗਈ। ਮੇਰੇ ਨਾਲ ਬਾਹਰ ਵੀ ਨਾ ਆਈ, ਮੈਂ ਇਸਦਾ ਕਦੀ ਕਿਤੇ ਭੋਗ ਨਾ ਪਾਇਆ।

ਕਾਲਜ ਵਿਚ ਮੈਂ ਕੋਈ ਸ਼ਾਇਰੀ ਨਹੀਂ ਕੀਤੀ। ਓਦਾਂ "ਮਿਜ਼ਾਜ ਲੜਕਪਨ ਸੇ ਸ਼ਾਇਰਾਨਾ ਹੈ ਮੇਰਾ" ਵਾਲੀ ਗੱਲ ਸੀ। ਸਾਡੇ ਬਹੁਤ ਨੇੜੇ ਦਾ ਇਕ ਮੁੰਡਾ ਜੋ ਦਰਦੇ-ਜਿਗਰ ਤੋਂ ਦੂਰ ਰਹਿ ਕੇ ਦਰਦੇਜਿਗਰ ਦੀ ਗੱਲ ਕਰਦਾ ਸੀ ਅਤੇ ਕਿਸੇ ਵੇਲੇ ਵੀ ਵਾਲਹਾਨਾ ਤੌਰ 'ਤੇ ਇਸ਼ਕ, ਇਸ਼ਕ, ਇਸ਼ਕ ਦਾ ਨਾਹਰਾ ਲਗਾਉਂਦਾ ਸੀ। ਉਸਦਾ ਮਜ਼ਾਕ ਉਡਾਉਣ ਲਈ ਮੈਂ ਕੁਝ ਬੋਲ ਕਹੇ ਜਿਸਦਾ ਅਰੰਭ "ਮੇਰੇ ਘੁਟਨੋਂ ਮੇਂ ਦਰਦੇ ਜਿਗਰ ਹੋ ਰਹਾ ਹੈ।" ਮੈਂ ਜੋ ਕਦੀਂ ਕੁਝ ਕਿਹਾ, ਕਿਸੇ ਨੂੰ ਸੁਣਾਇਆ ਨਹੀਂ। ਇਸ ਪਾਸੇ ਹੁਣ ਥੋੜ੍ਹੀ ਜਿਹੀ ਰੁਚੀ ਹੋਈ ਹੈ। ਉਹ ਵੀ ਇਹ ਦੇਖਣ ਲਈ ਕਿ ਕਿਸੇ ਨੂੰ ਗੱਲ ਦਾ ਪਤਾ ਵੀ ਲੱਗਦਾ ਹੈ ਕਿ ਨਹੀਂ। ਪਾਠਕ ਦੇ ਮਗਰ ਪੈ ਕੇ ਸ਼ਾਇਰੀ ਸੁਣਾਉਣ ਵਾਲੇ ਕਵੀ ਸ਼ਾਇਦ ਦਾਦ ਲਈ ਸ਼ਾਇਰੀ ਕਰਦੇ ਹੋਣ। ਪਰ ਦਾਦ, ਵਾਹ-ਵਾਹ, ਤਾਲੀਆਂ ਵਗੈਰਹ ਕੁਝ ਵੀ ਚੰਗੀ ਸ਼ਾਇਰੀ ਦੇ ਹਿੱਸੇ ਨਹੀਂ ਆਉਂਦਾ। ਜੇ ਸ਼ਾਇਰੀ ਕਿਸੇ ਪਾਠਕ ਨੂੰ ਦੋ ਪੁਰਕੈਫ਼ ਲਮਹੇਂ ਦਿੰਦੀ ਏ ਜਾਂ ਉਸ ਲਈ ਜ਼ਿੰਦਗੀ ਥੋੜ੍ਹੀ ਜਿਹੀ ਪਿਆਰੀ ਬਣਾ ਦਿੰਦੀ ਏ, ਉਹ ਆਦਮੀ ਤਾਲੀਆਂ ਜ਼ਰੂਰ ਨਹੀਂ ਵਜਾਵੇਗਾ।

ਕਾਲਜ ਦੀ ਜ਼ਿੰਦਗੀ, ਸਕੂਲ ਦਾ ਇਕ ਸਿਲਸਿਲਾ ਨਹੀਂ ਸੀ। ਇਹ ਇਕ ਨਹੀਂ ਵੱਖਰੀ ਦੁਨੀਆਂ ਸੀ। ਕੁਝ ਆਜ਼ਾਦੀ, ਕੁਝ ਆਪਣੇ ਆਪ ਲਈ ਜ਼ਿੰਮੇਵਾਰ ਹੋਣ ਦਾ ਅਹਿਸਾਸ ਪੈਦਾ ਹੋਣਾ ਜ਼ਿੰਦਗੀ ਦੇ ਇਸ ਪੜਾਅ ਦਾ ਵੱਖਰਾਪਣ ਸੀ। ਕਾਲਜ ਵਿਚ ਮੇਰੇ ਅੰਦਰ ਆਪਣੀ ਸੋਚ ਪੈਦਾ ਹੋਣ ਲੱਗੀ। ਮੇਰੀ ਜ਼ਿਹਨੀ ਬਲਾਗਤ ਕਰੂੰਬਲਾਂ ਕੱਢਣ ਲੱਗੀ। ਕਾਲਜ ਦਾ ਮਾਹੌਲ ਸਾਡੇ ਇੰਟਰ-ਕਾਲਜਾਂ ਵਿਚ ਦਸਤਯਾਬ ਨਹੀਂ।

ਐਫ. ਐਸ. ਸੀ. ਕਰਕੇ ਮੈਂ ਪੋਲੀਟੀਕਲ ਸਾਇੰਸ ਅਤੇ ਪੰਜਾਬੀ ਨਾਲ ਬੀ. ਏ. ਵਿਚ ਦਾਖ਼ਲਾ ਲਿਆ। ਪੋਲੀਟੀਕਲ ਸਾਇੰਸ ਦੇ ਸੰਕਲਪਾਂ ਤੋਂ ਮੈਂ ਖਾਸਾ ਵਾਕਿਫ਼ ਸੀ। ਪੰਜਾਬੀ ਵਿਚ ਬਹੁਤ ਕੁਝ ਸਿਖਾਇਆ, ਪੜ੍ਹਾਇਆ ਜਾਂਦਾ ਨਜ਼ਰ ਨਾ ਆਇਆ। ਸਾਲ ਪਿੱਛੋਂ ਹੀ ਮੈਂ ਜਲੰਧਰ "ਨਵਾਂ ਜ਼ਮਾਨਾ" ਅਖ਼ਬਾਰ ਵਿਚ ਪਹੁੰਚ ਗਿਆ।

"ਨਵਾਂ ਜ਼ਮਾਨਾ" ਵਿਚ ਸੁਰਜਨ ਜ਼ੀਰਵੀ ਸਭ ਤੋਂ ਵੱਧ ਖ਼ਲੂਸ ਨਾਲ ਮਿਲਿਆ। ਉਸ ਮੇਰੇ ਪਤਲਾ ਹੋਣ ਉੱਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਤੇ ਕਿਹਾ ਮੇਰੀ ਕਮਜ਼ੋਰੀ ਤੋਂ ਉਸਨੂੰ ਤਾਕਤ ਮਿਲੀ ਹੈ। "ਨਵਾਂ ਜ਼ਮਾਨਾ" ਰੇਲਵੇ ਰੋਡ ਉੱਤੇ ਭਗਵਾਨ ਦਾਸ ਬਿਲਡਿੰਗ ਵਿਚ ਸੀ। ਉੱਤੇ ਐਡੀਟਰ, ਹੇਠਾਂ ਛਾਪਾਖ਼ਾਨਾ।

ਪੌੜੀਆਂ ਚੜ੍ਹਦੇ ਹੀ ਖੱਬੇ ਹੱਥ ਝਲਿਆਨੀ ਜਿਹੀ ਸੀ। ਜਿੱਥੇ ਕਾਮਰੇਡ ਭਲਵਾਨ ਚਾਹ ਵੀ ਬਣਾਉਂਦਾ ਦੇਸ਼ ਭਗਤ ਯਾਦਗਾਰ ਰਸੋਈ ਤੋਂ ਬਣ ਕੇ ਆਇਆ ਖਾਣਾ ਵੀ ਰੱਖਦਾ ਤੇ ਅਸੀਂ ਉਸ ਵਿਚ ਨਹਾਉਂਦੇ ਵੀ। ਅਖ਼ਬਾਰ ਕੋਲ ਕੁੱਲ 5 ਕਮਰੇ ਸੀ। ਪਹਿਲਾ ਮੈਨੇਜਰ ਦਾ, ਦੂਸਰਾ ਰਿਸੈਪਸ਼ਨ, ਫਿਰ ਐਡੀਟਰਾਂ ਦਾ ਦਫ਼ਤਰ, ਅੱਗੇ ਇੱਕ ਪੁੱਠੀ ਐਲ ਲਾਇਬਰੇਰੀ ਜਿਸ ਵਿਚ ਮੰਜੇ ਵੀ ਹੁੰਦੇ ਅਤੇ ਕਾਰਡਬੋਰਡ ਪਾਰਟੀਸ਼ਨ ਕਰਕੇ ਚੀਫ਼ ਐਡੀਟਰ ਸੋਹਣ ਸਿੰਘ ਜੋਸ਼ ਸਾਹਿਬ ਦਾ ਸਬ ਕਮਰਾ। ਹੋਰ ਅੱਗੇ ਇਕ ਵੱਡਾ ਸਾਰਾ ਕਮਰਾ, ਜਿਸ ਅੱਗੇ ਟੀਨ ਦਾ ਬਰਾਮਦਾ ਅਤੇ ਸਾਹਮਣੇ ਖੁੱਲੀ ਛੱਤ ਸੀ। ਇਸ ਸਾਰੇ ਦੀ ਪਹੁੰਚ ਸੜਕ ਵਾਲੇ ਪਾਸੇ ਨਾਲ-ਨਾਲ 5 ਫੁੱਟ ਬਰਾਂਡਾਨੁਮਾ ਛੱਤੀ ਹੋਈ ਗੈਲਰੀ ਜਿਹੀ ਸੀ। ਐਡੀਟਰਾਂ ਦੇ ਕੰਮ ਕਰਨ ਦੀ ਜਗ੍ਹਾ ਇਕ ਆਂਡਾਨੁਮਾ ਮੇਜ਼ ਸੀ। ਜਿਸ ਗਿਰਦ 8-10 ਬੰਦੇ ਬੈਠ ਸਕਦੇ ਸੀ। ਇਸ ਉੱਤੇ ਇਕ ਵੱਡਾ ਸਾਰਾ ਰੇਡੀਓ ਪਿਆ ਹੁੰਦਾ ਸੀ ਤੇ ਉਹ ਹਰ ਵੇਲੇ ਔਨ ਰਹਿੰਦਾ, ਅਕਸਰ ਘਰੜ-ਘਰੜ ਕਰਦਾ ਅਤੇ ਉੱਤੇ ਜ਼ੋਰ ਦੀ ਹੱਥ ਮਾਰਨ ਨਾਲ ਸੁਰ ਸਿਰ ਬੋਲਣ ਲੱਗਦਾ। ਬਿਲਡਿੰਗ ਵਿਚ ਰਹਿਣ ਵਾਲੇ ਸਾਰੇ ਕਾਮਰੇਡ ਸਵੇਰ ਦੀ ਚਾਹ ਕਾਮਨਰੂਮ ਵਿਚ ਪੀਂਦੇ। ਕਾਮਰੇਡ ਭਲਵਾਨ ਰੈਡ ਲੇਬਲ ਦੀ ਚਾਹ ਬਣਾਉਂਦਾ ਜੋ ਬਜ਼ਾਰ ਦੀ ਚਾਹ ਤੋਂ ਬਹੁਤ ਚੰਗੀ ਹੁੰਦੀ। ਅਖ਼ਬਾਰਾਂ ਪੜ੍ਹੀਆਂ ਜਾਂਦੀਆਂ, ਤਬਸਰੇ ਹੁੰਦੇ। ਨੋਕ-ਝੋਕ, ਹਾਜ਼ਰ-ਜਵਾਬੀਆਂ ਦੇ ਦਰਮਿਆਨ ਉਸ ਵੇਲੇ ਸਾਡਾ ਪੈਰ ਦਾਨਸ਼ਵਰੀ ਵਿਚ ਹੁੰਦਾ।

"ਨਵਾਂ ਜ਼ਮਾਨਾ" ਵਿਚ ਗੁਰਬਖਸ਼ ਸਿੰਘ ਬੰਨੋਆਣਾ ਜੋ ਘਰੋਂ ਆਉਂਦਾ ਸਾਦਗੀ ਦਾ ਮੁਜੱਸਮਾ ਸੀ।



ਗੜਗੱਜ (ਅਰਜਨ ਸਿੰਘ) ਜੀ ਕੋਲ ਸਿਆਣਪ ਸੀ, ਜੋਸ਼ ਸਾਹਿਬ ਕੋਲ ਵਿਦਵਤਾ ਤੇ ਗਿਆਨ ਦਾ ਭੰਡਾਰ, ਮੇਰੇ ਹਮਉਮਰ ਸੁਖਦੇਵ ਸਿੰਘ ਕੋਲ (ਜੋ ਪਿੱਛੋਂ ਟ੍ਰਿਬਿਊਨ ਵਿਚ ਚਲਾ ਗਿਆ) ਸਖ਼ਤ ਖ਼ਿਆਲੀ ਦੇ ਜ਼ੀਰਵੀ ਬੋਲ ਜ਼ਰਾਫ਼ਤ ਸੀ।

ਸਾਡੇ ਅਖ਼ਬਾਰ ਵਿਚ ਇਕ ਬੜੀ ਖ਼ੂਬਸੂਰਤ ਰਸਮ ਸੀ। ਸ਼ਾਇਦ ਇਹ ਗਰਮੀਆਂ ਵਿਚ ਏਕਾਦਸ਼ੀ ਦਾ ਦਿਨ ਹੁੰਦਾ। ਖਰਬੂਜਿਆਂ ਦਾ ਇਕ ਟੋਕਰਾ ਆਉਂਦਾ, ਸਾਰਾ ਸਟਾਫ਼ ਇਕੱਠਾ ਹੁੰਦਾ। ਹਰ ਮੈਂਬਰ ਵਾਰੀ ਸਿਰ ਇਕ ਖਰਬੂਜ਼ਾ ਚੁਣਦਾ ਜੋ ਫਾੜੀ-ਫਾੜੀ ਕਰਕੇ ਵੰਡਿਆ ਜਾਂਦਾ। ਇਸ ਤਰ੍ਹਾਂ ਦੇ ਮੌਕੇ 'ਤੇ ਇਕ ਵਾਰ ਮੇਰੀ ਵਾਰੀ ਵੀ ਆਈ। ਮੈਂ ਬਿਨਾਂ ਪਰਖੇ ਪਛਾਣੇ ਜਿਹੜਾ ਹੱਥ ਆਇਆ ਖਰਬੂਜਾ ਚੁੱਕ ਲਿਆ। ਜੋਸ਼ ਸਾਹਿਬ ਮੁਸਕਰਾਏ ਅਤੇ ਕਿਹਾ, "ਨੌਜਵਾਨ ਜੇ ਕਦੀ ਖਰਬੂਜਿਆਂ ਦੇ ਵਾੜੇ ਵਿਚ ਗਏ ਹੋਣ ਤਾਂ ਹੀ ਖਰਬੂਜੇ ਦੀ ਪਛਾਣ ਹੋਵੇ ਨਾ।" ਖਰਬੂਜਾ ਵੰਡਿਆ ਗਿਆ। ਕਿਸੇ ਨੇ ਮੇਰੀ ਚੋਣ ਨੂੰ ਲੱਕੀ, ਕਿਸੇ ਨੇ ਖ਼ੁਸ਼ਜ਼ਾਇਕਾ ਕਿਹਾ। ਜੋਸ਼ ਸਾਹਿਬ ਦੀ ਵਾਰੀ ਆਈ, ਉਨ੍ਹਾਂ ਕਈ ਖਰਬੂਜ਼ੇ ਸੁੰਘ-ਸੁੰਘ ਦੇਖੇ ਤੇ ਅਖ਼ੀਰ ਇਕ ਹਰੀਆਂ ਧਾਰੀਆਂ ਵਾਲਾ ਚੱਪਣ ਕੱਦੂ ਵਰਗਾ ਖਰਬੂਜ਼ਾ ਚੁਣਿਆ। ਖਰਬੂਜ਼ਾ ਚੀਰ ਹੋਇਆ, ਵਰਤਾ ਹੋਇਆ, ਕਿਹਾ ਕਿਸੇ ਨੇ ਕੁਝ ਨਾ ਅਤੇ ਅਖ਼ੀਰ ਇਕ ਉੱਚਾ ਕਹਿਕਹਾ ਗੂੰਜਿਆ। ਖਰਬੂਜ਼ਾ ਹੁਣ ਤੱਕ ਵੱਡੇ ਗਏ ਸਾਰੇ ਖਰਬੂਜ਼ਿਆਂ ਵਿਚੋਂ ਬੇਸੁਆਦ ਸੀ।

"ਨਵਾਂ ਜ਼ਮਾਨਾ" ਵਿਚ ਮੇਰਾ ਤਸੱਵਰ ਬਾਲਗ ਹੋਇਆ। ਮਹਿਫ਼ਲ ਦੇ ਤਸੱਵਰ ਨਾਲ ਅਪੱਣਤ ਹੋਈ। ਮਹਿਫ਼ਲ ਤੋਂ ਦੂਰੀ ਨੂੰ ਤਨਹਾਈ ਦਾ ਨਾਂ ਦੇਣਾ ਸ਼ੁਰੂ ਕੀਤਾ। ਤਨਹਾਈ ਦਾ ਰੁਮਾਂਸ ਦਿਲ ਵਿਚ ਪਲਣ ਲੱਗਾ। ਮੇਰੇ ਹਾਲ ਵਿਚ ਕਿਹਾ ਹੋਇਆ ਸ਼ਿਅਰ ਹੈ –

ਮੇਰਾ ਤਨਹਾਈ ਦਾ ਆਪਣਾ ਰੰਗ ਹੈ
ਆਪਣਾ ਹੈ ਰੰਗ ਉਸ ਇਕਰਾਰ ਦਾ।

ਇਹੀ ਤਨਹਾਈ ਸੀ ਜੋ ਇਕ ਮਹਿਸ਼ਰੇ ਖ਼ਿਆਲ ਬਣੀ। ਮੇਰੀ ਜ਼ਿਹਨੀ ਪਰਵਰਿਸ਼ ਇਸਦੇ ਤਹਿਤ ਹੋਈ। ਤਨਹਾਈ ਵਿਚ ਹਿਜਰ ਦੀ ਕੈਫ਼ੀਅਤ ਹੁੰਦੀ ਹੈ। ਇਸਦਾ ਪਤਾ ਮੈਨੂੰ ਬਹੁਤ ਪਿੱਛੋਂ ਜਾ ਕੇ ਲੱਗਾ। ਹੁਣ ਅਜੀਬ ਤਨਹਾਈ ਦੇ ਆਲਮ ਵਿਚ ਜੀ ਰਿਹਾ ਹਾਂ। ਇਰਦ-ਗਿਰਦ ਦੇ ਤਜਰਬਿਆਂ 'ਤੇ ਹਾਦਸਿਆਂ ਨੂੰ ਜਿਵੇਂ ਮੈਂ ਮਹਿਸੂਸ ਕਰਦਾ ਹਾਂ ਉਸ ਤਰ੍ਹਾਂ ਮਹਿਸੂਸ ਕਰਨ ਵਾਲਾ ਕੋਈ ਨਹੀਂ। ਬਸ ਖ਼ਾਮੋਸ਼ੀ ਹੀ ਮੇਰੀ ਰਾਜ਼ਦਾਰ ਹੈ। ਮੇਰੀ ਜ਼ਾਤੀ ਜ਼ਿੰਦਗੀ ਵਿਚ ਕੋਈ ਮਾਰਕਾ ਨਹੀਂ, ਕੋਈ ਵਾਰਦਾਤ ਨਹੀਂ ਜੋ ਕਿਸੇ ਘਾਲਣਾ ਨਾਲ ਮਨਸੂਬ ਹੋ ਸਕੇ। ਮੇਰੀ ਦਾਸਤਾਨ ਕੁਝ ਪੜ੍ਹਨ, ਕੁਝ ਸੋਚਣ ਅਤੇ ਥੋੜ੍ਹਾ ਬਹੁਤ ਕੁਝ ਲਿਖਣ ਦੀ ਦਾਸਤਾਨ ਹੈ। ਆਪਣੀ ਗੱਲ ਕਰਨ ਲੱਗਾ ਤੇ ਬਸ ਇਹੀ ਕਹਿਣ ਨੂੰ ਹੋਵੇਗਾ ਕਿ ਕਿਹੜੇ ਦਿਨਾਂ ਵਿਚ ਕੀ ਪੜ੍ਹਿਆ, ਕੀ ਸੋਚਿਆ।

"ਨਵਾਂ ਜ਼ਮਾਨਾ" ਦੇ ਦਿਨਾਂ ਵਿਚ ਮੇਰੇ ਖ਼ਿਆਲ ਆਪਣਾ ਰਾਹ ਲੱਭਣ ਜੋਗੇ ਹੋ ਚੁੱਕੇ ਸੀ ਅਤੇ 10-12 ਸਾਲਾਂ ਵਿਚ ਮੈਂ ਜ਼ਿੰਦਗੀ ਦੀਆਂ ਕਦਰਾਂ ਉੱਤੇ ਫੈਸਲਾਕੁੰਨ ਗੱਲ ਕਰਨ ਜੋਗਾ ਹੋ ਗਿਆ ਸੀ। ਇਸ ਵਿਚ ਸੱਚ (ਸੱਤਿਅਮ, ਸ਼ਿਵਮ - ਜ਼ਿੰਦਗੀ ਦੇ ਪਿਆਰ ਵਿਚ ਕੀਤੇ ਜਾਣ ਵਾਲੇ ਕੰਮ), ਪਿਆਰ, ਹੋਂਦ ਅਤੇ ਇਨਸਾਨੀ ਹੋਂਦ ਦੇ ਅਰਥਾਂ ਤੱਕ ਦੁਨੀਆਂ ਭਰ ਦੇ ਮਾਮਲੇ ਸ਼ਾਮਲ ਸੀ।

ਮੇਰਾ ਨਿਹਚਾ ਹੈ ਕਿ ਮਾਰਕਿਸਸਟ ਸੂਝ ਬਗੈਰ ਹਿਊਮਨਿਜ਼ਮ ਅਸਮਾਨ ਵਿਚ ਲਟਕਿਆ ਰਹਿ ਜਾਂਦਾ ਹੈ। ਰੂਹਾਨੀਅਤ ਬਹਿਸ਼ਤ ਵਿਚ ਨਿੱਗਰ ਪ੍ਰਾਪਤੀਆਂ ਲਈ ਉਡਪੋੜ ਬਣ ਕੇ ਰਹਿ ਜਾਂਦੀ ਹੈ। ਸੋਹਜ ਫੁੱਲਾਂ ਨੂੰ ਦੇਖਣ-ਸੁੰਘਣ ਅਤੇ ਲੈਆਂ-ਆਕਾਰਾਂ ਦੇ ਆਕਰਸ਼ਣ ਤੱਕ ਹੀ ਸੀਮਤ ਹੋ ਜਾਂਦਾ ਹੈ। ਅਕਾਰਾਂ ਵਿਚ ਜਿਸਮਾਨੀ ਬੁੱਤ ਵੀ ਸ਼ਾਮਲ ਹੈ। ਸੱਤਿਅਮ, ਸ਼ਿਵਮ, ਸੁੰਦਰਮ ਵਿਚ ਜਾਨ ਮਾਰਕਸਿਜ਼ਮ ਨੇ ਹੀ ਪਾਈ ਹੈ।

ਸੱਠਵਿਆਂ ਵਿਚ ਜਲੰਧਰ ਸਾਹਿਤਕ ਸਰਗਰਮੀਆਂ ਦਾ ਗੜ੍ਹ ਸੀ। ਕਦੀ ਪ੍ਰੋਫੈਸਰ ਮੋਹਣ ਸਿੰਘ ਦੀ ਪ੍ਰਧਾਨਗੀ ਵਿਚ ਪਿਆਰਾ ਸਿੰਘ ਭੋਗਲ ਦੇ ਯੂਨੀਵਰਸਲ ਕਾਲਜ ਵਿਚ, ਕਦੀ ਅਜੀਤ ਅਖ਼ਬਾਰ ਦੇ ਪਰੀਸਰ ਵਿਚ ਸਾਧੂ ਸਿੰਘ ਹਮਦਰਦ ਹੋਣਾਂ ਦੀ ਸਦਾਰਤ ਵਿਚ ਸਭਾ ਮੀਟਿੰਗਾਂ ਆਮ ਹੁੰਦੀਆਂ ਰਹਿੰਦੀਆਂ। ਉਹਨੀਂ ਦਿਨੀਂ ਸ਼ਹਿਰ ਵਿਚ ਉੱਭਰਦੇ ਕਹਾਣੀਕਾਰਾਂ ਦੀ ਇਕ ਤਿਗੜੀ ਹੁੰਦੀ ਸੀ, ਨਾਂ ਸੀ ਗੁਰਦਰਸ਼ਨ ਧੀਰ (ਮਹਿਰਮਯਾਰ), ਜਸਵੰਤ ਸਿੰਘ ਵਿਰਦੀ, ਪ੍ਰੇਮ ਪ੍ਰਕਾਸ਼ ਖੰਨਵੀ। ਇਹ ਤਿੰਨੇ ਕਿੱਤੇ ਵਜੋਂ ਸਕੂਲ

ਮਾਸਟਰ ਸਨ। ਪਹਿਲਾ ਹਾਈ ਸਕੂਲ ਅਤੇ ਮਗਰਲੇ ਦੋਵੇਂ ਪ੍ਰਾਇਮਰੀ ਮਾਸਟਰ। ਜਸਵੰਤ ਸਿੰਘ ਵਿਰਦੀ ਐਮ. ਏ. ਕਰਕੇ ਰਣਧੀਰ ਕਾਲਜ, ਕਪੂਰਥਲੇ ਤੋਂ ਪ੍ਰੋਫੈਸਰ ਰਿਟਾਇਰ ਹੋਇਆ। ਉਸਨੇ 65 ਦੇ ਕਰੀਬ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚੋਂ ਵੱਡਾ ਹਿੱਸਾ ਕਹਾਣੀਆਂ ਦਾ ਸੀ। ਉਹ ਰਾਜਿੰਦਰ ਸਿੰਘ ਬੇਦੀ ਦਾ ਮੱਦਾਹ ਹੁੰਦਾ ਸੀ। ਘੰਨਵੀ ਨੇ ਕਹਾਣੀ ਵਿਚ ਨਾਮਣਾ ਖੱਟਿਆ ਅਤੇ ਸਾਹਿਤ ਅਕੈਡਮੀ ਅਵਾਰਡ ਜਿੱਤਿਆ। ਉਹ ਮਾਰਕਸਿਸਟਾਂ ਦਾ ਵਿਰੋਧੀ ਸੀ, ਜਸਵੰਤ ਸਿੰਘ ਵਿਰਦੀ ਗੈਰ-ਜਾਨਬਦਾਰ ਸੀ।

ਗੁਰਦਰਸ਼ਨ ਨਾਲ ਬਹੁਤ ਨੇੜ ਹੋਇਆ। ਉਹ ਬੜਾ ਖੁਸ਼ਦਿਲ, ਹਾਜ਼ਰਜਵਾਬ ਅਤੇ ਮਹਿਫ਼ਿਲ ਵਿਚ ਜਾਨ ਪਾਉਣ ਵਾਲਾ ਇਨਸਾਨ ਸੀ। ਸ਼ਰਾਬ ਮੈਂ ਉਸਦੀ ਸੁਹਬਤ ਵਿਚ ਪੀਣ ਲੱਗਾ। ਉਹ ਔਕਸਫੋਰਡ ਟੀਚਰ ਲੱਗ ਕੇ ਕੀਨਿਆ ਚਲਾ ਗਿਆ ਤੇ ਤਿੰਨ ਕੁ ਦਹਾਕੇ ਬਾਅਦ ਇਸ ਦੁਨੀਆਂ ਤੋਂ ਕੂਚ ਕਰ ਗਿਆ। ਉਹਦੀ ਮੌਤ ਨਾਲ ਮੇਰੀ ਜ਼ਿੰਦਗੀ ਵਿਚੋਂ ਇਕ ਜ਼ਿੰਦਾਦਿਲੀ ਦੀ ਛੋਹ ਜਾਂਦੀ ਰਹੀ।

ਗੁਰਦਰਸ਼ਨ ਬੜਾ ਮਾਅਰਕੇਬਾਜ਼ ਸੀ। ਇਕ ਵਾਰੀ ਦੀਵਾਲੀ ਨੂੰ ਮੈਂ ਤੇ ਸੇਵਾਦਾਰ ਕਾਮਰੇਡ ਭਲਵਾਨ ਦੋਵੇਂ ਭਗਵਾਨ ਦਾਸ ਬਿਲਡਿੰਗ ਵਿਚ ਰਹਿ ਗਏ। ਗੁਰਦਰਸ਼ਨ ਬਹੁਤ ਸਾਰੇ ਪਟਾਕੇ ਅਤੇ ਮੋਮਬੱਤੀਆਂ ਲੈ ਕੇ ਆਇਆ। ਮੋਮਬੱਤੀਆਂ ਬਨੇਰਿਆਂ ਉੱਤੇ ਬਾਲੀਆਂ ਗਈਆਂ ਅਤੇ ਰਾਕਟ ਸਾਹਮਣੇ ਸੜਕ ਪਾਰ ਨੂਹਮਹਿਲੀਆ ਦੇ ਗੈਸਟ ਹਾਊਸ ਉੱਤੇ ਦਾਗ਼ਦੇ ਰਹੇ। ਹਰ ਫਾਇਰ ਤੋਂ ਪਹਿਲਾਂ ਕੋਈ ਅਸਰਦਾਰ ਜਾਂ ਊਲ-ਜਲੂਲ ਸ਼ਿਅਰ ਕਹਿ ਹੁੰਦਾ ਸੀ। ਮੇਰੇ ਜਲੰਧਰ ਦੇ ਦਿਨਾਂ ਵਿਚ ਹੀ ਪ੍ਰੋਫੈਸਰ ਮੋਹਣ ਸਿੰਘ ਦੀ ਕਿਤਾਬ "ਵੱਡਾ ਵੇਲਾ" ਰਿਲੀਜ਼ ਹੋਈ। ਬਹੁਤ ਵੱਡਾ ਸਮਾਗਮ ਸੀ। ਮਾਹੌਲ ਸਾਹਿਤਿਕ ਨਹੀਂ, ਸਿਆਸਤ ਅਤੇ ਪੱਤਰਕਾਰੀ ਵਾਲਾ ਸੀ।

ਮੇਰੀ ਸ਼ਾਇਰੀ ਦੀ ਪਹਿਲੀ ਕਿਤਾਬ "ਨਕਸ਼ ਪੀੜਾਂ ਦੇ" ਮੇਰੇ "ਨਵਾਂ ਜ਼ਮਾਨਾ" ਛੱਡਣ ਤੋਂ ਪਿੱਛੋਂ ਛਪੀ। ਪ੍ਰੇਮ ਪ੍ਰਕਾਸ਼ ਘੰਨਵੀ ਦੇ ਪਰਚੇ "ਲਕੀਰ" ਵਿਚ ਡਾਕਟਰ ਸੁਰਜੀਤ ਹਾਂਸ ਨੇ ਰੀਵਿਊ ਕੀਤਾ। ਉਸਨੇ ਗ਼ਜ਼ਲ ਨੂੰ ਪਾਸੇ ਛੱਡ ਕੇ ਕਵਿਤਾ ਹਿੱਸੇ ਨੂੰ ਸਲਾਹਿਆ। ਸ਼ਾਇਦ ਇਹ ਇਕ ਰਸਮੀ ਗੱਲ ਹੋਵੇ। ਮੇਰਾ ਖ਼ਿਆਲ ਨਹੀਂ ਇਹ ਕਿਤਾਬ ਕਿਸੇ ਪੜ੍ਹੀ ਹੋਵੇ। ਮੈਂ ਉਦੋਂ ਵੀ ਸਾਹਿਤ ਸਭਾ ਵਿਚ ਕਵਿਤਾਵਾਂ ਪੜ੍ਹਨ ਵਾਲਿਆਂ ਤੋਂ ਫਾਸਲੇ ਤੇ ਖੜ੍ਹਾ ਸੀ ਅਤੇ

ਰੰਗ ਜੋ ਰੰਗੀਨ ਨੇ ਤੇਰੀ ਤਰਫ
ਦਰਦ ਬਣ ਜਾਂਦੇ ਨੇ ਇਧਰ ਆਣ ਕੇ

ਵਰਗੇ ਸ਼ਿਅਰ ਕਹਿੰਦਾ ਸੀ।

ਜਾਂ

ਖਰੀ ਆਦਮੀ ਹਾਂ ਮੈਂ ਉਸ ਪੂਰ ਦਾ
ਜਿਸ ਤੋਂ ਪਿੱਛੇ ਨਹੀਂ ਫਿਰ ਬੇੜੀ ਪਈ

ਵਰਗੀ ਗੱਲ ਕਰਦਾ ਸੀ।

"ਨਵੇਂ ਜ਼ਮਾਨੇ" ਆਉਣ ਜਾਣ ਬਣਿਆ ਰਿਹਾ। ਮੇਰੀ ਸ਼ਾਇਰੀ ਪੜ੍ਹੇ ਬਗੈਰ ਹੀ ਕੁਝ ਲੋਕ ਮੈਨੂੰ ਪਿਸਤੌਲ ਵਾਲਾ ਸ਼ਾਇਰ ਕਹਿਣ ਲੱਗ ਪਏ ਕਿਉਂਕਿ ਕੈਮਰੇ ਦੀ ਥਾਂ ਮੇਰੇ ਮੋਢੇ ਉੱਤੇ 455 ਬੋਰ ਵੈਬਲੇ ਸਕੌਟ ਲਟਕ ਰਿਹਾ ਹੁੰਦਾ ਸੀ।

ਜ਼ੀਰਵੀ ਕਦੀ-ਕਦੀ ਮੇਰੀਆਂ ਗ਼ਜ਼ਲਾਂ ਗਾਉਂਦਾ ਸੀ। ਉਹਦੇ ਕੋਲ ਤਾਸੀਰ ਭਰਿਆ ਤਰਨੁੰਮ ਸੀ, ਗ਼ਜ਼ਲ ਦੇ ਮਿਜ਼ਾਜ ਦੀ ਸਮਝ ਸੀ। ਉਸਨੇ ਮੀਰ, ਗਾਲਿਬ ਅਤੇ ਫੈਜ਼ ਪੜ੍ਹੇ ਹੋਏ ਸੀ। ਉਹ ਮੇਰੀ ਗ਼ਜ਼ਲ "ਤੇਰ ਨਾਲ ਸਤਰੰਗੀ ਤੇ ਚੜ੍ਹਨਾ ਫਿਰ ਨਹੀਂ ਮਿਲਣਾ" ਬੜੀ ਹਸਰਤ ਭਰੀ ਆਵਾਜ਼ ਵਿਚ ਗਾਉਂਦਾ ਸੀ। ਜਿਸ ਵਿਚ ਉਸਦਾ ਪਸੰਦੀਦਾ ਸ਼ਿਅਰ ਸੀ – "ਤੈਨੂੰ ਸੈਰ ਧੜਕਣ ਨਾਲ ਕਰਨੀ ਫਿਰ ਨਹੀਂ ਮਿਲਣੀ ਤੇ ਮੈਨੂੰ ਚਾਨਣੀ ਦਾ ਹੱਥ ਫੜਨਾ ਫਿਰ ਨਹੀਂ ਮਿਲਣਾ।" ਉਹ ਤਰਨੁੰਮ ਉਹ ਗ਼ਜ਼ਲਸਰਾਈਆਂ ਸਭ ਕੁਝ ਵੇਲੇ ਦੀ ਨਜ਼ਰ ਹੋ ਗਿਆ। ਜ਼ੀਰਵੀ ਹੁਣ ਅਧਰੰਗ ਨਾਲ ਨਿਬੜਣ ਪਿੱਛੋਂ ਕੈਨੇਡਾ ਵਿਚ ਉਨ੍ਹਾਂ ਯਾਦਾਂ ਨੂੰ ਸੀਨੇ ਨਾਲ ਲਾਈ ਬੈਠਾ ਹੈ ਅਤੇ ਮੇਰੀ "ਵਹੀ ਚਾਲ ਬੇਢੰਗੀ, ਜੋ ਪਹਿਲੇ ਥੀ ਸੋ ਅਬ ਭੀ ਹੈ" ਜਾਗਦਾ ਪੜ੍ਹਦਾ ਰਹਿੰਦਾ ਹੈ। ਕੋਈ ਜ਼ਮੀਨ ਨਿਕਲੀ ਤੇ ਕੋਈ ਸ਼ਿਅਰ ਕਹਿ ਲਿਆ।

ਮਾਰਚ/ਅਪ੍ਰੈਲ 2012



# ਗ਼ਜ਼ਲ ਬਾਰੇ ਕੁੱਝ ਗੱਲਾਂ

- ਗੁਰਦੀਪ (ਡੇਅਰਾਦੂਨ)

## 1. ਗ਼ਜ਼ਲ ਦੀਆਂ ਪਰਿਭਾਸ਼ਾਵਾਂ

ਜਿਵੇਂ ਗ਼ਜ਼ਲ ਔਰਤਾਂ ਨਾਲ ਗੱਲਾਂ ਕਰਨਾ ਹੈ, ਜਾਂ ਗ਼ਜ਼ਲ ਗ਼ਜ਼ਾਲੇ (ਹਰਨੋਟਾ) ਦੀ ਚੀਕ ਹੈ, ਵਿਚ ਗ਼ਜ਼ਲ ਦੇ ਮਿਜ਼ਾਜ ਦੀ ਕਿਤੇ ਗੱਲ ਨਹੀਂ ਮਿਲਦੀ। ਉਂਝ ਵੀ ਗ਼ਜ਼ਲ ਆਪਣੇ ਆਰੰਭ ਵਿਚ ਯਾਨੀ ਤਸੱਵਫ਼ ਦੇ ਬਿਆਨ ਵੇਲੇ, ਨਾਂ ਆਪਣੇ ਦਰਬਾਰੀ ਦਿਨਾਂ ਵਿਚ, ਨਾ ਆਪਣੇ ਮਹਿਫ਼ਲੀ ਅੰਦਾਜ਼ ਵਿਚ ਅਤੇ ਨਾ ਹੀ ਸਟੇਜੀ ਰੂਪ ਵਿਚ ਯਾਨੀ ਮੁਸ਼ਾਇਰਿਆਂ ਵਿਚ ਇਸ ਤਰ੍ਹਾਂ ਦੀ ਨਜ਼ਰ ਆਈ ਹੈ। ਅਸਲ ਗੱਲ ਏਨੀ ਹੈ ਕਿ ਗ਼ਜ਼ਲ ਇਕ ਨਾਜ਼ੁਕ ਸੰਬੋਧਨੀ ਸ਼ਾਇਰੀ ਹੈ ਅਤੇ ਸਰੋਦੀ ਮਿਜ਼ਾਜ ਵਾਲੀ ਹੈ। ਮਕਸਦ ਦਿਲ ਵਿਚ ਉੱਠੀ ਲਹਿਰ ਨੂੰ ਤਸੱਵਰ ਵਿਚਲੇ ਸਰੋਤੇ ਤੱਕ ਪਹੁੰਚਾਉਣਾ ਹੁੰਦਾ ਹੈ। ਲਫ਼ਜ਼ਾਂ ਵਿਚ ਇਸ ਲਹਿਰ ਦੀ ਨਕਸ਼ਕਾਰੀ ਹੁੰਦੀ ਹੈ ਅਤੇ ਸਰੋਦ ਇਸਦੀ ਬੇਕਰਾਰੀ ਵਿਚ ਸਮਾਉਂਦੀ ਹੈ। ਇਹ ਲਹਿਰ ਕੇਵਲ ਸੱਤਾ ਦੀ ਹਿਲਜੁਲ ਹੈ ਕਿ ਕਿਸੇ ਗਹਿਰਾਈ ਤੋਂ ਉੱਠੀ ਹੈ, ਇਸਦਾ ਵਾਸਤਾ ਸ਼ਾਇਰ ਦੀ ਸ਼ਖ਼ਸੀਅਤ ਨਾਲ ਹੁੰਦਾ ਹੈ। ਗ਼ਜ਼ਲ ਖ਼ਿਤਾਬ ਕਰਨ ਵਾਲੇ ਦੀ ਸ਼ਾਇਰਾਨਾ ਸਮੱਰਥਾ ਨੂੰ ਬੜੀ ਬੇਰਹਿਮੀ ਨਾਲ ਨਾਪ ਦਿੰਦੀ ਹੈ।

ਜਿੱਥੋਂ ਤੱਕ ਖ਼ਿਤਾਬ ਕੀਤੇ ਜਾਣ ਵਾਲੇ ਦੀ ਗੱਲ ਹੈ, ਗ਼ਜ਼ਲਗੋ ਖ਼ੁਦਾ ਤੋਂ ਲੈ ਕੇ ਬੁੱਤ (ਸਨਮ), ਯਾਰ ਤੋਂ ਲੈ ਕੇ ਦੁਸ਼ਮਣ (ਅਦੂ) ਅਤੇ ਇਥੋਂ ਤੱਕ ਕਿ ਆਪਣੇ ਆਪ ਨਾਲ ਵੀ ਖਿਤਾਬ ਕਰ ਸਕਦਾ –

ਮਾਰਾ ਜ਼ਮਾਨੇ ਨੇ ਅਸਦੁੱਲਾ ਖਾਂ ਤੁਮਹੇ,
ਵੋ ਵਲਵਲੇ ਕਹਾਂ ਵੋ ਜਵਾਨੀ ਕਿਧਰ ਗਈ।

ਪਹਿਲੇ ਸ਼ਿਅਰ ਵਿਚ ਮਿਰਜ਼ਾ ਗ਼ਾਲਿਬ ਆਪਣੇ ਆਪ ਨਾਲ ਗੱਲ ਕਰ ਰਹੇ ਹਨ। ਅਗਲੇ ਸ਼ਿਅਰ ਵਿਚ ਸ਼ਾਇਰ ਆਪਣੇ ਲੋਕਾਂ ਨੂੰ ਖਿਤਾਬ ਕਰਦਾ ਹੈ –

ਕੱਲ੍ਹ ਦਾ ਕਿੱਸਾ ਨੇ ਇਹ ਵਿਸਫੋਟ ਤੇ
ਸ਼ਹਿਰ 'ਚੋਂ ਤਹਿਜ਼ੀਬ ਹੈ ਚਿਰ ਦੀ ਫ਼ਰਾਰ।

ਗ਼ਜ਼ਲਗੋ ਕਿਸੇ ਨੂੰ ਨਾਂ ਲੈ ਕੇ ਸੰਬੋਧਨ ਨਹੀਂ ਕਰਦਾ, ਸ਼ਿਅਰ ਦਾ ਰੁਖ਼ ਕਿਸ ਵੱਲ ਹੈ, ਸ਼ਿਅਰ ਦੇ ਮਿਜ਼ਾਜ ਤੋਂ ਸਾਫ਼ ਹੋ ਜਾਂਦਾ ਹੈ –

ਆਉਂਦਿਆਂ ਸਮਿਆਂ ਲਈ ਖ਼ਤਰਾ ਨਾ ਬਣ
ਮੈਂ ਨਹੀਂ ਕਹਿੰਦਾ ਕਿ ਨਾ ਖੁਸ਼ੀਆਂ ਹੰਢਾ।

ਇਹ ਸ਼ਿਅਰ ਖਪਤਕਾਰ ਵਿਅਕਤੀ ਨਾਲ ਗੱਲ ਕਰ ਰਿਹਾ ਹੈ ਅਤੇ ਅਗਲੇ ਸ਼ਿਅਰ ਦਾ ਰੁਖ਼ ਮਹਿਬੂਬ ਵੱਲ ਹੈ –

ਰੱਖ ਤੂੰ ਖੁਸ਼ੀਆਂ ਨੂੰ ਭਾਵੇਂ ਸਾਂਭ ਕੇ,
ਪਰ ਨਾ ਕੋਈ ਦਰਦ ਮੇਰੇ ਤੋਂ ਲੁਕਾ।

ਗ਼ਜ਼ਲ ਦੇ ਵਿਸ਼ਿਆਂ ਦੀ ਗੱਲ ਛੇੜਨ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਜਦੋਂ ਗ਼ਜ਼ਲ ਦਾ ਸ਼ਿਅਰ ਕਿਸੇ ਨੂੰ ਮੁਖ਼ਾਤਬ ਨਹੀਂ ਜਾਪਦਾ, ਉਸਦਾ ਰੁਖ਼ ਸਿੱਧਾ ਪਾਠਕ ਵੱਲ ਹੁੰਦਾ ਹੈ ਅਤੇ ਅੱਜਕੱਲ੍ਹ ਇਸ ਤਰ੍ਹਾਂ ਦੇ ਸ਼ਿਅਰਾਂ ਦੀ ਗ਼ਜ਼ਲ ਵਿਚ ਭਰਮਾਰ ਹੈ। ਇਨ੍ਹਾਂ ਸ਼ਿਅਰਾਂ ਨੇ ਕੋਈ ਖ਼ਾਸ ਖ਼ੂਬਸੂਰਤੀ ਪਾਠਕ ਨਾਲ

ਸਾਂਝੀ ਕਰਨੀ ਹੁੰਦੀ ਹੈ –

**ਸਿਰ 'ਤੇ ਹੁੰਮਾ ਦੀ ਛਾਂ ਪਈ ਜਾਂਦੇ ਫ਼ਕੀਰ ਦੇ**
**ਬਾਰੀ 'ਚੋ ਝੁਕ ਕੇ ਦੇਖਦੀ ਫੁੱਲਾਂ ਦੀ ਡਾਲ ਸੀ।**

(ਹੁੰਮਾ ਇਕ ਖ਼ਿਆਲੀ ਪਰਿੰਦਾ ਹੈ, ਜਿਸਦੇ ਸਿਰ ਉੱਤੇ ਦੀ ਉਹ ਉੱਡ ਕੇ ਲੰਘ ਜਾਵੇ ਉਹ ਆਦਮੀ ਬਾਦਸ਼ਾਹ ਬਣ ਜਾਂਦਾ ਹੈ।)

ਹੁਣ ਅਸੀਂ ਗ਼ਜ਼ਲ ਵਿਚਲੀਆਂ ਗੱਲਾਂ ਦੇ ਵਿਸ਼ਿਆਂ ਵੱਲ ਆਉਂਦੇ ਹਾਂ। ਗ਼ਜ਼ਲ ਦੇ ਕੁਝ ਵਿਸ਼ਿਆਂ ਉੱਤੇ ਪੰਜਾਬੀ ਸ਼ਾਇਰੀ ਨੂੰ ਇਤਰਾਜ਼ ਰਿਹਾ ਹੈ। ਇਹ ਹਨ ਹੁਸਨ 'ਤੇ ਇਸ਼ਕ, ਸ਼ਮ੍ਹਾਂ-ਪਰਵਾਨਾ, ਗੁਲੋ-ਬੁਲਬੁਲ ਅਤੇ ਜਾਮੋਂ-ਮੀਨਾ ਆਦਿ। ਹੁਸਨੋ-ਇਸ਼ਕ ਨੂੰ ਅਸੀਂ ਇਕ ਤਫ਼ਰੀਹ ਸਮਝ ਕੇ ਅਤੇ ਜਾਮੋ-ਮੀਨਾ ਨੂੰ ਇਕ ਅੱਯਾਸ਼ੀ ਸਮਝ ਕੇ ਨਕਾਰਿਆ। ਸ਼ਮ੍ਹਾਂ-ਪਰਵਾਨਾ ਅਤੇ ਗੁਲੋ-ਬੁਲਬੁਲ ਨੂੰ ਅਸੀਂ ਜੀਵਨ ਵਿਹਾਰ ਤੋਂ ਦੂਰ ਦਾ ਸੁਹਜ ਸਮਝਿਆ। ਅਸੀਂ ਇਨ੍ਹਾਂ ਸਾਰੇ ਵਿਸ਼ਿਆਂ ਨੂੰ ਸਥੂਲ ਅਸਲੀਅਤ ਵਾਂਗ ਲਿਆ ਅਤੇ ਇਕ ਤਸੱਵਰ ਵਾਂਗ ਨਹੀਂ ਲੈ ਸਕੇ। ਇਸ ਕਾਰਨ ਅਸੀਂ ਕੁਝ ਛੁਟਪੁਟ ਜਾਂ ਨਾ ਗੌਲੀਆਂ ਗਈਆਂ ਕੋਸ਼ਿਸ਼ਾਂ ਨੂੰ ਛੱਡ ਕੇ ਗ਼ਜ਼ਲ ਤੋਂ ਵਾਂਝੇ ਹੀ ਰਹੇ। ਹੁਣ ਜੇ ਅਸੀਂ ਗ਼ਜ਼ਲ ਵੱਲ ਆਏ ਹਾਂ ਤੇ ਉਨ੍ਹਾਂ ਸਾਰੀਆਂ ਗੱਲਾਂ ਨੂੰ ਖਾਰਜ ਕਰਕੇ ਆਏ ਹਾਂ, ਜਿਨ੍ਹਾਂ ਨੂੰ ਅਸੀਂ ਗ਼ਜ਼ਲ ਸਮਝਦੇ ਸੀ ਅਤੇ ਹੁਣ ਅਸੀਂ ਗ਼ਜ਼ਲ ਦੀ ਰੂਹ ਨੂੰ ਛੱਡ ਕੇ ਉਸਦੇ ਰੂਪ ਨੂੰ (ਜਿੰਨਾ ਕੁ ਅਸੀਂ ਜਾਣਦੇ ਹਾਂ ਅਤੇ ਨਿਭਾ ਸਕਦੇ ਹਾਂ) ਅਪਣਾ ਰਹੇ ਹਾਂ।

ਦਰਅਸਲ ਹੁਸਨ-ਇਸ਼ਕ ਦੀ ਸ਼ਾਇਰੀ ਜ਼ਿੰਦਗੀ ਨਾਲ ਗਹਿਰੇ ਲਗਾਓ ਦੀ ਸ਼ਾਇਰੀ ਸੀ। ਸ਼ਮ੍ਹਾਂ-ਪਰਵਾਨਾ ਦੀ ਸ਼ਾਇਰੀ ਜਾਂਨਿਸਾਰੀ ਦੀ ਸ਼ਾਇਰੀ ਸੀ, ਗੁਲੋ-ਬੁਲਬੁਲ ਰੰਗਾਂ ਦੇ ਰਿਸ਼ਤੇ ਦੇ ਖੁਸ਼ੀਆਂ-ਗ਼ਮਾਂ ਦੀ ਸ਼ਾਇਰੀ ਸੀ ਤੇ ਜਾਮੋਂ-ਮੀਨਾ ਦੀ ਸ਼ਾਇਰੀ ਵਾਅਜ਼ ਦੇ ਖਿਲਾਫ਼ ਨਾਫ਼ੁਰਮਾਨੀ ਦੀ ਸ਼ਾਇਰੀ ਸੀ।

ਉੱਤੇ ਦੱਸੇ ਗਏ ਵਿਸ਼ੇ ਤੇ ਸਿਰਫ਼ ਗ਼ਜ਼ਲ ਨੂੰ ਕੁੱਟਣ ਵਾਲੀ ਸੋਟੀ ਦਾ ਕੰਮ ਦੇਣ ਲਈ ਹੀ ਨੇ। ਇਸ ਤੋਂ ਅੱਗੇ ਗ਼ਜ਼ਲ ਜ਼ਿੰਦਗੀ ਦੇ ਕਾਫ਼ਲੇ ਦੀ ਸ਼ਾਇਰੀ ਹੈ। ਇਹ ਜ਼ਿੰਦਗੀ ਦੇ ਰਾਹਾਂ ਦੀ ਸ਼ਾਇਰੀ ਹੈ। ਇਸ ਵਿਚ ਰਹਿਬਰੀ ਦਾ ਫ਼ਿਕਰ ਵੀ ਹੈ ਅਤੇ ਰਹਿਜ਼ਨੀ ਦਾ ਖ਼ੌਫ਼ ਵੀ ਹੈ। ਮਾਰੂਥਲਾਂ ਦੇ ਰਾਹੀਆਂ ਦੀ ਪਿਆਸ ਗ਼ਜ਼ਲ ਨੇ ਮਹਿਸੂਸ ਕੀਤੀ ਹੈ। ਸਮੁੰਦਰੋਂ ਪਾਰ ਲੰਘਣ ਦੇ ਖ਼ਤਰੇ ਵੀ ਗ਼ਜ਼ਲ ਨੇ ਮੁੱਲ ਲਏ ਨੇ। ਸਾਹਲਾਂ, ਸਮੁੰਦਰਾਂ, ਛੱਲਾਂ-ਤੂਫ਼ਾਨਾਂ ਨਾਲ ਜੂਝਦੇ ਸਫੀਨਿਆਂ ਦੇ ਮਲਾਹਾਂ ਦੀ ਘਾਲਣਾ ਦੀ ਗੱਲ ਵੀ ਗ਼ਜ਼ਲ ਨੇ ਕੀਤੀ ਹੈ। ਵੀਰਾਨਿਆਂ, ਸ਼ਹਿਰਾਂ, ਬਾਗਾਂ, ਗੁਲਜ਼ਾਰਾਂ, ਬਹਾਰਾਂ, ਖ਼ਿਜ਼ਾਵਾਂ ਅਤੇ ਆਸ਼ਿਆਨਿਆਂ ਦੀ ਸ਼ਾਇਰੀ ਵੀ ਗ਼ਜ਼ਲ ਵਿਚ ਹੋਈ। ਜੰਗੋ-ਜਦਲ ਵਿਚ ਵੀ ਗ਼ਜ਼ਲ ਜ਼ਿੰਦਗੀ ਦੀ ਹਮਰਕਾਬ ਰਹੀ –

**ਗ਼ਜ਼ਾਲਾ ਤੁਮ ਤੋਂ ਵਾਕਫ਼ ਹੋ ਕਹੋ ਮਜਨੂੰ ਕੇ ਮਰਨੇ ਕੀ**
**ਦੀਵਾਨਾ ਮਰ ਗਿਆ, ਆਖ਼ਰ ਕੋ ਵੀਰਾਨੇ ਪੈ ਕਿਆ ਗੁਜ਼ਰੀ।**

ਇਹ ਸ਼ਿਅਰ ਸਿਰਾਜੁਦੌਲਾ ਦੇ ਪਲਾਸੀ ਦੀ ਲੜਾਈ ਵਿਚ ਮੈਦਾਨ-ਏ-ਜੰਗ ਵਿਚ ਮਾਰੇ ਜਾਣ ਦੀ ਖਬਰ ਮਿਲਦੇ ਹੀ ਤੁਰੰਤ ਕਿਹਾ ਗਿਆ। ਕਹਿਣ ਵਾਲਾ ਉੱਥੇ ਹੀ ਦੂਸਰੇ ਪਹਿਲੂ 'ਤੇ ਲੜ ਰਿਹਾ ਰਾਜਾ ਸ਼ਿਵ ਨਾਰਾਇਣ ਸੀ।

ਗੱਲ ਗ਼ਜ਼ਲ ਦੇ ਮਿਜ਼ਾਜ ਅਤੇ ਨੁਹਾਰ ਦੀ ਚੱਲ ਰਹੀ ਸੀ। ਗ਼ਜ਼ਲ ਦੀ ਪਛਾਣ ਉਸਦੀ ਵਿਰਾਸਤ ਹੈ। ਗ਼ਜ਼ਲ ਦੀ ਵਿਰਾਸਤ ਕੁਝ ਖਾਸ ਲਫ਼ਜ਼ ਹਨ। ਇਨ੍ਹਾਂ ਨੂੰ ਹਰ ਸਮੇਂ ਦੀ ਗ਼ਜ਼ਲ ਆਪਣੀ ਲੋੜ ਅਨੁਸਾਰ



ਵਰਤਦੀ ਰਹੀ ਹੈ। ਪਰ ਅੱਜ ਦੀ ਗ਼ਜ਼ਲ ਸਾਹਮਣੇ ਬਹੁਤ ਵੱਡੀ ਚੁਣੌਤੀ ਹੈ। ਉਸ ਆਪਣੇ ਇਸ ਨਿੱਕੇ ਜਿਹੇ ਨਵੇਂ ਤੇ ਪੁਰਾਣੇ ਸਰਮਾਏ ਨੂੰ ਵੱਡੇ ਬਿਆਨ ਲਈ ਵਰਤਣਾ ਹੈ। ਇਕ ਨਵਾਂ ਸੁਹਜਵਾਦ ਪੈਦਾ ਕਰਨਾ ਹੈ। ਗ਼ਜ਼ਲ ਦੇ ਲਫ਼ਜ਼ਾਂ ਵਿਚ ਨਵਾਂ ਕਾਂਟੈਂਟ ਭਰਨ ਦੀ ਲੋੜ ਹੈ। ਕਾਂਟੈਂਟ ਜਿਹੜਾ ਵੇਲੇ ਦੀਆਂ ਚੁਣੌਤੀਆਂ ਦਾ ਹਾਣੀ ਹੋਵੇ, ਪੰਜਾਬੀ ਨੁਹਾਰ ਵਾਲਾ ਹੋਵੇ ਅਤੇ ਗ਼ਜ਼ਲ ਵਿਚ ਉਸਦੀ ਪਛਾਣ ਵੀ ਹੋਵੇ। ਸਾਡੇ ਇਕ ਬਹੁਤ ਵੱਡੇ ਆਲੋਚਕ ਨੇ ਪੰਜਾਬੀ ਗ਼ਜ਼ਲ ਨੂੰ ਉਰਦੂ ਤੋਂ ਬਚਾ ਕੇ ਪੰਜਾਬੀ ਨੁਹਾਰ ਬਖਸ਼ਣ ਦਾ ਸਿਹਰਾ ਜਿਸ ਗਜ਼ਲਗੋ ਸਿਰ ਬੱਧਾ ਹੈ, ਉਸਦਾ ਸ਼ਿਅਰ ਹੈ

**ਵਿਛੋੜੇ ਦੀ ਘੜੀ ਕੇਹੀ ਘੜੀ ਸੀ**
**ਭੜੋਲੇ ਵਾਂਗ ਮੂੰਹ ਕਰਕੇ ਖੜੀ ਸੀ।**

ਇਸ ਤਰ੍ਹਾਂ ਦੇ ਸ਼ਿਅਰ ਨਾਲ ਪੰਜਾਬੀ ਗ਼ਜ਼ਲ ਦਾ ਸਿਰ ਉੱਚਾ ਨਹੀਂ ਹੋ ਸਕਦਾ।

ਗ਼ਜ਼ਲ ਦੇ ਤੋਲ-ਤੁਕਾਂਤ ਦੀ ਗੱਲ ਛੇੜਨ ਤੋਂ ਪਹਿਲਾਂ ਪਾਬੰਦ ਸ਼ਾਇਰੀ ਉੱਤੇ ਖ਼ਿਆਲ ਦੇ ਪੈਰੀਂ ਬੇੜੀਆਂ ਪਾਉਣ ਦੇ ਇਲਜ਼ਾਮ ਦੀ ਗੱਲ ਕਰਨੀ ਜ਼ਰੂਰੀ ਹੈ। ਹੁਣ ਖ਼ਿਆਲ ਜਾਂ ਸ਼ਾਇਰਾਨਾ ਹੋਵੇਗਾ ਜਾਂ ਗੈਰ-ਸ਼ਾਇਰਾਨਾ। ਸ਼ਾਇਰਾਨਾ ਖ਼ਿਆਲ ਪਹਿਲੋਂ ਹੀ ਲੈਅ ਵਿਚ ਹੋਵੇਗਾ। ਗੈਰ-ਸ਼ਾਇਰਾਨਾ ਖ਼ਿਆਲ ਨੂੰ ਕੋਈ ਅਰੂਜ਼, ਕੋਈ ਪਿੰਗਲ ਸ਼ਾਇਰਾਨਾ ਨਹੀਂ ਬਣਾ ਸਕਦਾ। ਸ਼ਾਇਰਾਨਾ ਖ਼ਿਆਲ ਜੇ ਕਿਸੇ ਦਾ ਮੁਹਤਾਜ ਹੈ ਤੇ ਸਿਰਫ਼ ਸ਼ਾਇਰ ਦੀ ਤਬੀਅਤ ਦੀ ਰਵਾਨੀ ਦਾ। ਸ਼ਾਇਰ ਦੇ ਖ਼ਿਆਲ 'ਤੇ ਜੇ ਕੋਈ ਬੰਦਿਸ਼ ਹੈ ਤੇ ਉਸਦੀ ਆਪਣੀ ਪਹੁੰਚ ਦੀ। ਸ਼ਾਇਰ ਜਿਸ ਕੋਲ ਕਈ-ਕਈ ਹਮ-ਮਾਅਨੇ ਲਫ਼ਜ਼ ਨਹੀਂ, ਛਿੱਲੇ-ਤਰਾਸ਼ੇ ਤੇ ਸੁਹਣੇ ਡੌਲੇ ਹੋਏ ਲਫ਼ਜ਼ ਨਹੀਂ, ਉਸਦੇ ਖ਼ਿਆਲ ਵਸੀਹ ਨਹੀਂ ਹੋਣਗੇ, ਜ਼ਮੀਨਾਂ ਘੱਟ ਔੜਣਗੀਆਂ। ਉਸਦੇ ਬਿਆਨ ਵਿਚ ਸਕਤੇ, ਅਟਕਾਂ, ਲਟਕਾਂ ਆਮ ਹੋਣਗੀਆਂ। ਇਸ ਵਿਚ ਸੁਧਾਰ ਸ਼ਾਇਰੀ ਪੜ੍ਹ-ਪੜ੍ਹ ਕੇ ਹੀ ਕੀਤਾ ਜਾ ਸਕਦਾ ਹੈ, ਜਾਤੀ ਸਲਾਹੀਅਤ ਆਪਣੀ ਹੱਦਾਂ ਫਿਰ ਵੀ ਨਿਸ਼ਚਿਤ ਕਰੇਗੀ। ਸਾਡੇ ਖ਼ਿਆਲ ਦੀ ਸਮੱਸਿਆ ਕਿਸੇ ਬੰਨ੍ਹਣ ਦੀ ਨਹੀਂ, ਸਗੋਂ ਪਰਾਂ ਦੀ ਹੈ। ਸਾਡੇ ਖ਼ਿਆਲਾਂ ਕੋਲ ਉਹ ਖੰਭ ਨਹੀਂ, ਜਿਸ ਨਾਲ ਖ਼ਿਆਲ ਆਪਣੀਆਂ ਹੱਦਾਂ ਤੋਂ ਉੱਤੇ ਉੱਡਦਾ ਹੈ। ਵਧੇਰੇ ਅਸੀਂ ਅੰਗਰੇਜ਼ੀ ਮਿਲੀਜੁਲੀ ਜ਼ੁਬਾਨ ਵਿਚ ਸੋਚਦੇ ਹਾਂ ਜੋ ਸੁਹਜ ਕਲਪਨਾ ਦੀ ਜ਼ੁਬਾਨ ਨਹੀਂ।

## 2. ਗ਼ਜ਼ਲ ਦੇ ਰੂਪਕ ਪੱਖ ਬਾਰੇ

ਕਿਸੇ ਖ਼ਾਸ ਤੋਲ-ਤੁਕਾਂਤ ਵਿਚ ਰਚੀ ਗਈ ਕਿਰਤ ਜਿਸ ਦਾ ਹਰ ਸ਼ਿਅਰ ਆਪਣੇ ਆਪ ਵਿਚ ਮੁਕੰਮਲ ਹੋਵੇ ਅਤੇ ਸਾਰੇ ਸ਼ਿਅਰ ਹਮਕਾਫ਼ੀਆ ਹੋਣ, ਰੂਪਕ ਪੱਖ ਤੋਂ ਗ਼ਜ਼ਲ ਮੰਨੀ ਜਾਂਦੀ ਹੈ। ਇਸਦੇ ਪਹਿਲੇ ਮਿਸਰੇ (ਅੱਧਾ ਸ਼ਿਅਰ) ਨੂੰ ਜ਼ਮੀਨ ਜਾਂ ਤਰ੍ਹਾਂ- ਮਿਸਰਾ ਕਿਹਾ ਜਾਂਦਾ ਹੈ। ਇਸਦੇ ਅੰਤਲੇ ਹਿੱਸੇ ਵਿਚ ਸਾਰੇ ਸ਼ਿਅਰਾਂ ਵਿਚ ਆਉਣ ਵਾਲਾ ਕਾਫ਼ੀਆ ਹੁੰਦਾ ਹੈ। ਅਗਲਾ ਹਮਕਾਫ਼ੀਆ ਮਿਸਰਾ ਇਸਨੂੰ ਮੁਕੰਮਲ ਕਰਦਾ ਹੈ। ਇਹ ਸ਼ਿਅਰ ਗ਼ਜ਼ਲ ਦਾ ਮਤਲਾ ਅਖਵਾਉਂਦਾ ਹੈ। ਕਾਫ਼ੀਏ ਦੀ ਅਹਿਮੀਅਤ ਇਹ ਹੈ ਕਿ ਇਹ ਗ਼ਜ਼ਲ ਦੀ ਪਹਿਚਾਣ ਬਣਾਉਂਦਾ ਹੈ। ਬਹਿਰ, ਗ਼ਜ਼ਲ ਦੀ ਪਹਿਚਾਣ ਨਹੀਂ ਬਣਾ ਸਕਦੀ ਕਿਉਂਕਿ ਇਕ ਬਹਿਰ ਵਿਚ ਬੇਅੰਤ ਗ਼ਜ਼ਲਾਂ ਹੋ ਸਕਦੀਆਂ ਹਨ ਅਤੇ ਦੂਸਰੀ ਗੱਲ ਇਹ ਵੀ ਹੈ ਕਿ ਕਾਫ਼ੀਏ ਵਿਚ ਹੀ ਗ਼ਜ਼ਲ ਦੀ ਮਿੱਠਤ ਅਤੇ ਤਰੰਨੁਮ ਹੁੰਦਾ ਹੈ। ਕਿਸੇ ਗ਼ਜ਼ਲ ਦੇ ਕਿਸੇ ਸ਼ਿਅਰ ਦੇ ਪਹਿਲੇ ਮਿਸਰੇ ਨੂੰ ਕਿਸੇ ਹੋਰ ਕਾਫ਼ੀਏ ਨਾਲ ਪੂਰਾ ਕਰਕੇ ਵੱਖਰੀ ਗ਼ਜ਼ਲ ਕਹੀ ਜਾ ਸਕਦੀ ਹੈ।

ਮਤਲਾ ਪਰ ਗ਼ਜ਼ਲ ਨਹੀਂ ਏਨਾ ਜ਼ਰੂਰੀ ਨਹੀਂ ਕਿ ਬੇਮਤਲਾ ਗ਼ਜ਼ਲ ਨੂੰ ਕਬੂਲ ਹੀ ਨਾ ਕੀਤਾ ਜਾਵੇ। ਮਤਲੇ ਦੀ ਹੋਂਦ ਦਾ ਕਾਰਨ ਸਿਰਫ਼ ਏਨਾ ਹੈ ਕਿ ਜ਼ਮੀਨ ਬਾਕਾਫ਼ੀਆ ਹੁੰਦੀ ਹੈ ਅਤੇ ਇਸਨੂੰ ਪੂਰਾ ਵੀ ਬਾਕਾਫ਼ੀਆ ਮਿਸਰੇ ਨੇ ਕਰਨਾ ਹੁੰਦਾ ਹੈ। ਓਦਾਂ ਅੱਗੋਂ ਗ਼ਜ਼ਲਗੋ ਨੂੰ ਕਾਫ਼ੀਏ ਦੂਜੇ ਮਿਸਰੇ ਰਾਹੀਂ ਲੱਭਦੇ ਨੇ ਤੇ ਮਗਰੋਂ ਪਹਿਲਾ ਮਿਸਰਾ ਸੁੱਝਦਾ ਹੈ। ਸ਼ਾਇਰ ਵਾਸਤੇ ਇਹ ਪ੍ਰਕਿਰਿਆ ਬੜੀ ਸਾਧਾਰਣ ਗੱਲ ਹੈ। ਇਸ ਵਿਚ ਪਹਿਲ-ਦੂਜ ਵਾਲੀ ਕੋਈ ਗੱਲ ਨਹੀਂ। ਇਸ ਲਈ ਜੇ ਸ਼ਾਇਰ ਮਤਲੇ ਤੋਂ ਅਗਲੇ ਸ਼ਿਅਰ ਨਾਲ ਸ਼ੁਰੂ ਕਰੇ ਅਤੇ ਇਸਨੂੰ ਦੂਸਰਾ ਨਾਂ ਕਹਿ ਕੇ ਪਹਿਲਾ ਸ਼ਿਅਰ ਕਹੇ ਅਤੇ ਮਤਲਾ ਅਰਜ਼ ਹੈ ਦੀ ਥਾਂ ਸ਼ਿਅਰ ਅਰਜ਼ ਹੈ ਕਹਿ ਕੇ ਸ਼ੁਰੂ ਕਰੇ ਤੇ ਕੋਈ ਗੁਸਤਾਖ਼ੀ ਨਹੀਂ ਹੋਵੇਗੀ।

ਗ਼ਜ਼ਲ ਦਾ ਅੰਤ ਮਕਤੇ ਨਾਲ ਹੁੰਦਾ ਹੈ। ਇਹ ਗ਼ਜ਼ਲ ਦੇ ਹੋਰ ਸ਼ਿਅਰ ਵਾਂਗ ਹੀ ਹੁੰਦਾ ਹੈ, ਪਰ ਸ਼ਾਇਰ ਇਸ ਵਿਚ ਆਪਣਾ ਤਖ਼ੱਲਸ ਵਰਤ ਕੇ ਇਸ ਉੱਤੇ ਆਪਣੀ ਮੋਹਰ ਲਗਾਉਂਦਾ ਹੈ। ਪੰਜਾਬੀ ਗ਼ਜ਼ਲਗੋ ਤਖ਼ੱਲਸ ਘੱਟ ਹੀ ਵਰਤਦੇ ਹਨ ਇਸ ਲਈ ਸਾਡੇ ਮਕਤੇ ਦੀ ਥਾਂ ਆਖ਼ਰੀ ਸ਼ਿਅਰ ਹੀ ਹੁੰਦਾ ਹੈ। ਉਰਦੂ ਗ਼ਜ਼ਲ ਵਿਚ ਮਕਤੇ ਤੋਂ ਪਹਿਲੇ ਸ਼ਿਅਰ ਨੂੰ ਆਖਰੀ ਸ਼ਿਅਰ ਹੀ ਕਿਹਾ ਜਾਂਦਾ ਹੈ।

ਕੁਝ ਗ਼ਜ਼ਲਾਂ ਵਿਚ ਕਿਤੇ ਕੋਈ ਵਿਸ਼ਾ ਇਕ ਸ਼ਿਅਰ ਵਿਚ ਬਿਆਨ ਨਹੀਂ ਹੁੰਦਾ, ਇਸਨੂੰ ਦੋ ਜਾਂ ਤਿੰਨ ਸ਼ਿਅਰਾਂ ਵਿਚ ਬਿਆਨ ਕੀਤਾ ਜਾਂਦਾ ਹੈ। ਇਨ੍ਹਾਂ ਸ਼ਿਅਰਾਂ ਦੇ ਕਾਫ਼ੀਏ ਹੋਰ ਸ਼ਿਅਰਾਂ ਵਾਂਗ ਹੀ ਹੁੰਦੇ ਹਨ, ਇਸ ਤਰ੍ਹਾਂ ਦੀ ਬਣਤਰ ਨੂੰ ਕਿਤਾਹ ਕਿਹਾ ਜਾਂਦਾ ਹੈ। ਪੰਜਾਬੀ ਗ਼ਜ਼ਲ ਵਿਚ ਕਿਤਾਹ ਘੱਟ ਹੀ ਨਜ਼ਰ ਆਉਂਦਾ ਹੈ। ਮੇਰੀਆਂ ਇਕ-ਦੋ ਗ਼ਜ਼ਲਾਂ ਵਿਚ ਕਿਤਾਹ ਆ ਗਿਆ ਹੈ, ਉਹ ਵੀ ਮਤਲੇ ਨਾਲ ਜੁੜਵਾਂ। ਹੁਣ ਦੇਖਣਾ ਇਹ ਹੈ ਕਿ ਇਸਨੂੰ ਪਾਠਕ ਕਿਵੇਂ ਲੈਂਦੇ ਹਨ।

ਗ਼ਜ਼ਲ ਦੀ ਬਹਿਰ ਦੀ ਗੱਲ ਕਰਨ ਤੋਂ ਪਹਿਲਾਂ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਗ਼ਜ਼ਲ ਪਹਿਲਾਂ ਹੋਂਦ ਵਿਚ ਆਈ ਅਤੇ ਬਹੁਤ ਪਿੱਛੋਂ ਇਸਦੇ ਲੈਅ-ਪ੍ਰਬੰਧ ਦੀ ਘੋਖ ਪਰਖ ਨਾਲ ਅਰੂਜ਼ ਹੋਂਦ ਵਿਚ ਆਇਆ। ਪੰਜਾਬੀ ਗ਼ਜ਼ਲ ਹਾਲੀ ਉਸ ਉੱਨਤੀ ਤੱਕ ਨਹੀਂ ਪਹੁੰਚੀ ਕਿ ਇਸ ਵਿਚੋਂ ਇਸਦਾ ਅਰੂਜ਼ ਬਣਾਇਆ ਜਾ ਸਕੇ। ਜਦੋਂ ਪੰਜਾਬੀ ਗ਼ਜ਼ਲ ਲੋਕਾਂ ਦੇ ਸੁਹਜ ਸੁਆਦ ਵਿਚ ਆਪਣਾ ਥਾਂ ਬਣਾ ਲਵੇਗੀ, ਉਸਦਾ ਅਰੂਜ਼ ਬਣਾਉਣ ਵਾਲੇ ਵੀ ਮੌਕੇ ਤੇ ਪਹੁੰਚ ਜਾਣਗੇ।

## 3. ਗ਼ਜ਼ਲ ਦੀ ਬਹਿਰ ਬਾਰੇ

ਗ਼ਜ਼ਲ ਬਹਿਰ ਅਰਬੀ ਭਾਸ਼ਾ ਦੇ ਕੁਝ ਧਵਨੀ ਜੋੜਾਂ ਨਾਲ ਬਣਦੀ ਹੈ। ਇਨ੍ਹਾਂ ਧਵਨੀ ਸਮੂਹਾਂ ਨੂੰ ਰੁਕਨ ਕਿਹਾ ਜਾਂਦਾ ਹੈ, ਕੁਝ ਰੁਕਨ ਖਾਸੇ ਲੰਮੇ ਵੀ ਹੁੰਦੇ ਹਨ। ਕਿਸੇ ਰੁਕਨ ਨੂੰ ਦੁਹਰਾ ਕੇ ਜਾਂ ਇਕ ਦੂਸਰੇ ਨਾਲ ਜੋੜ ਕੇ ਬਹਿਰ ਬਣਦੀ ਹੈ। ਇੰਝ ਮਿਸਰੇ ਦੀਆਂ ਤੋਲ ਟੁਕੜੀਆਂ ਬਣ ਜਾਂਦੀਆਂ ਹਨ। ਮਿਸਰੇ ਦੀਆਂ ਧਵਨੀ ਟੁਕੜੀਆਂ ਨੂੰ ਰੁਕਨ ਧਵਨੀ ਟੁਕੜੀਆਂ ਦੇ ਸਾਹਮਣੇ ਰੱਖ ਕੇ ਦੇਖਿਆ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਤਨਕੀਹ ਕਿਹਾ ਜਾਂਦਾ ਹੈ। ਜੇ ਧਵਨੀ ਟੁਕੜੀਆਂ ਸਮਰੂਪ ਹੋਣ ਤੇ ਗ਼ਜ਼ਲ ਦੀ ਬਹਿਰ ਸਹੀ ਮੰਨੀ ਜਾਵੇਗੀ। ਅਰਬੀ ਅਤੇ ਪੰਜਾਬੀ ਦੇ ਧਵਨੀ ਮਿਜ਼ਾਜ ਵੱਖਰੇ ਹੋਣ ਕਰਕੇ ਤਨਕੀਹ ਕਿਤੇ ਸਬੱਬ ਨਾਲ ਹੀ ਠੀਕ ਬੈਠਦੀ ਹੈ। ਇਸ ਲਈ ਪੰਜਾਬੀ ਗ਼ਜ਼ਲਗੋ ਨੂੰ ਸ਼ਬਦਾਂ ਨੂੰ ਕੱਟ-ਵੱਢ ਕੇ ਬਹਿਰ ਨੂੰ ਠੀਕ ਕਰਨ ਦੀ ਲੋੜ ਪੈਂਦੀ ਹੈ। ਇਹ ਬਹੁਤ ਉਚਿਤ ਨਹੀਂ। ਲੋੜ ਐਨੀ ਹੈ ਕਿ ਬੋਲ ਕੇ ਗ਼ਜ਼ਲ ਪੜ੍ਹਦਿਆਂ ਕਿਤੇ ਸਕਤਾ



ਨਾ ਪਵੇ, ਲਟਕਾਅ ਨਾ ਹੋਵੇ, ਕਿਸੇ ਲਫ਼ਜ਼ ਨੂੰ ਦੋ ਟੋਟੇ ਕਰਕੇ ਨਾ ਪੜ੍ਹਨਾ ਪਵੇ। ਸੰਸਕ੍ਰਿਤ ਦੇ ਮਾਤ੍ਰਿਕ ਤੇ ਵਰਣ ਛੰਦ ਵੀ ਪੰਜਾਬੀ ਦੀਆਂ ਧਵਨੀ ਟੁਕੜੀਆਂ ਨਾਲ ਮੇਲ ਨਹੀਂ ਖਾਂਦੇ।

ਸ਼ਾਇਰੀ ਸ਼ਾਇਰ ਦੀ ਤਬੀਅਤ ਵਿਚ ਹੈ ਜੇ ਨਹੀਂ ਤੇ ਕਿਸੇ ਸਿਖਲਾਈ ਜਾਂ ਟ੍ਰੇਨਿੰਗ ਨਾਲ ਇਹ ਪੈਦਾ ਨਹੀਂ ਕੀਤੀ ਜਾ ਸਕਦੀ। ਮੱਛੀਆਂ ਕਿਤੋਂ ਤਰਨਾ ਨਹੀਂ ਸਿੱਖਦੀਆਂ, ਪੰਛੀ ਕਿਤੋਂ ਉੱਡਣਾ ਨਹੀਂ ਸਿੱਖਦੇ। ਇਹੀ ਗੱਲ ਸ਼ਾਇਰੀ ਦੇ ਸਿਲਸਿਲੇ ਵਿਚ ਸ਼ਾਇਰ 'ਤੇ ਲਾਗੂ ਹੁੰਦੀ ਹੈ। ਜਿਸ ਤਰ੍ਹਾਂ ਮੱਛੀਆਂ ਪਾਣੀ ਤੋਂ ਬਾਹਰ ਤਰਨਾ ਨਹੀਂ ਸਿੱਖ ਸਕਦੀਆਂ ਇਸੇ ਤਰ੍ਹਾਂ ਸ਼ਾਇਰ ਵੀ ਸ਼ਾਇਰੀ ਦੇ ਮਾਹੌਲ ਤੋਂ ਬਾਹਰ ਰਹਿ ਕੇ ਸ਼ਾਇਰੀ ਨਹੀਂ ਸਿੱਖ ਸਕਦਾ। ਬੋਲ ਕੇ ਸ਼ਾਇਰੀ ਪੜ੍ਹਨਾ, ਸਹੀ ਉਚਾਰਣ, ਸਾਕਨ ਤੇ ਮੁੱਤਹਰਕ ਦੀ ਠੀਕ ਅਦਾਇਗੀ ਹੀ ਸ਼ਾਇਰ ਦੀ ਸਿਖਲਾਈ ਹੈ। ਜਿਸ ਬਸ਼ਰ ਨੂੰ ਸ਼ਿਅਰ ਸੁਤੇਸਿਧ ਚੇਤੇ ਨਹੀਂ ਹੁੰਦੇ ਅਤੇ ਹਰ ਵੇਲੇ ਉਸਦੇ ਨਾਲ ਨਹੀਂ ਰਹਿੰਦੇ, ਉਸਨੂੰ ਸ਼ਾਇਰੀ ਦਾ ਰੋਗ ਪਾਲਣਾ ਨਹੀਂ ਚਾਹੀਦਾ।

ਗ਼ਜ਼ਲਗੋ ਵਾਸਤੇ ਦਿਲ ਦਾ ਪੁਰਗੁਦਾਜ਼ ਹੋਣਾ ਵੀ ਜ਼ਰੂਰੀ ਹੈ -

ਹੁਸਨੇ ਫਰੋਗੇ ਸ਼ਮ੍ਹਾਂ ਸੁਖਨ ਦੂਰ ਹੈ ਅਸਦ
ਪਹਿਲੇ ਦਿਲੇ ਗੁਦਾਖ਼ਤਾ ਪੈਦਾ ਕਰੇ ਕੋਈ

(ਮਿਰਜ਼ਾ ਗਾਲਿਬ)

(ਗਦਾਖ਼ਤਾ = ਲਾਟਲਾਟ)

ਇਸ ਤਰ੍ਹਾਂ ਦਾ ਕੋਈ ਪਿੰਗਲ ਜਾਂ ਅਰੂਜ਼ ਨਹੀਂ ਜੋ ਦਿਲ ਦਾ ਗੁਦਾਜ਼ ਸਾਨੂੰ ਦੇ ਸਕੇ। ਇਸਨੂੰ ਤੇ ਦੁਨੀਆਂ ਦੇ ਖ਼ੁਸ਼ੀਆਂ-ਗ਼ਮਾਂ ਦਾ ਝੱਲ ਹੀ ਮਘ੍ਹਾ ਸਕਦਾ ਹੈ ਅਤੇ ਦਰਦਮੰਦੀ ਇਸਨੂੰ ਮੱਚਦੀ ਰੱਖ ਸਕਦੀ ਹੈ।

ਗ਼ਜ਼ਲ ਨੂੰ ਇਕ ਰੰਗੀਨ ਅਤੇ ਮਹਿਫ਼ਿਲ ਵਿਚ ਜਿੰਦਜਾਨ ਪਾਉਣ ਵਾਲੀ ਸਿਨਫ਼ ਸਮਝਿਆ ਜਾਂਦਾ ਹੈ। ਇਸਦੇ ਰੰਗ ਵਿਚ ਖ਼ੂਨੇ ਜਿਗਰ ਦੀ ਸੁਰਖ਼ੀ ਸਦਾ ਸ਼ਾਮਲ ਰਹੀ ਹੈ, ਮਸਨਵੀ (ਲੰਮੀ ਦਾਸਤਾਨ ਕਵਿਤਾ) ਵਿਚ ਕੋਈ ਇਕ ਪੀੜ ਹੋ ਸਕਦੀ ਹੈ, ਗ਼ਜ਼ਲ ਦੇ ਹਰ ਸ਼ਿਅਰ ਕੋਲ ਵੱਖਰੇ ਦਰਦ ਦੀ ਸੰਭਾਵਨਾ ਹੈ।

ਸਾਡੀ ਦੁਨੀਆਂ ਬੜੀਆਂ ਜੁਗਗਰਦੀਆਂ ਦੇਖ ਚੁੱਕੀ ਹੈ। ਬੜੇ ਨਜ਼ਾਮ ਬਦਲੇ, ਪਰ ਦੁਨੀਆਂ ਦੀ ਖ਼ੂਬਸੂਰਤੀ ਅੱਜ ਵੀ ਦਾਗ਼ਦਾਰ ਹੈ। ਹੁਣ ਇਸ ਨੂੰ ਬਾਗੋ-ਬਹਾਰ ਕਰਨ ਦੀ ਹਸਰਤ ਹੋਰ ਨਹੀਂ ਉਡੀਕ ਸਕਦੀ। ਪਰ ਇਸ ਭੋਂ ਪੋਟਾ-ਪੋਟਾ ਵਿਕੀ ਹੋਈ ਹੈ, ਟੋਟਾ-ਟੋਟਾ ਵੰਡੀ ਹੋਈ ਹੈ, ਇਸ ਲਈ ਪੁਰਖਤਰ ਫੈਸਲੇ ਲੈਣ ਦਾ ਵੇਲਾ ਆ ਗਿਆ ਹੈ। ਗ਼ਜ਼ਲ ਜ਼ਿੰਦਗੀ ਬਾਰੇ ਕਹਿ ਰਹੀ ਹੈ -

ਇਸਨੂੰ ਲੈਣੇ ਪੈਣਗੇ ਕੁਝ ਪੁਰਖਤਰ ਵੀ ਫੈਸਲੇ
ਜ਼ਿੰਦਗੀ ਨੇ ਜੀਣ ਦੇ ਸਾਧਨ ਜੁਟਾਉਣੇ ਨੇ ਤਮਾਮ।

ਅਤੇ ਗ਼ਜ਼ਲ ਇਸਦੀ ਜ਼ਿੰਮੇਵਾਰੀ ਲੈਂਦੀ ਹੈ -

ਕਾਰਵਾਂ ਹਸਰਤ ਦੇ ਮੰਜ਼ਿਲ ਤੱਕ ਪੁਚਾਉਣੇ ਨੇ ਤਮਾਮ
ਮੈਂ ਗੁਲੋਂ ਗੁਲਜ਼ਾਰ, ਮਾਰੂਥਲ ਬਣਾਉਣੇ ਨੇ ਤਮਾਮ।

ਗ਼ਜ਼ਲ ਆਪਣੇ ਆਪ ਨੂੰ ਵਕਤ ਦੀਆਂ ਚੁਣੌਤੀਆਂ ਮੁਤਾਬਕ ਢਾਲ ਰਹੀ ਹੈ। ਉਹ ਲਫ਼ਜ਼ੀ ਸੁਹਜ ਦੀ ਥਾਂ ਵਫ਼ਾ ਦੀ ਗੱਲ ਵਿਚ ਖ਼ੂਬਸੂਰਤੀ ਦੇਖਣ ਲੱਗੀ ਹੈ -

**ਆਪਣੇ ਬੋਲਾਂ ਲਈ ਮੈਂ ਕਿਉਂ ਕਰਾਂ ਗਹਿਣੇ ਤਲਾਸ਼**
**ਖ਼ੂਬਸੂਰਤ ਹੈ ਵਫ਼ਾ ਦੀ ਬਾਤ ਆਪਣੇ ਆਪ ਵਿਚ।**

ਅੱਜ ਦੀ ਪੰਜਾਬੀ ਗ਼ਜ਼ਲ ਨ੍ਹੇਰਿਆਂ, ਸਵੇਰਿਆਂ ਅਤੇ ਸਰਘੀਆਂ ਦੀ ਗੱਲ ਨਵੇਂ ਅੰਦਾਜ਼ ਵਿਚ ਕਰਨਾ ਸਿੱਖ ਰਹੀ ਹੈ। ਹੁਸਨ ਦੇ ਹੱਥ ਫੜੇ ਸ਼ੀਸ਼ੇ ਦਾ ਅੰਦਾਜ਼ ਬਦਲ ਰਿਹਾ ਹੈ। ਉਡੀਕ ਦੇ ਦਰ 'ਤੇ ਹੋਣ ਵਾਲੀ ਦਸਤਕ ਦੀ ਆਵਾਜ਼ ਬਦਲ ਰਹੀ ਹੈ। ਕਾਤਲ, ਮਕਤੂਲ, ਮਕਤਲ, ਅਦਲ ਅਤੇ ਮੁਨਸਫ਼ੀ ਨੂੰ ਨਵੇਂ ਅਰਥ ਮਿਲ ਰਹੇ ਹਨ। ਸਿਤਮ ਉੱਤੇ ਨਵੀਂ ਰੌਸ਼ਨੀ ਪੈ ਰਹੀ ਹੈ। ਅੱਜ ਦੇ ਗੁੰਝਲਦਾਰ ਹਾਲਾਤ ਦੀ ਚੇਤਨਾ ਵੀ ਗ਼ਜ਼ਲ ਕੋਲ ਆ ਰਹੀ ਹੈ। ਕੁਚਲੇ ਜਾ ਰਹੇ ਲੋਕ ਉਸਨੂੰ ਤਬਦੀਲੀ ਲਈ ਉੱਠਦੇ ਨਹੀਂ ਜਾਪਦੇ ਅਤੇ ਗ਼ਜ਼ਲ ਇਸ ਉੱਤੇ ਅਫ਼ਸੋਸ ਜ਼ਾਹਰ ਕਰਦੀ ਹੈ -

**ਉਸ ਸ਼ਹਿਰ ਬਾਰੇ ਕਹੋਗੇ ਕੀ ਤੁਸੀਂ**
**ਮਜ਼ਲੂਮ ਤੇ ਜ਼ਾਲਮ ਨੇ ਜਿੱਥੇ ਹਮਖ਼ਿਆਲ।**

ਪਰ ਗ਼ਜ਼ਲ ਇੱਥੇ ਹੌਂਸਲਾ ਨਹੀਂ ਹਾਰਦੀ ਅਤੇ ਆਸ ਰੱਖਦੀ ਹੈ -

**ਜੂਝਦਾ ਹੀ ਜੇ ਰਿਹਾ ਹਾਲਾਤ ਨਾਲ**
**ਦਰਦ ਪੈਦਾ ਕਰ ਲਵੇਗਾ ਹਮਖ਼ਿਆਲ।**

ਅੱਜ ਪੰਜਾਬੀ ਗ਼ਜ਼ਲ ਦੀ ਜ਼ਰੂਰਤ ਵਕਤ ਦੇ ਦਰਦ ਨੂੰ ਅਪਣਾਉਣਾ ਅਤੇ ਦਰਦ ਦਾ ਕਲਚਰ ਪੈਦਾ ਕਰਨਾ ਹੈ। ਜੇ ਅਸੀਂ ਗ਼ਜ਼ਲ ਵਿਚ ਉਹ ਲਫ਼ਜ਼ ਲਿਆਉਂਦੇ ਹਾਂ, ਜਿਨ੍ਹਾਂ ਤੋਂ ਗ਼ਜ਼ਲ ਵਾਕਫ਼ ਨਹੀਂ, ਉਨ੍ਹਾਂ ਨੂੰ ਧੜਕਨ ਦੀ ਜ਼ੁਬਾਨ ਬਣਨ ਵਿਚ ਮੁੱਦਤਾਂ ਲੱਗਣਗੀਆਂ। ਗ਼ਜ਼ਲ ਵਿਚ ਪਹਿਚਾਣ ਰੱਖਦੇ ਬਹੁਤ ਸਾਰੇ ਲਫਜ਼ ਸਾਡੇ ਕਲਾਸਿਕੀ ਕਿੱਸਿਆਂ ਵਿਚ ਹਨ। ਹੋਰ ਵੀ ਬਹੁਤ ਸਾਰੇ ਲਫ਼ਜ਼ਾਂ ਦੀ ਗੂੰਜ ਸਾਡੀ ਫ਼ਿਜ਼ਾ ਵਿਚ ਹੈ। ਇਨ੍ਹਾਂ ਲਫ਼ਜ਼ਾਂ ਨੂੰ ਦਰਦ ਵਿਚ ਭਿਓਂ ਕੇ ਲੋਕਾਂ ਦੇ ਦਿਲਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਗ਼ਜ਼ਲ ਥੋੜ੍ਹੇ ਵਿਚ ਬਾਹਲਾ ਕਹਿ ਸਕਦੀ ਹੈ ਅਤੇ ਅਸਰਦਾਰ ਢੰਗ ਨਾਲ ਕਹਿ ਸਕਦੀ ਹੈ।

ਅੱਜ ਦੇ ਜੀਵਨ ਵਿਚ ਬੜੀ ਅਫੜਾਤਫੜੀ ਹੈ। ਨਿੱਕੀਆਂ-ਨਿੱਕੀਆਂ ਲੜਾਈਆਂ ਹਰ ਵੇਲੇ ਹਰ ਪਾਸੇ ਨਜ਼ਰ ਆਉਂਦੀਆਂ ਹਨ। ਕਿਤੇ ਕੋਈ ਜ਼ਮੀਨ ਘੁਟਾਲਾ, ਕਿਤੇ ਕੋਈ ਰਿਸ਼ਵਤ ਕਾਂਡ, ਕੋਈ ਜਨਤਕ ਧਨ ਗੋਲਮਾਲ ਜਾਂ ਝੂਠਾ ਪੁਲਿਸ ਮੁਕਾਬਲਾ। ਇਨ੍ਹਾਂ ਸਾਰੀਆਂ ਮੁਸ਼ਕਿਲਾਂ ਦਾ ਹਲ ਕਿਸੇ ਅੱਨਾ ਹਜ਼ਾਰੇ, ਕਿਸੇ ਲੋਕਪਾਲ ਕੋਲ ਨਹੀਂ। ਇਸਦਾ ਫੈਸਲਾ ਜ਼ਿੰਦਗੀ ਦਾ ਸਾਜ਼ੋਸਾਮਾਨ ਬਣਾਉਣ ਵਾਲੇ ਲੋਕਾਂ ਦੇ ਹੱਥ ਵਿਚ ਹੈ। ਇਹ ਕਿਰਤ ਦੀ ਲੜਾਈ ਦਾ ਹਿੱਸਾ ਹੈ ਅਤੇ ਜੰਗਬੰਦੀ ਦਾ ਐਲਾਨ ਉਨ੍ਹਾਂ ਦੀ ਜਿੱਤ ਨੇ ਹੀ ਕਰਨਾ ਹੈ। ਸਾਡੀ ਗ਼ਜ਼ਲ ਨੂੰ ਇਸ ਲੜਾਈ ਵਿਚ ਸ਼ਾਮਲ ਹੋਣ ਦੀ ਸਮਰੱਥਾ ਪੈਦਾ ਕਰਨੀ ਪਵੇਗੀ।

**ਜਿੱਤ ਹੀ ਇਸਦੀ ਕਰੇਗੀ ਜੰਗਬੰਦੀ ਦਾ ਐਲਾਨ,**
**ਅਮਨ ਦੀ ਉਮੀਦ ਹੈ ਹਮਦਮ ਲੜਾਈ ਕਿਰਤ ਦੀ।**



## ਕੁਝ ਚੋਣਵੀਆਂ ਗ਼ਜ਼ਲਾਂ

- ਗੁਰਦੀਪ

1.

ਚਲੋ ਮੌਸਮ ਤੇ ਜੋ ਵੀ ਹੈ, ਦਿਨਾਂ ਵਿਚ ਜਾਨ ਤੇ ਹੋਵੇ,
ਕੋਈ ਸਾਹ ਹਿੱਕ ਭਰਵਾਂ ਲੈਣ ਦਾ ਇਮਕਾਨ ਤੇ ਹੋਵੇ।

ਦਿਲਾਂ ਦੇ ਜ਼ਖ਼ਮ ਇਸ ਪਾਸੇ ਵਫ਼ਾ ਦੀ ਗੱਲ 'ਤੇ ਤੋਰਨ,
ਕਿਸੇ ਦੇ ਜ਼ਖ਼ਮ-ਖ਼ੁਰਦਾ ਹੋਣ ਵਿਚ ਕੁਝ ਸ਼ਾਨ ਤੇ ਹੋਵੇ।

ਬੜੀ ਸੁਰਖ਼ੀ ਹੈ ਇਸ ਜੋਗੀ ਅਜੇ ਮੇਰੇ ਲਹੂ ਅੰਦਰ,
ਬਹਾਰਾਂ ਨੂੰ ਮੇਰੀ ਸ਼ੁਭਕਾਮਨਾ ਪਰਵਾਨ ਤੇ ਹੋਵੇ।

ਪੈਰਾਂ ਹੇਠ ਦੀ ਧਰਤੀ ਚਲੋ ਆਪਣੀ ਨਹੀਂ ਹੋਈ,
ਸਿਰਾਂ ਉੱਤੇ ਗਰੀਬਾਂ ਦੇ ਕੋਈ ਅਸਮਾਨ ਤੇ ਹੋਵੇ।

ਸਿਤਮ ਹੋਵੇ, ਕਹਿਰ ਹੋਵੇ, ਕਿਆਮਤ ਜਾਂ ਢਹੇ ਕੋਈ,
ਤੁਰਨਾ ਬਸ਼ਰ ਦਾ ਸਿਰ ਚੁੱਕ ਕੇ ਆਸਾਨ ਤੇ ਹੋਵੇ।

ਗਿਰਾਵਟ ਹੈ ਵਿਵਸਥਾ ਵਿਚ, ਨਹੀਂ ਇਹ ਬੰਦਿਆਂ ਅੰਦਰ,
ਬਦਲ ਜਾਵੇਗੀ ਹਾਲਤ ਸੱਚ ਇਹ ਪਰਵਾਨ ਤੇ ਹੋਵੇ।

ਤੂਫ਼ਾਨਾਂ, ਝੱਖੜਾਂ ਦੇ ਹਮਸਫ਼ਰ ਹੋ ਜਾਣਗੇ ਲੋਕੀਂ,
ਕਿਸੇ ਤੂਫ਼ਾਨ ਪੱਲੇ ਹਸ਼ਰ ਦਾ ਸਾਮਾਨ ਤੇ ਹੋਵੇ।

2.

ਗਲੀਆਂ 'ਚ ਰਿਹਾ ਰੁਲਦਾ ਖ਼ਤ ਕੌਲ ਕਰਾਰਾਂ ਦਾ,
ਬੇਘਰ ਨੂੰ ਕਿਵੇਂ ਮਿਲਦਾ ਪੈਗ਼ਾਮ ਬਹਾਰਾਂ ਦਾ।

ਹਸਰਤ ਭਰੇ ਹਰ ਦਿਲ ਦੀ ਖਿੜਦੀ ਹੈ ਕਲੀ ਇਥੇ,
ਦੀਵਾਨਾ ਹੈ ਹਰ ਕੋਈ ਇਸ ਤਰਫ਼ ਬਜ਼ਾਰਾਂ ਦਾ।

ਰਹਿਬਰ ਵੀ ਨੇ ਕਾਰਾਂ ਵਿਚ, ਰਹਿਜ਼ਨ ਵੀ ਨੇ ਕਾਰਾਂ ਵਿਚ,
ਇਸ ਰਾਹ ਦੀ ਹਕੀਕਤ ਹੈ ਇਕ ਕਾਫ਼ਲਾ ਕਾਰਾਂ ਦਾ।

ਰਹਿਤਲ ਦੇ ਨਿਘਾਰਾਂ ਦੀ ਤਸਦੀਕ ਨਹੀਂ ਕੋਈ,
ਉੱਥੇ ਵੀ ਝਮੇਲਾ ਹੈ ਕੁਝ ਖ਼ਾਸ ਮਿਆਰਾਂ ਦਾ।

ਹਰ ਪਾਸੇ ਫ਼ਿਜ਼ਾਵਾਂ ਨੂੰ ਸ਼ਿਕਵਾ ਹੈ ਵੀਰਾਨੀ ਦਾ,
ਰਾਹ ਰੋਕ ਲਿਆ ਕਿਸ ਨੇ ਕੂੰਜਾਂ ਦੀਆਂ ਡਾਰਾਂ ਦਾ।

ਫ਼ੁਰਸਤ ਹੀ ਨਹੀਂ ਮੈਨੂੰ ਕਿ ਜ਼ਖ਼ਮ ਗਿਣਾ ਬਹਿ ਕੇ,
ਲੇਖਾ ਹੈ ਬੜਾ ਲੰਬਾ ਇਸ ਦਿਲ ਦੀਆਂ ਹਾਰਾਂ ਦਾ।

ਵਿਕ ਜਾਂਦੇ ਨੇ ਪਲ ਆਪਣੇ ਤੰਗਦਸਤ ਦਿਨਾਂ ਅੰਦਰ,
ਬਚਦਾ ਹੀ ਨਹੀਂ ਵੇਲਾ ਕੁਵਕਤੀ ਪਿਆਰਾਂ ਦਾ।

ਰਹਿੰਦਾ ਹੈ ਪਹਾੜਾਂ ਵਿਚ ਗੁੰਮਨਾਮ ਜਿਹੀ ਥਾਂ ’ਤੇ,
ਗੁਰਦੀਪ ਨੂੰ ਮਿਲ ਆਉਣਾ ਉਹ ਯਾਰ ਹੈ ਯਾਰਾਂ ਦਾ।

3.

ਵਿਕੇ ਹੋਏ ਨੇ ਸਾਰੇ ਰਾਹ ਅੱਗੇ ਜਾਣ ਦੇ ਇਥੇ,
ਲੋਕੀਂ ਪਰ ਹਕੀਕਤ ਇਹ ਨਹੀਂ ਪਹਿਚਾਣਦੇ ਇਥੇ।

ਅਸੀਂ ਇਸ ਨੂੰ ਸੁਨੇਹਾ ਸਮਝਦੇ ਸੀ ਨੇਕ ਰੁੱਤਾਂ ਦਾ,
ਮਾਅਨੇ ਹੋਰ ਨਿਕਲੇ ਵਕਤ ਦੀ ਮੁਸਕਾਣ ਦੇ ਇਥੇ।

ਅਮੀਰੀ ਵਿਚ ਗਰੀਬੀ ਕਿਉਂ ਲੁਕੀ ਹੈ ਵਾਸਤੇ ਸਾਡੇ,
ਸਾਧਨ ਜਦ ਬੜੇ ਨੇ ਆਰਜ਼ੂ ਦੇ ਹਾਣ ਦੇ ਇਥੇ।

ਆਜ਼ਾਦੀ ਉੱਚੀਆਂ ਥਾਵਾਂ ਤੋਂ ਹੇਠਾਂ ਲੱਥ ਪਾਈ ਨਾ,
ਲੋਕੀਂ ਫਿਰ ਰਹੇ ਨੇ ਖ਼ਾਕ ਚਿਰ ਤੋਂ ਛਾਣਦੇ ਇਥੇ।

ਇੱਜ਼ਤ ਮਾਣ ਨੂੰ ਜੋ ਵੇਚ ਲੈਂਦੇ ਨੇ ਮੁਨਾਫ਼ੇ ’ਤੇ,
ਉਹੀ ਮੁਸਤਹੱਕ ਹੁੰਦੇ ਨੇ ਇੱਜ਼ਤ ਮਾਣ ਦੇ ਇਥੇ।



4.

ਕੋਈ ਝੱਖੜ ਅਰਸ਼ ਦੇ ਤਾਰੇ ਬੁਝਾ ਸਕਦਾ ਨਹੀਂ,
ਰਾਤ ਦੀ ਦਹਿਸ਼ਤ ਨੂੰ ਇਸ ਨਾਲੋਂ ਵਧਾ ਸਕਦਾ ਨਹੀਂ।

ਚੁੱਪ ਵੀ ਮਹਿਸੂਸ ਕਰਦੀ ਹੈ ਘੁਟਨ ਇਸ ਸ਼ਹਿਰ ਵਿਚ,
ਧੜਕਣਾਂ ਨੂੰ ਸ਼ਹਿਰ ਤੇਰਾ ਰਾਸ ਆ ਸਕਦਾ ਨਹੀਂ।

ਜ਼ਿੰਦਗੀ ਖ਼ੁਦ ਪਰਖ ਕੇ ਇਸਦਾ ਕਰੇਗੀ ਫੈਸਲਾ,
ਇਸ ਵਫ਼ਾ ਦਾ ਹੋਰ ਕੋਈ ਮੁੱਲ ਪਾ ਸਕਦਾ ਨਹੀਂ।

ਕੌਡੀ-ਕੌਡੀ ਕਰਜ਼ਾ ਲਾਹ ਦਿੱਤਾ ਮੈਂ ਬਾਜ਼ਾਰ ਦਾ,
ਕੋਈ ਦੇ ਵਾਜ ਜਾਂਦੇ ਨੂੰ ਬੁਲਾ ਸਕਦਾ ਨਹੀਂ।

ਦਰਦ ਸਾਂਝਾ ਆਪ ਹੀ ਕਰਨਾ ਹੈ ਦਰਦਾਂ ਵਾਲਿਆਂ,
ਦੂਸਰਾ ਕੋਈ ਕਦੀ ਇਸਨੂੰ ਵੰਡਾ ਸਕਦਾ ਨਹੀਂ।

ਜਿਸ ’ਚ ਲੈ ਕੇ ਭਾਰ ਚੜ੍ਹ ਗਈ ਮੁਨਾਫ਼ਾਖੋਰੀਆਂ,
ਡੁੱਬਣੋਂ ਕੋਈ ਵੀ ਉਹ ਬੇੜੀ ਬਚਾ ਸਕਦਾ ਨਹੀਂ।

ਬੱਦਲਾਂ ਨੂੰ ਦੇਖ ਕੇ ਖੋਲ੍ਹਦਾ ਹੈ ਜੋ ਜ਼ੁਬਾਨ,
ਉਹ ਪਪੀਹਾ ਔੜ ਵੇਲੇ ਮੀਂਹ ਵਰ੍ਹਾ ਸਕਦਾ ਨਹੀਂ।

5.

ਗੱਲ ਦਿਲ ਦੀ ਕਹਿਣ ਦੇ ਹੀਲੇ ਬਹਾਨੇ ਟੋਲਦੀ,
ਮਹਿਕ ਕੋਈ ਫਿਰ ਰਹੀ ਹੈ ਗੁਲਸ਼ਨਾਂ ਵਿਚ ਡੋਲਦੀ।

ਕਰਕੇ ਇਕ ਓਹਲਾ ਜਿਹਾ ਭੁੱਲੀ ਕਿਸੇ ਪਹਿਚਾਣ ਦਾ
ਲੰਘ ਚੱਲੀ ਕੁਝ ਕਹੇ ਬਿਨ ਸ਼ਾਮ ਮੇਰੇ ਕੋਲ ਦੀ।

ਸ਼ੋਰ ਫਿਰਦਾ ਹੈ ਲਈ ਹਰ ਸ਼ਖ਼ਸ ਆਪਣੇ ਨਾਲ-ਨਾਲ,
ਹੁਣ ਨਹੀਂ ਉਸਦੇ ਤਸੱਵਰ ਵਿਚ ਕੋਇਲ ਬੋਲਦੀ।

ਉੱਠ ਚੁੱਕਾ ਹੈ ਭਰੋਸਾ ਜ਼ਿੰਦਗੀ ਦਾ ਬਸ਼ਰ ਤੋਂ,
ਇਸ ਦੇ ਅੱਗੇ ਹੁਣ ਨਹੀਂ ਉਹ ਦਿਲ ਦੀ ਘੁੰਡੀ ਖੋਲ੍ਹਦੀ।

ਨਕਸ਼ ਭੁੱਲੇ ਹੋਏ ਨੇ ਇਸ ਨੂੰ ਕਿਸੇ ਪਹਿਚਾਣ ਦੇ,
ਜ਼ਿੰਦਗੀ ਫਿਰਦੀ ਹੈ ਥਾਂ-ਥਾਂ ਆਪਣਪਨ ਟੋਲਦੀ।

ਆਦਮੀ ਦੇ ਰਿਸ਼ਤਿਆਂ ਵਿਚ ਇਹ ਤੁਹਾਡੀ ਸਭਿਅਤਾ,
ਜਾ ਰਹੀ ਹੈ ਸ਼ੱਕ ਸੰਹਿਸੇ ਬੇਯਕੀਨੀ ਘੋਲਦੀ।

6.

ਮੈਨੂੰ ਘਰ ਦੇ ਸਾਹਮਣੇ ਝੂਠਾ ਬਣਾਉਂਦਾ ਹੈ,
ਚੜ੍ਹਦਾ ਦਿਨ ਮੇਰੀ ਕੁੱਲੀ ’ਚ ਖਾਲੀ ਹੱਥ ਆਉਂਦਾ ਹੈ।

ਐਵੇਂ ਕੌਣ ਬੱਦਲ ਦੀ ਬੁਝਾਉਂਦਾ ਅੱਗ ਫਿਰਦਾ ਹੈ,
ਉਹਨੂੰ ਅੰਬਰਾਂ ਤੋਂ ਸੁਰਖ਼ੀਆਂ ਵਰਨ੍ਹਾ ਡਰਾਉਂਦਾ ਹੈ।

ਰਵਾਨੀ ਪੀ ਲਈ ਹੈ ਭਾਵੇਂ ਦਰਿਆ ਦੀ ਸਮੁੰਦਰ ਨੇ,
ਨਿਰੰਤਰ ਤੋਰ ਦਾ ਲੇਕਿਨ ਸਲੀਕਾ ਇਸਨੂੰ ਆਉਂਦਾ ਹੈ।

ਗਰੀਬੀ, ਦੁੱਖ, ਦਹਿਸ਼ਤ, ਜਬਰ ਕੱਠਾ ਬੰਨ੍ਹ ਧਰਦਾ ਹੈ,
ਉਹ ਸਾਰੀ ਦਾਸਤਾਂ ਆ ਕੇ ਤਰੱਕੀ ’ਤੇ ਮੁਕਾਉਂਦਾ ਹੈ।

ਇਹ ਕਿੱਦਾਂ ਦੀ ਮਸਾਵਤ ਹੈ ਜੋ ਸਾਨੂੰ ਧਰਮ ਦਿੰਦਾ ਹੈ,
ਅਨੋਖਾ ਸੱਚ ਹੈ ਜਿਹੜਾ ਹਕੀਕਤ ਨੂੰ ਛੁਪਾਉਂਦਾ ਹੈ।

ਇਨ੍ਹਾਂ ਪੈਂਡਿਆਂ ਨੂੰ ਨਾਪਣਾ ਹੈ ਖ਼ੁਦ ਹੀ ਪੈਰਾਂ ਨੇ,
ਕੱਚੇ ਰਸਤਿਆਂ ’ਤੇ ਮੀਲ ਪੱਥਰ ਕੌਣ ਲਾਉਂਦਾ ਹੈ।

7.

ਮੈਂ ਮਸ਼ੀਨਾਂ ਦੇ ਪਤੇ ’ਤੇ ਧੜਕਣਾਂ ਨੂੰ ਖ਼ਤ ਲਿਖੇ,
ਦਰਦ ਦੇ ਨਾਜ਼ੁਕ ਵਿਸ਼ੇ ’ਤੇ ਕਾਤਲਾਂ ਨੂੰ ਖ਼ਤ ਲਿਖੇ।

ਇਸ ਨੂੰ ਹੀ ਆਖਦੇ ਨੇ ਇਸ਼ਕ ਦੀ ਦੀਵਾਨਗੀ,
ਮੈਂ ਮੁਖ਼ਾਤਬ ਹੋ ਕੇ ਤੈਨੂੰ ਸੁਪਨਿਆਂ ਨੂੰ ਖ਼ਤ ਲਿਖੇ।

ਇਕ ਗਵਾਚੀ ਲਹਿਰ ਨੂੰ ਲੱਭੀ ਗਿਆ ਦਿਲ ਨਾਮੁਰਾਦ,
ਕੰਢਿਆਂ ਦੀ ਮਾਰਫ਼ਤ, ਮੈਂ ਸਾਗਰਾਂ ਨੂੰ ਖ਼ਤ ਲਿਖੇ।



ਹੁੰਦੇ ਹੁੰਦੇ ਸ਼ੋਰ ਨੇ ਮਹਿਫ਼ਿਲ ’ਤੇ ਕਬਜ਼ਾ ਕਰ ਲਿਆ,
ਮੈਂ ਇਕੱਲਾ ਵਿਚ ਬਹਿ ਕੇ, ਨਗ਼ਮਿਆਂ ਨੂੰ ਖ਼ਤ ਲਿਖੇ।

ਰਹਿਨੁਮਾ ਦੀ ਤਰਜਮਾਨੀ, ਰਾਹ ਦੀ ਆਲੋਚਨਾ,
ਭਟਕਣਾਂ ਦੇ ਸ਼ਹਿਰ ਤੋਂ ਮੈਂ ਮੰਜ਼ਿਲਾਂ ਨੂੰ ਖ਼ਤ ਲਿਖੇ।

ਗੱਲ ਧਰਤੀ ਦੀ ਮੈਂ ਕੀਤੀ ਆਪਣੇ ਅੰਦਾਜ਼ ਵਿਚ,
ਤਾਰਿਆਂ ਦੇ ਹਰਫ਼ ਪਾ ਕੇ ਅੰਬਰਾਂ ਨੂੰ ਖ਼ਤ ਲਿਖੇ।

ਲੱਭਿਆ ਜਦ ਮੈਂ ਗਵਾਚਣ ਬਾਅਦ ਆਪਣੇ ਆਪ ਨੂੰ,
ਸ਼ਹਿਰ ਤੋਂ ਮੈਂ ਆਪਣੇ ਨਿੱਕੇ ਗਰਾਂ ਨੂੰ ਖ਼ਤ ਲਿਖੇ।

8.

ਤੁਰਦਾ ਕਾਰਵਾਂ ਰਹਿਣਾ ਹੈ, ਏਦਾਂ ਵੀ ਤੇ ਓਦਾਂ ਵੀ,
ਬਦਲਦੇ ਮੰਜ਼ਰਾਂ ਰਹਿਣਾ ਹੈ, ਏਦਾਂ ਵੀ ਤੇ ਓਦਾਂ ਵੀ।

ਲੁਕਾ ਦੇ ਦਿਲ ਦੇ ਜ਼ਖ਼ਮਾਂ ਦਾ, ਬਚਾਅ ਕੀ ਦਰਦ ਦੇ ਹੱਥੋਂ,
ਜ਼ਖ਼ਮੀ ਧੜਕਣਾਂ ਰਹਿਣਾ ਹੈ, ਏਦਾਂ ਵੀ ਤੇ ਓਦਾਂ ਵੀ।

ਖੁਸ਼ ਹੋ ਕੇ ਲੁਟਾ ਦੇਵੋ, ਜਾਂ ਗ਼ਮ ਅੰਦਰ ਲੰਘਾ ਦੇਵੋ,
ਜਾਂਦਾ ਹੀ ਸਮਾਂ ਰਹਿਣਾ ਹੈ, ਏਦਾਂ ਵੀ ਤੇ ਓਦਾਂ ਵੀ।

ਝੁਕਾਓ ਸਿਰ ਅਦਲ ਅੱਗੇ, ਜਾਂ ਕਾਤਲ ਨੂੰ ਕਰੋ ਸਿਜਦਾ,
ਉਸੇ ਭਾਅ ਨਿਆਂ ਰਹਿਣਾ ਹੈ, ਏਦਾਂ ਵੀ ਤੇ ਓਦਾਂ ਵੀ।

ਤੁਹਾਡੀ ਬੇਰੁਖ਼ੀ ਹੋਵੇ ਜਾਂ ਕਾਰਨ ਮਿਹਰਬਾਨੀ ਦਾ,
ਦੁਸ਼ਮਣਾਂ ਰਹਿਣਾ ਹੈ, ਏਦਾਂ ਵੀ ਤੇ ਓਦਾਂ ਵੀ।

ਤੁਸੀਂ ਅਪਣਤ ਵਿਚ ਢਾਓ, ਜਾਂ ਢਾਓ ਹੋ ਕੇ ਬੇਗਾਨੇ,
ਸਿਤਮ ਦਾ ਨਾਂ ਸਿਤਮ ਰਹਿਣਾ ਹੈ, ਏਦਾਂ ਵੀ ਤੇ ਓਦਾਂ ਵੀ।

•••

# ਗੁਰਦੀਪ ਨਾਲ ਮੁਲਾਕਾਤ

- ਪ੍ਰੇਮ ਸਾਹਿਲ (ਡੇਅਰਾਦੂਨ)

**ਪ੍ਰੇਮ ਸਾਹਿਲ :** ਕਵਿਤਾ 'ਚ ਯਥਾਰਥਵਾਦ ਬਾਰੇ ਕੁਝ ਦੱਸੋ।

**ਗੁਰਦੀਪ :** ਕਵਿਤਾ 'ਚ ਜਦੋਂ ਯਥਾਰਥਵਾਦ ਆਉਂਦਾ ਹੈ ਉਹ ਇਮੇਜਜ਼ ਦੀ ਸ਼ਕਲ 'ਚ ਆਉਂਦਾ ਹੈ। ਕਿਸੇ ਵੇਲੇ ਦਾ ਯਥਾਰਥ ਕਿਹੜੇ ਇਮੇਜਜ਼ ਪੈਦਾ ਕਰਦਾ ਹੈ। ਇੱਥੇ ਇਹ ਗੱਲ ਵੀ ਜ਼ਿਕਰ ਕਰਨ ਵਾਲੀ ਹੈ ਕਿ ਯਥਾਰਥ ਕਿਸੇ ਵਕਤ ਦੀਆਂ ਅਕਾਂਕਸ਼ਾਵਾਂ ਨਾਲ ਜੁੜਿਆ ਹੁੰਦਾ, ਤੇ ਅਕਾਂਕਸ਼ਾਵਾਂ ਜ਼ਿੰਦਗੀ ਦੀਆਂ ਲੋੜਾਂ ਦੀ ਚੰਗੀ ਪੂਰਤੀ ਤੇ ਸਹੂਲਤਾਂ ਦੇ ਤਸੱਵਰ ਨਾਲ ਜੁੜੀਆਂ ਹੁੰਦੀਆਂ ਨੇ। ਯਥਾਰਥ ਜ਼ਿੰਦਗੀ ਦੀਆਂ ਲੋੜਾਂ ਨਾਲ ਜੁੜਿਆ ਹੁੰਦਾ ਹੈ।

Poetic reality emotional realism ਹੁੰਦਾ ਹੈ। ਜ਼ਿੰਦਗੀ ਦੇ ਘਮਾਸਾਨਾਂ 'ਚ ਉਤਰੇ ਬਗ਼ੈਰ ਜ਼ਿੰਦਗੀ ਦੀ ਗੱਲ ਨਹੀਂ ਕੀਤੀ ਜਾ ਸਕਦੀ। ਪਰਵਰਸ਼ਨ ਪਿਕਾਸੋ 'ਚ ਵੀ ਸੀ। ਉਸਦੇ ਜੀਵਨ 'ਚ ਸੀ। ਕਬਾੜ ਲੈ ਕੇ ਕੁਝ ਬਨਾਣ ਲੱਗਣਾ ਜੇ ਕੋਈ idea express ਨਹੀਂ ਕਰ ਸਕਦਾ ਤਾਂ ਯਥਾਰਥਵਾਦ ਕਿੱਦਾਂ ਆਵੇਗਾ? ਕਾਫ਼ਕਾ ਦੀ ਸਾਰੀ ਚੀਜ਼ ਕੋਈ ਯਥਾਰਥਵਾਦੀ ਨਹੀਂ ਪੜ੍ਹ ਸਕਦਾ। ਉਹ ਤਾਂ ਚਾਹੁੰਦਾ ਹੀ ਨਹੀਂ ਸੀ ਕਿ ਉਸਦਾ ਲਿਖਿਆ ਛਾਪਿਆ ਜਾਵੇ।

ਪਹਿਲਾਂ ਤਾਂ person ਦੀ ਗੱਲ ਜਾਂ ਤਾਂ ਵੀਰਤਾ ਦੀ ਗੱਲ ਸੀ। Character actor ਦੇ ਰੂਪ 'ਚ ਪਹਿਲਾਂ ਵਿਸ਼ੇਸ਼ ਬੰਦਾ ਆਉਂਦਾ ਸੀ। ਸਧਾਰਨ ਆਦਮੀ ਦੇ ਰੂਪ 'ਚ ਕਵਿਤਾ 'ਚ ਉਸਦੀ ਕੋਈ ਥਾਂ ਨਹੀਂ ਸੀ। ਗ਼ਾਲਿਬ ਨੇ ਜ਼ਿੰਦਗੀ ਦੀ ਤੜਪ ਨੂੰ ਹੱਥ ਪਾਇਆ। ਜ਼ੁਬਾਨ ਨੂੰ ਤਸੱਵਰਗਤ ਵੀ ਨਵੇਂ-ਨਵੇਂ ਦਿੱਤੇ।

ਗ਼ਮ, ਖ਼ੁਸ਼ੀ ਤੇ ਦਰਦ ਨੂੰ ਮੀਰ ਨੇ ਵੀ ਜ਼ੁਬਾਨ ਦਿੱਤੀ। ਕਵਿਤਾ 'ਚ ਇਨ੍ਹਾਂ ਦਾ ਯਥਾਰਥ ਸਾਮਿਅਕ ਅੰਦੋਲਨਾਂ ਦਾ ਹੈ। ਕਿਤੇ ਅੰਗਰੇਜ਼ ਨੂੰ ਚੈਲੰਜ ਕੀਤਾ ਜਾ ਰਿਹਾ। ਕਿਤੇ ਅੱਗੇ ਵੱਧ ਕੇ ਬਗ਼ਾਵਤ ਲਈ ਕਿਹਾ ਜਾ ਰਿਹਾ ਸੀ। ਜਦ ਕਿ ਪਹਿਲਾਂ patrons ਦੀ ਕਸ਼ੀਦਾਕਸ਼ੀ ਕੀਤੀ ਗਈ ਸੀ –

"ਬਹੁਤ ਮਿਹਰਬਾਨ ਹੈ ਮਹਾਰਾਜ ਅਪਨੇ
ਗ਼ਰੀਬੋਂ ਕੀ ਸੁਨਤੇ ਹੈਂ ਫਰਿਆਦ ਦਿਲ ਸੇ
ਯਤੀਮੋਂ ਕੀ ਕਰਤੇ ਹੈਂ ਇਮਦਾਦ ਦਿਲ ਦੇ" ਵਗ਼ੈਰਾ-ਵਗ਼ੈਰਾ

ਰਜਵਾੜਿਆਂ ਨੇ ਵੀ ਬੰਦੇ ਇਸ ਤਰ੍ਹਾਂ ਦੇ ਕਸੀਦੇ ਪੜ੍ਹਨ ਵਾਲੇ ਰੱਖੇ ਹੋਏ ਸਨ। Emotional realism ਦਾ ਅਰਥ ਕੇਵਲ ਰੋਣਾ-ਧੋਣਾ ਹੀ ਨਹੀਂ। ਇਸ 'ਚ ਉਲਹਾਸ, ਖ਼ੁਸ਼ੀ, ਰਕਾਬਤ, ਈਰਖਾ ਬਹੁਤ ਸਾਰੇ ਇਨਸਾਨੀ ਝੁਕਾਅ ਆ ਜਾਂਦੇ ਨੇ।

**ਪ੍ਰੇਮ ਸਾਹਿਲ :** ਸੌਂਦਰਯ ਤੇ ਯਥਾਰਥ ਬਾਰੇ।

**ਗੁਰਦੀਪ :** Aesthetics, social reality 'ਚ ਕਿੱਥੇ ਹੈ? ਇਸ ਦੀ ਤਸਵੀਰਕਸ਼ੀ 'ਚ ਕਿੱਥੇ ਹੈ? ਸੁਹਜ-ਸੁਆਦ ਦੀ ਪੂਰਤੀ ਹੋਵੇਗੀ ਜੇ ਇਸ ਤੋਂ ਕੋਈ ਸੁਪਨਾ ਪੈਦਾ ਹੁੰਦਾ ਹੈ। ਅਗਾਂਹ ਦੀ ਜ਼ਿੰਦਗੀ ਜੀਣ ਦਾ ਕੋਈ ਰਾਹ ਨਿਕਲਦਾ ਹੈ। astetics ਦਾ ਮਾਮਲਾ –



ਜੀਵਨ ਦਾ ਜਿਹੜਾ ਸੌਂਦਰਯ ਹੈ ਉਹ ਇਹਦੇ 'ਚ ਖ਼ੂਬਸੂਰਤ ਹੋਣ ਦੀ potentiality 'ਚ ਪਿਆ ਹੈ। ਕਿ ਇਹ ਜ਼ਿੰਦਗੀ ਸਾਂਭਣਯੋਗ ਹੈ।

Practical ਗੱਲ – historical realism ਤੇ realism 'ਚ ਫ਼ਰਕ। ਕਿਸੇ ਵੇਲੇ ਦਾ social ebb and flow ਕਿਸੇ ਥਾਂ ਦੀ reality ਹੈ। ਉਹ ਵਕਤ ਦਾ ਸੱਚ ਹੈ। ਮੁਕਾਮੀ ਤੇ ਵਕਤੀ ਸੱਚ 'ਚ ਵੀ ਫ਼ਰਕ ਹੈ। ਜ਼ਰੂਰੀ ਨਹੀਂ ਕਿ ਵਕਤੀ ਸੱਚ ਮੁਕਾਮੀ ਸੱਚ ਵੀ ਹੋਵੇ। ਸੱਚ universal ਹੋਣਾ ਚਾਹੀਦਾ।

ਸਾਹਿਤ ਦਿਲਾਂ ਤੇ ਕੀ ਅਸਰ ਛੱਡ ਜਾਂਦਾ ਹੈ, ਇਹੀ ਸਾਹਿਤ ਦੀ ਕਾਮਯਾਬੀ ਹੈ। ਕਿਤੇ ਉਪਰਾਮ ਕਰ ਗਿਆ ਕਿਤੇ ਹਉਕਾ ਕਢਾ ਗਿਆ। ਕਿਤੇ ਸੋਚ ਵਿਚ ਪਾ ਗਿਆ ਤੇ ਕਿਤੇ ਗੁੱਸਾ ਦਿਲਾ ਗਿਆ।

ਬਲਜ਼ਾਕ ਨੇ ਬੜਾ ਗੁੱਸਾ ਦੁਆਇਆ। ਐਮਲੀ ਜ਼ੋਲਾ ਨੇ ਸਾਹਿਤ ਰਾਹੀਂ ਹੜਤਾਲਾਂ ਕਰਵਾਈਆਂ। ਬਲਜ਼ਾਕ ਦੀ ਤਾਂ human comedy ਸੀ ਬੰਦਿਆਂ ਦਾ attitude ਵਗ਼ੈਰਾ। ਪੁਰਾਣੀ ਵਿਵਸਥਾ ਦਾ ਜਾਣਾ ਜਿੱਥੇ ਇਕ ਯਥਾਰਥ ਹੈ, ਉਸਦੀ ਥਾਂ ਨਵੀਂ ਵਿਵਸਥਾ ਦਾ ਆਉਣਾ ਵੀ ਯਥਾਰਥ ਹੈ। ਸੰਬੰਧਤ ਧਿਰਾਂ ਦੇ ਦਿਲਾਂ 'ਤੇ ਇਸ ਦਾ ਕੀ ਅਸਰ ਪੈ ਰਿਹਾ। ਇਸ ਨਾਲ ਹੀ ਯਥਾਰਥ ਦੀ ਸਹੀ ਤਸਵੀਰ ਬਣਦੀ ਹੈ।

**ਪ੍ਰੇਮ ਸਾਹਿਲ :** ਹੁਸਨੇ ਬਿਆਂ ਤੇ ਯਥਾਰਥ ਬਾਰੇ?

**ਗੁਰਦੀਪ :** Realism 'ਚ ਤਿੰਨ ਧਿਰਾਂ involve ਹੁੰਦੀਆਂ ਨੇ। ਜਿਵੇਂ Computer ਨੂੰ ਲੈ ਲਓ — Computer service industry, Service consumer, Displaced persons (workers) ਇਨ੍ਹਾਂ ਧਿਰਾਂ ਨੂੰ with depth ਚਿਤਰਨ ਦੀ ਲੋੜ ਹੈ। ਗਹਿਰਾਈ ਤੇ ਹਮਾਗੀਰੀ ਤੋਂ ਬਗ਼ੈਰ reality superficial ਰਹਿ ਜਾਂਦੀ ਹੈ। ਗਹਿਰਾਈ ਨਾਲ ਵੇਖਣ 'ਤੇ ਪਤਾ ਲੱਗਦਾ ਹੈ ਕਿ reality positive ਹੈ ਜਾਂ ਕਿ negative ਹੈ। Reality ਸਾਰਿਆਂ ਨੂੰ ਇਕੋ ਜਿਹੀ ਨਹੀਂ ਦਿਸਦੀ। ਲੇਖਕ ਇਕ ਧਿਰ ਵੱਲ ਹੈ ਜਾਂ ਸਾਰਿਆਂ ਨੂੰ ਨਾਲ ਲੈ ਕੇ ਕਿਤੇ ਪਹੁੰਚਦਾ ਹੈ। Aesthetics, physical ਨਹੀਂ ਹੁੰਦੀ। Sensation 'ਚ communication involve ਨਹੀਂ ਹੁੰਦੀ। ਹੁਸਨੇ-ਬਿਆਂ ਲਫ਼ਜ਼ੀ ਕਲਾਬਾਜ਼ੀਆਂ ਨੂੰ ਨਹੀਂ ਕਹਿੰਦੇ। ਹੁਸਨੇ-ਬਿਆਂ ਸਹੀ ਅਰਥਾਂ 'ਚ ਜੇ ਜ਼ੁਬਾਨ ਜਾਂ communications 'ਚ ਕੋਈ ਵਾਧਾ ਕਰੀਏ। ਮਿਸਾਲ ਦੇ ਤੌਰ ਤੇ –

"ਯੇ ਧੂਪ ਕਿਨਾਰਾ ਸ਼ਾਮ ਢਲੇ,
ਮਿਲਤੇ ਹੈਂ ਦੋਨੋਂ ਵਕਤ ਜਹਾਂ।" ਵਿਚ 'ਧੁੱਪ ਕਿਨਾਰਾ'
ਗੱਲ ਦੇ ਹੁਸਨ 'ਚ ਵਾਧਾ ਕਰ ਰਿਹਾ

"ਕਾਂਪਤੀ ਲੋਅ ਸ਼ਬੇ-ਗ਼ਮ ਦੀ ਦੀਵਾਰ ਪਰ" ਵਿਚ 'ਸ਼ਬੇ ਗ਼ਮ ਕੀ ਦੀਵਾਰ' ਹੁਸਨ ਪੈਦਾ ਕਰ ਰਿਹਾ।

"ਯਾਦ ਕੇ ਚਾਂਦ ਦਿਲ ਮੇਂ ਉਤਰਤੇ ਰਹੇ" ਵਿਚ 'ਯਾਦ ਕੇ ਚਾਂਦ' ਜ਼ੁਬਾਨ ਦਾ ਵਾਧਾ ਹੈ।

"ਫਿਰ ਫਿਰ ਫਿਰ ਫਿਰ-ਫਿਰ ਆਵੀਂ,
ਫਿਰ ਆਵੀਂ, ਫਿਰ ਆਵੀਂ।" ਕੋਈ ਹੁਸਨੇ-ਬਿਆਂ ਨਹੀਂ ਹੈ।

ਮਹਿਜੂਜ਼ੀਅਤ (ਸੁਹਜ-ਸੁਆਦ) ਦਾ ਉਕਸਾਣ ਨਾਲ ਕੋਈ ਵਾਸਤਾ ਨਹੀਂ। ਉਹ ਤੁਹਾਡੇ mental ਤੇ spiritual processes ਨੂੰ stimulate ਕਰਕੇ ਜ਼ਿੰਦਗੀ ਨਾਲ ਤੁਹਾਡਾ ਰਿਸ਼ਤਾ ਡੂੰਘਾ ਤੇ ਕੀਮਤੀ ਬਣਾਉਂਦੀ ਹੈ।

ਪ੍ਰੇਮ ਸਾਹਿਲ : ਕਲਾਸੀਕਲ ਸਾਹਿਤ ਤੋਂ ਕੀ ਭਾਵ ਹੈ?

ਗੁਰਦੀਪ : Classics ਹਮਾਗੀਰ (universal) ਜੀਵਨ ਕਦਰਾਂ ਦਾ ਸਾਹਿਤ। ਕਲਾਸੀਕਲ 'ਚ ਫਾਰਮ ਹੀ ਪ੍ਰਧਾਨ ਹੈ ਇਹ art ਸਾਰਾ ਹੈ ਹੀ ਕਵਿਤਾ 'ਚ। ਜਦ ਕਿ ਨਾਵਲ ਜਿੰਨੇ ਨੇ ਉੱਨੇ ਹੀ ਉਸਦੇ ਫਾਰਮ ਨੇ।

Classics ਦਾ ਉਲਟ consumer art ਹੈ। Use and throw ਵਾਂਗ। ਜਾਂ disposable ਕਹਿ ਲਓ -

ਫ਼ੈਜ਼ ਕਲਾਸੀਕਲ 'ਚ ਆ ਗਿਆ -

"ਜਬ ਕੁੰਜੇ-ਕਫ਼ਸ ਮਸਕਨ (ਘਰ) ਠਹਿਰਾ
ਔਰ ਜ਼ੇਬੋ ਗਰੇਬਾਂ (ਗਲ ਪਾਉਣ ਵਾਲਾ ਵਸਤਰ) ਤੌਕੋ-ਰਸਨ (ਫਾਂਸੀ ਦਾ ਫੰਦਾ)
ਆਏ ਕਿ ਨਾ ਆਏ ਮੌਸਮੇ-ਗੁਲ
ਇਸ ਦਰਦੇ ਜਿਗਰ ਕਾ ਕਯਾ ਹੋਗਾ।"

(-ਫ਼ੈਜ਼)

human emotions (ਧੜਕਨ)

"ਧੜਕਨ ਦੀ ਫ਼ਿਕਰ ਹੋਈ ਹੈ ਮੈਨੂੰ ਨਵੀਂ-ਨਵੀਂ
ਉਦਾਂ ਤਾਂ ਮੇਰੀ ਸੋਚ ਵਿਚ ਮੁੱਢੋਂ ਫ਼ਿਤੂਰ ਸੀ।" -ਗੁਰਦੀਪ

ਪ੍ਰੇਮ ਸਾਹਿਲ : ਕਵਿਤਾ ਤੇ ਗਦ 'ਚ ਵੱਡਾ ਫ਼ਰਕ ਕੀ ਸਮਝਦੇ ਹੋ?

ਗੁਰਦੀਪ : "ਹੈ ਜ਼ਿੰਦਗੀ ਇਕ ਗੀਤ ਜਿਸੇ ਗਾ ਰਹੇ ਹੈਂ ਹਮ,
ਸੁਰਤਾਲ ਮੇਂ ਯੇ ਗੀਤ ਨਾ ਗਾਇਆ ਤੋ ਕਯਾ ਕੀਆ।"

ਦੋਹਾਂ ਦੇ ਡਿਕਸ਼ਨ ਅੱਡ-ਅੱਡ ਨੇ। Prose 'ਚ logic ਹੁੰਦਾ ਏ। Poetry 'ਚ ਬਿਲਕੁਲ ਨਹੀਂ। Prose 'ਚ ਸਪੱਸ਼ਟਤਾ ਹੁੰਦੀ ਏ, Poetry 'ਚ ਸਪੱਸ਼ਟਤਾ ਜ਼ਰੂਰੀ ਨਹੀਂ। Prose 'ਚ ਸੰਖੇਪਤਾ ਹੁੰਦੀ ਏ ਜਾਂ ਹੋਣੀ ਚਾਹੀਦੀ ਹੈ। Poetry ਦੇ ਮਾਇਨੇ ਇਕ ਤੋਂ ਵੱਧ ਹੋ ਸਕਦੇ ਨੇ। ਇਸ ਲਈ ਵਿਸਤਰਤ ਹੁੰਦੀ ਏ।

ਪ੍ਰੇਮ ਸਾਹਿਲ : ਵੱਡੀ ਤੇ ਛੋਟੀ ਸ਼ਾਇਰੀ 'ਚ ਭੇਦ

ਗੁਰਦੀਪ : ਜਿਹੜੀਆਂ ਗੱਲਾਂ ਸਾਹਮਣੇ ਆਉਂਦੀਆਂ ਨੇ ਉਨ੍ਹਾਂ ਨੂੰ ਹੀ ਮੰਨਾਂਗੇ। ਵੱਡੇ ਸ਼ਾਇਰ ਜੋ ਹੋਏ - ਮੀਰ।

ਵੱਡੀ ਸ਼ਾਇਰੀ Classical poetry, universal value ਵਾਲੀ, ਜਿਸਦਾ Art form ਸਾਹਿਬੇ-ਤਰਜ਼, ਖ਼ਾਸ ਤਰੀਕਾ ਸ਼ਾਇਰੀ ਦਾ। ਕਲਾ ਦੀਆਂ ਐਨੀਆਂ ਸਿਫ਼ਤਾਂ ਕਿ ਕਲਾਮ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਿਆ। ਦਿਲਾਂ 'ਚ ਉਤਰ ਕੇ ਬਹੁਤ ਸਾਲ ਰਾਜ ਕੀਤਾ। ਜਾਂ ਜੋ ਅਸਰ ਪਾਵੇ। ਪਰ ਜਿਨ੍ਹਾਂ 'ਚ ਉਕਤ ਸਿਫ਼ਤਾਂ ਨਹੀਂ ਉਹ ਛੋਟੀ ਸ਼ਾਇਰੀ ਹੈ।



ਪ੍ਰੇਮ ਸਾਹਿਲ : ਅੱਜ ਦੀ ਸ਼ਾਇਰੀ ਦਾ ਸੰਕਟ ਤੇ ਸਿਫ਼ਤ।

ਗੁਰਦੀਪ : ਜਜ਼ਬਾਤ ਦੇ ਸੰਕਟ 'ਚੋਂ ਗੁਜ਼ਰ ਰਹੇ ਹਾਂ। ਕਲਾ ਦੇ ਖੇਤਰ 'ਤੇ ਉਦਯੋਗ ਦਾ ਕਬਜ਼ਾ ਹੈ। Visual sensation ਹੈ। Visual ਤੁਹਾਨੂੰ ਸੋਚ 'ਚ ਨਹੀਂ ਪਾਉਂਦਾ। ਸੋਚ-ਵਿਚਾਰ ਘਟਦਾ ਜਾ ਰਿਹਾ। ਗਿਆਨ-ਧਿਆਨ (ਜ਼ਿੰਦਗੀ ਦੀ ਸਮਝ ਵਾਲਾ) ਗੁਆਚ ਰਿਹਾ। ਜ਼ਿੰਦਗੀ ਨਾਲ ਡੂੰਘਾ ਨਾਤਾ ਕਾਇਮ ਕਰਨ ਵਾਲਾ ਧਿਆਨ ਹੁੰਦਾ ਏ। ਗਿਆਨ ਨਾਲ ਸਮਝ ਵਧਦੀ ਏ।

ਅੱਜ ਸ਼ਾਇਰੀ 'ਚ ਕੁਝ ਵੀ ਪਾਜ਼ਿਟਿਵ ਨਹੀਂ ਹੋ ਰਿਹਾ। ਕਾਰਣ ਕਿ ਅਸੀਂ ਪਾਠਕ ਪੈਦਾ ਨਹੀਂ ਕਰ ਰਹੇ। ਸਮਝ ਆਉਣ ਵਾਲੀ ਕਵਿਤਾ ਅਸੀਂ ਖ਼ਾਰਿਜ ਕਰ ਦਿੱਤੀ ਹੋਈ ਏ। ਜਿਹੜੀ ਅੱਜ ਲਿਖ ਰਹੇ ਹਾਂ, ਲੋਕਾਂ ਦੀ ਸਮਝ ਤੋਂ ਪਰੇ ਹੈ। ਕਵਿਤਾ ਦਾ ਜ਼ੌਕੋ-ਫ਼ਿਕਰ ਖ਼ਾਸ ਤਰ੍ਹਾਂ ਦੇ ਲੋਕਾਂ 'ਚ ਅੱਜ ਵੀ ਹੈ। ਜਿਵੇਂ ਬੰਗਾਲੀਆਂ 'ਚ ਹੈ।

ਸਾਡੇ ਦਿਲਾਂ 'ਚ ਸਾਹਿਤ ਦੀ ਲੋੜ ਘੱਟ ਚੁੱਕੀ ਹੈ। ਬਾਜ਼ੌਕ ਹੋਣਾ ਅਸੀਂ ਆਪਣੀ ਸਿਫ਼ਤ ਨਹੀਂ ਸਮਝਦੇ। ਜਦਕਿ ਗੁਰਦੁਆਰੇ ਮੱਥਾ ਟੇਕਣਾ ਤੇ ਪਾਠ ਕਰਨਾ ਅਸੀਂ ਬੱਚਿਆਂ ਨੂੰ ਸਿਖਾ ਰਹੇ ਹਾਂ। ਪਰ ਸ਼ਾਇਰੀ ਦਾ ਸੰਸਕਾਰ ਨਹੀਂ ਸਿਖਾ ਰਹੇ।

ਜਿੱਥੋਂ ਤਾਈਂ ਸ਼ਾਇਰੀ ਦੀ ਸਿਫ਼ਤ ਦਾ ਸਵਾਲ ਹੈ, ਸ਼ੁਰੂ 'ਚ ਸਫ਼ੀਰ ਦੀ ਸ਼ਾਇਰੀ ਸਮਝ ਨਹੀਂ ਆਉਂਦੀ ਸੀ। ਜਦਕਿ ਭਾਈ ਵੀਰ ਸਿੰਘ ਲੋਕਾਂ ਨੂੰ ਸਮਝ ਆਉਂਦਾ ਸੀ। ਬਾਵਾ ਬਲਵੰਤ, ਅੰਮ੍ਰਿਤਾ ਤੇ ਮੋਹਣ ਸਿੰਘ ਸਮਝ ਆਉਂਦੇ ਸਨ। ਸ਼ਿਵ ਕੁਮਾਰ ਤੱਕ ਵੀ ਲੋਕਾਂ ਨੂੰ ਸ਼ਾਇਰੀ ਸਮਝ ਆਉਂਦੀ ਰਹੀ।

ਸ਼ਿਵ ਕੁਮਾਰ ਤੋਂ ਬਾਅਦ ਦੇ ਸ਼ਾਇਰਾਂ 'ਚੋਂ ਪਾਤਰ ਦੀ ਖੁੱਲ੍ਹੀ ਕਵਿਤਾ (ਜੋ ਕਿ ਘੱਟ ਹੈ) ਵੀ ਸਮਝ ਘੱਟ ਆਉਂਦੀ ਹੈ। ਗ਼ਜ਼ਲ ਉਸਦੀ ਸਮਝ ਆਉਂਦੀ ਹੈ। ਪਰ ਉਸ 'ਚ ਰਵਾਨੀ ਬਹੁਤੀ ਨਹੀਂ। ਉਨ੍ਹਾਂ ਪਿੱਛੇ ਰਵਾਇਤ ਕੋਈ ਨਹੀਂ।

"ਕੀ ਅਦਾਲਤ ਹੈ, ਕੀ ਵਕਾਲਤ ਹੈ,
ਸੱਚ ਕਿੱਥੇ ਤੇ ਫ਼ੈਸਲਾ ਕਿੱਥੇ।" - ਸੁਰਜੀਤ ਪਾਤਰ

ਜਦਕਿ ਅਦਾਲਤ 'ਚ 'ਹੱਕ' ਮੰਗਿਆ ਜਾਂਦਾ ਨਾ ਕਿ 'ਸੱਚ'।

ਸੱਚ ਤਾਂ ਪੰਜਾਬੀ ਰਵਾਇਤ ਹੈ ਸ਼ਾਇਰੀ ਦੀ। ਉਕਤ ਸ਼ਿਅਰ 'ਚ 'ਸੱਚ' ਦੀ ਥਾਂ ਸ਼ਬਦ 'ਹੱਕ' ਵੱਧ ਢੁੱਕਵਾਂ ਹੈ।

ਜਗਤਾਰ, ਜੋ ਕਿ ਪਾਤਰ ਤੋਂ ਪਹਿਲਾਂ ਦਾ ਸ਼ਾਇਰ ਹੈ, ਦੀ ਸ਼ਾਇਰੀ ਬਾਰੇ ਮੈਂ ਕਹਾਂਗਾ ਕਿ ਉਹ Poetry ਪ੍ਰਤੀ ਗੰਭੀਰ ਨਹੀਂ ਹੈ। Social ਜ਼ਰੂਰਤ ਜਾਂ ਸੰਬੰਧਾਂ ਲਈ ਸ਼ਾਇਰੀ ਕਰਦਾ ਹੈ। ਉਸਦੀ ਤਬੀਅਤ ਸ਼ਾਇਰੀ ਵਾਲੀ ਨਹੀਂ ਹੈ। ਕਈ ਤਾਂ ਉਸ ਨਾਲੋਂ ਵੀ ਘਟੀਆ ਸ਼ਾਇਰ ਨੇ।

ਪਾਤਰ ਦਾ ਸ਼ਿਅਰ -

"ਤੈਥੋਂ ਨਹੀਂ ਉੱਠਣੇ ਹੰਝੂਆਂ ਦੇ ਅੱਖਰ,
ਰਹਿਣ ਦੇ ਤੂੰ ਵੱਡਿਆਂ ਵਿਦਵਾਨਾਂ, ਛੱਡ ਪਰ੍ਹੇ।"

ਜ਼ੁਬਾਨ ਦੀ ਅਣਗਹਿਲੀ ਦਾ ਲਖਾਇਕ ਹੈ। ਇਹੋ ਜਿਹੇ ਹੋਰ ਵੀ ਅਨੇਕ ਸ਼ਿਅਰ ਉਸਦੇ

ਕਹੇ ਹਨ -

"ਕੁਝ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ,
ਚੁੱਪ ਰਿਹਾ ਤਾਂ ਸ਼ਮ੍ਹਾਂਦਾਨ ਕੀ ਕਹਿਣਗੇ।"

ਨ੍ਹੇਰਾ ਇੱਕ negative force ਹੁੰਦੀ ਹੈ। ਉਸਦੇ ਜਰਨ ਦਾ ਸਾਨੂੰ ਖ਼ਿਆਲ ਕਰਨ ਦੀ ਲੋੜ ਨਹੀਂ, ਮਹਿਸੂਸ ਹੋਣੀ ਚਾਹੀਦੀ।

ਤਾਰਾ ਸਿੰਘ ਨੂੰ ਮੈਂ ਬਹੁਤਾ ਨਹੀਂ ਪੜ੍ਹਿਆ। ਉਸਦੀ ਪੁਸਤਕ 'ਅਸੀਂ ਤੁਸੀਂ' ਜ਼ਰੂਰ ਪੜ੍ਹੀ ਹੈ। ਉਸ 'ਚ ਉਸਦੀ ਇਕ-ਅੱਧ ਨਜ਼ਮ ਜ਼ਰੂਰ ਚੰਗੀ ਲੱਗਦੀ ਹੈ।

ਪਾਤਰ ਤੇ ਜਗਤਾਰ physical ਤੋਂ ਉਤਾਂਹ ਨਹੀਂ ਉੱਠਦੇ

**ਪ੍ਰੇਮ ਸਾਹਿਲ :** ਮੋਹਨਜੀਤ, ਪ੍ਰਮਿੰਦਰਜੀਤ, ਅਮਿਤੋਜ ਬਾਰੇ ਕੁਝ ਕਹੋ।

**ਗੁਰਦੀਪ :** ਅਮਿਤੋਜ ਬਾਰੇ ਮੈਂ ਕਹਿ ਸਕਦਾਂ ਕਿ ਉਸ 'ਚ Potential poet ਦੀਆਂ ਸੰਭਾਵਨਾਵਾਂ ਮੈਨੂੰ ਨਜ਼ਰ ਆਈਆਂ ਹਨ। ਪਰ ਉਸਦੀ ਕੋਈ ਪੁਸਤਕ ਮੇਰੀ ਨਜ਼ਰ 'ਚੋਂ ਨਹੀਂ ਲੰਘੀ।

**ਪ੍ਰੇਮ ਸਾਹਿਲ :** ਨਵੀਂ ਸ਼ਾਇਰੀ 'ਚ ਕਵਿਤਾ ਜਾਂ ਗ਼ਜ਼ਲ ਚੋਂ ਤੁਸੀਂ ਕਿਸ ਫਾਰਮ ਨੂੰ ਬਿਹਤਰ ਮੰਨਦੇ ਹੋ?

**ਗੁਰਦੀਪ :** ਜੋ ਵੀ ਚੰਗਾ ਕਹਿ ਲਵੇ। ਅਚਾਨਕ ਪੈਦਾ ਹੋਣ ਵਾਲਾ ਨੁਕਤਾ ਤਾਂ ਕਵਿਤਾ 'ਚ ਜ਼ਰੂਰ ਆਉਣਾ ਚਾਹੀਦਾ ਹੈ। ਸੋਚ-ਵਿਚਾਰ ਕਰਕੇ ਜਾਂ ਜ਼ੋਰ ਲਾ ਕੇ ਕਿਸੇ subject 'ਤੇ ਕਹਿਣ ਦੀ ਬਜਾਏ ਨਾ ਲਿਖਣਾ ਹੀ ਠੀਕ ਹੈ।

**ਪ੍ਰੇਮ ਸਾਹਿਲ :** ਸਾਹਿਤ ਨੂੰ ਪਰਮੋਟ ਕਰਨ ਦੇ ਤਰੱਦਦ ਨਾਲ ਤੁਸੀਂ ਕਿੱਥੋਂ ਤਾਈਂ ਸਹਿਮਤ ਹੋ?

**ਗੁਰਦੀਪ :** ਉਹ ਸਾਹਿਤ ਨੂੰ ਨਹੀਂ, ਲੇਖਕ ਨੂੰ ਪਰਮੋਟ ਕਰਦੇ ਨੇ।

**ਪ੍ਰੇਮ ਸਾਹਿਲ :** ਲੇਖਕ ਨੂੰ ਪਰਮੋਟ ਕਰਨ ਤੋਂ ਕੀ ਮੁਰਾਦ ਹੈ?

**ਗੁਰਦੀਪ :** ਉਸਦੀਆਂ ਪੁਸਤਕਾਂ ਨੂੰ ਪੁਸਤਕਾਲਿਆਂ 'ਚ ਪਹੁੰਚਾਣਾ ਜਾਂ ਵਿਕਵਾਉਣਾ। ਪੁਸਤਕਾਲਿਆਂ 'ਚ ਪੜ੍ਹਦਾ ਕੌਣ ਏ? ਬਿਨਾਂ ਰੀਡਰਸ਼ਿਪ ਸਾਹਿਤ ਨਹੀਂ exist ਕਰ ਸਕਦਾ।

**ਪ੍ਰੇਮ ਸਾਹਿਲ :** Readership ਪਰਮੋਟ ਕਿੰਝ ਕਰੀਏ?

**ਗੁਰਦੀਪ :** ਨੌਜਵਾਨਾਂ ਨੂੰ ਅਪਰੋਚ ਕੀਤਾ ਜਾਵੇ। ਉਨ੍ਹਾਂ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ 'ਚ ਜਾ ਕੇ ਕਵਿਤਾ-ਪਾਠ ਕਰੀਏ। ਉਨ੍ਹਾਂ ਨੂੰ ਸਮਝਾਈਏ ਕਿ ਜ਼ਿੰਦਗੀ ਦੀਆਂ ਕਦਰਾਂ ਤੋਂ ਬਿਨਾਂ professionalism ਵੀ ਬੇਕਾਰ ਹੈ ਤੇ ਕਦਰਾਂ art ਤੇ literature ਹੀ ਪੈਦਾ ਕਰ ਸਕਦੇ ਹਨ। ਕਿ ਚੰਗੀ ਸ਼ਾਇਰੀ ਉਨ੍ਹਾਂ ਨੂੰ ਅੰਦਰੋਂ ਅਮੀਰ ਕਰਦੀ ਹੈ। ਅਹਿਸਾਸ ਕਰਾਇਆ ਜਾਵੇ।

**ਪ੍ਰੇਮ ਸਾਹਿਲ :** ਅੰਤ ਵਿਚ ਇਕ ਸ਼ਾਇਰ ਦੇ ਨਾਤੇ ਆਪਣੇ ਬਾਰੇ ਕੁਝ ਕਹੋ।

**ਗੁਰਦੀਪ :** ਲੋੜ ਇਸ ਚਾਨਣ ਦੀ ਜਾਂ ਇਸ ਨਿੱਘ ਦੀ ਕੋਈ ਨਹੀਂ,
ਮੈਂ ਹਨ੍ਹੇਰੇ ਵਿਚ ਜਗਦਾ ਰਹਿ ਗਿਆ ਹਾਂ ਆਦਤਨ।

(47, ਸ਼ਾਲੀਨ ਇਨਕਲੇਵ, ਬਦਰੀਪੁਰ ਰੋਡ, ਜੋਗੀਵਾਲਾ, ਡੇਅਰਾਦੂਨ-248005, ਉਤਰਾਖੰਡ)

•••



# ਜ਼ਿੰਦਗੀ ਦੀ ਆਰਜ਼ੂ ਅਤੇ ਫ਼ਿਕਰਮੰਦੀ ਦਾ ਸ਼ਾਇਰ : ਗੁਰਦੀਪ

ਜਸਵਿੰਦਰ ਸਿੰਘ ਸੈਣੀ (ਡਾ.)

ਗੁਰਦੀਪ ਪਿਛਲੀ ਅੱਧੀ ਸਦੀ ਤੋਂ ਗ਼ਜ਼ਲ-ਸਿਰਜਣਾ ਨਾਲ ਜੁੜਿਆ ਪੰਜਾਬੀ ਦਾ ਇਕ ਪ੍ਰਮੁੱਖ ਗ਼ਜ਼ਲਕਾਰ ਹੈ।ਉਹ ਗ਼ਜ਼ਲ ਦੀ ਵਿਧਾ, ਵਿਧੀ ਅਤੇ ਵਿਚਾਰਧਾਰਾ ਨੂੰ ਸਮਝਣ ਅਤੇ ਇਸ ਰੂਪਾਕਾਰ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਕਰਨ ਵਾਲਾ ਸ਼ਾਇਰ ਹੈ।ਉਸ ਦੀਆਂ ਗ਼ਜ਼ਲਾਂ ਇਕੋ ਸਮੇਂ ਖ਼ਿਆਲ, ਕਲਪਨਾ, ਹਕੀਕਤ ਅਤੇ ਸ਼ਿਲਪ ਦਾ ਸੰਯੁਕਤੀਕਰਨ ਪੇਸ਼ ਕਰਦੀਆਂ ਹਨ।ਉਸ ਦੀ ਸ਼ਾਇਰੀ ਜ਼ਿੰਦਗੀ ਦੀ ਆਰਜ਼ੂ ਅਤੇ ਫਿਕਰਮੰਦੀ ਦੀ ਸ਼ਾਇਰੀ ਹੈ।ਉਸ ਦੀ ਸ਼ਾਇਰੀ ਸਮਾਨਂਤਰ ਰੂਪ ਵਿਚ ਅਤੀਤਕਾਲ, ਵਰਤਮਾਨ ਅਤੇ ਭਵਿੱਖ ਨੂੰ ਸੰਬੋਧਿਤ ਹੁੰਦੀ ਹੈ।ਜਿੱਥੇ ਉਹ ਅਤੀਤ ਤੋਂ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰਦਾ ਹੈ, ਸਮਕਾਲ 'ਤੇ ਪੈਨੀ ਨਜ਼ਰ ਰੱਖਦਾ ਹੈ, ਉਥੇ ਭਵਿੱਖ ਲਈ ਉਹ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਦਾ ਸੁਫ਼ਨਾ ਵੀ ਦੇਖਦਾ ਹੈ ਅਤੇ ਉਸ ਨੂੰ ਪੂਰਾ ਕਰਨ ਲਈ ਯਤਨਸ਼ੀਲ ਪ੍ਰਤੀਤ ਹੁੰਦਾ ਹੈ।ਉਸ ਦੀ ਮੁੱਢਲੀ ਸ਼ਾਇਰੀ 'ਤੇ ਉਰਦੂ ਗ਼ਜ਼ਲ ਦਾ ਖ਼ਾਸਾ ਪ੍ਰਭਾਵ ਸੀ।ਉਰਦੂ ਸ਼ੈਲੀ ਦੇ ਪ੍ਰਭਾਵ ਵਾਲੀ ਇਹ ਸ਼ਾਇਰੀ 1980 ਤੱਕ ਉਸ ਦੀਆਂ ਗ਼ਜ਼ਲਾਂ ਵਿਚ ਵਿਦਮਾਨ ਰਹਿੰਦੀ ਹੈ ਪਰ 1980 ਤੋਂ ਬਾਅਦ ਲਿਖੀਆਂ ਗ਼ਜ਼ਲਾਂ ਵਿਚ ਗੁਰਦੀਪ ਪੰਜਾਬੀ ਮੁਹਾਵਰੇ ਦੀ ਤਲਾਸ਼ ਕਰਦੀਆਂ ਗ਼ਜ਼ਲਾਂ ਕਹਿੰਦਾ ਹੈ ਅਤੇ ਉਸ ਦੀ ਹੁਣ ਦੀ ਸ਼ਾਇਰੀ ਇਨ੍ਹਾਂ ਦੋਹਾਂ ਸ਼ੈਲੀਆਂ ਦਾ ਸਮਨਵੈ ਪੇਸ਼ ਕਰਦੀ ਪ੍ਰਤੀਤ ਹੁੰਦੀ ਹੈ।ਉਸ ਦੀਆਂ ਗ਼ਜ਼ਲਾਂ ਦੀ 2011 ਈ. ਵਿਚ ਛਪੀ ਪੁਸਤਕ ਵਸਲ ਤੇ ਹਿਜਰੋਂ ਪਰੇ ਇਸ ਗੱਲ ਦਾ ਪੁਖ਼ਤਾ ਸਬੂਤ ਪੇਸ਼ ਕਰਦੀ ਹੈ।ਪੰਜਾਬੀ ਗ਼ਜ਼ਲ ਵਿਚ ਉਰਦੂ ਗ਼ਜ਼ਲ ਦੇ ਪ੍ਰਭਾਵ ਵਾਲੀ ਅਤੇ ਪੰਜਾਬੀ ਮੁਹਾਵਰੇ ਵਾਲੀ ਗ਼ਜ਼ਲ-ਸ਼ੈਲੀ ਸਮਾਨਂਤਰ ਰੂਪ ਵਿਚ ਵਿਕਾਸ ਕਰਦੀ ਰਹੀ ਹੈ।ਡਾ.ਸੁਤਿੰਦਰ ਸਿੰਘ ਨੂਰ ਇਨ੍ਹਾਂ ਦੋਹਾਂ ਕਾਵਿ-ਸ਼ੈਲੀਆਂ ਨੂੰ ਵਿਰੋਧ ਵਿਚ ਰੱਖ ਕੇ ਪੇਸ਼ ਕਰਨ ਵਾਲੀ ਸਮੀਖਿਆ-ਦ੍ਰਿਸ਼ਟੀ ਦਾ ਖੰਡਨ ਕਰਦਿਆਂ ਲਿਖਦੇ ਹਨ ਕਿ 'ਪੰਜਾਬੀ ਵਿਚ ਦੋਵੇਂ ਅੰਦਾਜ਼ ਇਕੋ ਸਮਰੱਥਾ ਨਾਲ ਸਾਹਮਣੇ ਆਏ ਹਨ। ਉਰਦੂ ਸ਼ੈਲੀ ਦੇ ਪ੍ਰਭਾਵ ਵਾਲਾ ਅਤੇ ਪੰਜਾਬੀ ਮੁਹਾਵਰੇ ਦੀ ਤਲਾਸ਼ ਵਾਲਾ ਵੀ..ਪੰਜਾਬੀ ਦੇ ਕਈ ਗ਼ਜ਼ਲਕਾਰਾਂ ਦੀਆਂ ਕਈ ਪ੍ਰਭਾਵਸ਼ਾਲੀ ਗ਼ਜ਼ਲਾਂ ਵਿਚ ਇਹ ਦੋਵੇਂ ਸ਼ੈਲੀਆਂ ਘੁਲ-ਮਿਲ ਜਾਂਦੀਆਂ ਹਨ, ਕਿਉਂਕਿ ਪੰਜਾਬੀ ਗ਼ਜ਼ਲ ਦੀ ਇਹ ਸਮੱਸਿਆ ਨਹੀਂ। ਗੁਰਦੀਪ ਵੀ ਆਪਣੀਆਂ ਗ਼ਜ਼ਲਾਂ ਵਿਚ ਇਨ੍ਹਾਂ ਦੋਹਾਂ ਸ਼ੈਲੀਆਂ ਨੂੰ ਸਮਾਨਂਤਰ ਰੂਪ ਵਿਚ ਅਪਣਾਉਂਦਾ ਵੀ ਹੈ ਅਤੇ ਬਹੁਤੀ ਥਾਈਂ ਇਨ੍ਹਾਂ ਦੋਹਾਂ ਨੂੰ ਸੰਜੁਕਤ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ।

ਗੁਰਦੀਪ ਪੰਜਾਬੀ ਭਾਸ਼ਾ ਦਾ ਇਕ ਪ੍ਰੌੜ੍ਹ ਅਤੇ ਅਨੁਭਵੀ ਗ਼ਜ਼ਲਕਾਰ ਹੈ।ਉਸ ਨੇ ਪੰਜਾਬੀ ਗ਼ਜ਼ਲ ਦੇ ਪਿੱਛਲੇ ਪੰਜਾਹ ਸਾਲਾਂ ਦੇ ਸਫ਼ਰ ਅਤੇ ਇਸ ਦੇ ਉਤਰਾਵਾਂ-ਚੜ੍ਹਾਵਾਂ ਨੂੰ ਆਪਣੀ ਅੱਖੀਂ ਦੇਖਿਆ ਹੈ।ਉਸ ਨੇ ਪੰਜਾਬੀ ਗ਼ਜ਼ਲ-ਪਰੰਪਰਾ ਅਤੇ ਸਮਕਾਲੀ ਪ੍ਰਸਥਿਤੀਆਂ ਨਾਲ ਨਿਰੰਤਰ ਸੰਵਾਦ ਪੈਦਾ ਕਰਕੇ ਆਪਣੀ ਸ਼ਾਇਰੀ ਨੂੰ ਇਕ ਮੌਲਿਕ ਅਤੇ ਨਿਵੇਕਲਾ ਰੰਗ ਪ੍ਰਦਾਨ ਕੀਤਾ ਹੈ।ਗੁਰਦੀਪ ਦਾ ਪਹਿਲਾ ਕਾਵਿ-ਸੰਗ੍ਰਹਿ ਨਕਸ਼ ਪੀੜਾਂ ਦੇ 1968 ਵਿਚ ਛਪਿਆ ਸੀ।ਇਸ ਤੋਂ ਬਾਅਦ ਅਗਲੇ ਪੰਦਰਾਂ ਸਾਲਾਂ ਵਿਚ ਉਸ ਦੇ ਦੋ ਹੋਰ ਕਾਵਿ-ਸੰਗ੍ਰਹਿ ਦੋ ਬੋਲ ਤੇਰੇ ਜੋਗੇ ਅਤੇ ਰੰਗੀਨੀਆਂ ਛਪਦੇ ਹਨ।ਇਨ੍ਹਾਂ ਤਿੰਨਾਂ ਪੁਸਤਕਾਂ ਵਿਚ ਉਸ ਦੀਆਂ ਗ਼ਜ਼ਲਾਂ, ਗੀਤ ਅਤੇ ਨਜ਼ਮਾਂ ਦਾ ਸ਼ਾਮਿਲ ਸਨ।ਇਸ ਤੋਂ ਬਾਅਦ ਗੁਰਦੀਪ ਗ਼ਜ਼ਲ ਵੱਲ ਰੁਖ ਕਰਦਾ ਹੈ।1983 ਈ. ਵਿਚ ਉਸ ਦੀ ਗ਼ਜ਼ਲਾਂ ਦੀ ਪੁਸਤਕ ਰੰਗਾਂ ਦੀ ਮਹਿਫ਼ਲ ਛਪਦੀ ਹੈ।ਇਸ

ਪੁਸਤਕ ਦੀਆਂ ਗ਼ਜ਼ਲਾਂ ਵਿਚ ਗੁਰਦੀਪ ਗ਼ਜ਼ਲੀਅਤ ਦੇ ਕੁਝ ਅਜਿਹੇ ਪ੍ਰਤਿਮਾਨ ਸਥਾਪਤ ਕਰਦਾ ਹੈ, ਜਿਹੜੇ ਉਸ ਦੀਆਂ ਅਗਲੀਆਂ ਪੁਸਤਕਾਂ ਵਿਚ ਵੀ ਵਿਦਮਾਨ ਰਹਿੰਦੇ ਹਨ ਅਤੇ ਵਿਕਾਸ ਕਰਦੇ ਹਨ।ਧੜਕਣਾਂ ਨੂੰ ਖ਼ਤ (1999) ਪੁਸਤਕ ਵਿਚ ਗੁਰਦੀਪ ਬਾਰੇ ਅਤੇ ਉਸ ਦੀਆਂ ਗ਼ਜ਼ਲਾਂ ਬਾਰੇ ਡਾ. ਸੁਰਜੀਤ ਪਾਤਰ ਨੇ ਕਿਹਾ ਸੀ ਕਿ 'ਗੁਰਦੀਪ ਇਕ ਰਸੀਲਾ, ਭਿੱਜਿਆ, ਰੰਗਿਆ ਗ਼ਜ਼ਲਗੋ ਹੈ ਉਸ ਦੀ ਗ਼ਜ਼ਲ ਤੇ ਉਹ ਇਕ ਜਾਨ ਹਨਗੁਰਦੀਪ ਨੇ ਕੁਝ ਅਜਿਹਾ ਵੀ ਕਿਹਾ ਹੈ, ਜੋ ਹੁਣ ਤਕ ਅਣਕਿਹਾ ਸੀ, ਪਰ ਜੋ ਕਿਤੇ ਕਹੇ ਨੂੰ ਵੀ ਕਿਹਾ ਹੈ ਤਾਂ ਆਪਣੇ ਦਿਲ ਵਿਚ ਡੋਬ ਕੇ ਕਿਹਾ ਹੈ।ਉਸ ਦੀਆਂ ਗ਼ਜ਼ਲਾਂ ਵਿਚ ਜਿਹੜੀ ਗੱਲ ਸਭ ਤੋਂ ਵੱਧ ਟੁੰਬਦੀ ਹੈ, ਉਹ ਇਹ ਹੈ ਕਿ ਉਹ ਇਕੋ ਸਮੇਂ ਸੰਜਮ, ਸ਼ਿੱਦਤ ਤੇ ਸ਼ਿਲਪ ਨਾਲ ਸ਼ੇਅਰ ਕਹਿੰਦਾ ਹੈ'। ਉਸ ਦੀਆਂ ਅਗਲੇ ਪੜਾਅ ਦੀਆਂ ਗ਼ਜ਼ਲਾਂ ਇਨ੍ਹਾਂ ਤਹਿਸ਼ੁਦਾ ਮਿਆਰਾਂ ਦਾ ਨਿਰੰਤਰ ਅਨੁਸਰਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਆਪਣੇ ਪਲ (2002), ਸ਼ਿਅਰ ਅਰਜ਼ ਹੈ (2008), ਮਹਿਫ਼ਲ ਮਹਿਫ਼ਲ (2010) ਅਤੇ ਵਸਲ ਤੇ ਹਿਜਰੋਂ ਪਰੇ (2011) ਆਦਿ ਪੁਸਤਕਾਂ ਉਸ ਦੀ ਗ਼ਜ਼ਲ ਦੇ ਮਿਆਰ ਅਤੇ ਅੰਤਰੀਵੀ ਵਿਕਾਸ ਨੂੰ ਸਮਾਨੰਤਰ ਰੂਪ ਵਿਚ ਰੱਖ ਕੇ ਉਜਾਗਰ ਕਰਦੀਆਂ ਹਨ।ਇਸ ਖੋਜ-ਪੇਪਰ ਦਾ ਮਕਸਦ ਗੁਰਦੀਪ ਦੀਆਂ ਗ਼ਜ਼ਲਾਂ ਵਿਚ ਪੇਸ਼ ਵਿਧੀ, ਵਿਧਾ ਤੇ ਵਿਚਾਰਧਾਰਾ ਨੂੰ ਉਜਾਗਰ ਕਰਨਾ ਅਤੇ ਇਨ੍ਹਾਂ ਦੇ ਆਪਸੀ ਸਬੰਧਾਂ ਅਤੇ ਅੰਤਰ-ਸਬੰਧਾਂ ਨੂੰ ਸਮਝਣਾ ਹੈ।

ਪੰਜਾਬੀ ਸਾਹਿਤ ਵਿਚ ਗ਼ਜ਼ਲ ਇਕ ਪ੍ਰਗੀਤਕ ਵਿਧਾ ਵਜੋਂ ਆਪਣੀ ਵੱਖਰੀ ਹੋਂਦ ਰੱਖਦੀ ਹੈ।ਇਹ ਇਕ ਲਘੂ ਕਾਵਿ-ਰੂਪ ਹੈ।ਇਸ ਦਾ ਹਰ ਸ਼ਿਅਰ ਇਕ ਸੁਤੰਤਰ ਇਕਾਈ ਦੀ ਸਿਰਜਣਾ ਕਰਦਾ ਹੈ।ਇਹ ਆਤਮ-ਨਿਰਭਰ ਅਰਥਚਾਰਾ ਹੈ।ਇਸ ਦੇ ਅਰਥਾਂ ਦੀਆਂ ਪਰਤਾਂ ਖੋਲ੍ਹਣ ਲਈ ਕਿਸੇ ਦੂਜੇ ਸ਼ਿਅਰ ਦੀ ਲੋੜ ਨਹੀਂ ਹੁੰਦੀ।ਸ਼ਿਅਰ ਇਕ ਮੁਕੰਮਲ ਸੰਸਾਰ ਹੈ।ਇਕ ਮੁਸੱਲਸਲ ਗ਼ਜ਼ਲ ਵਿਚ ਵੀ ਹਰ ਸ਼ਿਅਰ ਇਕ ਮੁਕਤ ਇਕਾਈ ਹੁੰਦਾ ਹੈ।ਇਕ ਸ਼ਿਅਰ ਦੀ ਦੂਜੇ ਸ਼ਿਅਰਾਂ ਤੋਂ ਬੇਨਿਆਜ਼ੀ ਕਿਸੇ ਇਕ ਗ਼ਜ਼ਲ ਵਿਚ ਜਾਂ ਇਕ ਗ਼ਜ਼ਲ-ਪੁਸਤਕ ਵਿਚ ਜਾਂ ਇਕ ਗ਼ਜ਼ਲਗੋ ਦੀਆਂ ਸਾਰੀਆਂ ਗ਼ਜ਼ਲਾਂ ਵਿਚ ਜਾਂ ਸਮੁੱਚੀ ਗ਼ਜ਼ਲ ਪਰੰਪਰਾ ਵਿਚ ਸਮਾਨੰਤਰ ਵਿਚਾਰਾਂ ਦੀਆਂ ਅਨੰਤ ਲੜੀਆਂ ਸਿਰਜਦੀ ਹੈ, ਜਿਸ ਨੂੰ ਓਪਰੀ ਨਜ਼ਰੇ ਦੇਖਿਆਂ ਇਨ੍ਹਾਂ ਵਿਚ ਨਿਖੇੜਾ ਅਤੇ ਇਨ੍ਹਾਂ ਦੀ ਨਿਸ਼ਾਨਦੇਹੀ ਕਰਨੀ ਸਹਿਲ ਕਾਰਜ ਨਹੀਂ ਹੈ।ਪਰ ਫਿਰ ਵੀ ਹਰ ਗ਼ਜ਼ਲਕਾਰ ਆਪਣੀ ਮਨੋ-ਸਥਿਤੀ, ਰਿਧਮਕ ਪੈਟਰਨ, ਦ੍ਰਿਸ਼ਟੀ ਅਤੇ ਸੁਭਾਅ ਕਰਕੇ ਕਿਸੇ ਖਾਸ ਅਰਥਮਈ ਸੰਸਾਰ ਨਾਲ ਜੁੜਿਆ ਹੁੰਦਾ ਹੈ ਅਤੇ ਉਹ ਆਪਣੀਆਂ ਗ਼ਜ਼ਲਾਂ ਵਿਚ ਸ਼ਬਦਾਂ, ਬਿੰਬਾਂ, ਚਿਹਨਾਂ, ਪ੍ਰਤੀਕਾਂ ਅਤੇ ਦ੍ਰਿਸ਼ਾਂ ਦੇ ਦੁਹਰਾਓ ਨਾਲ ਕੁਝ ਖ਼ਾਸ ਖ਼ਿਆਲਾਂ/ਭਾਵਾਂ ਵੱਲ ਵਾਰ-ਵਾਰ ਆਹੁਲਦਾ ਹੈ।ਇਹ ਖ਼ਿਆਲ ਜਾਂ ਭਾਵ ਹੀ ਕਿਸੇ ਗ਼ਜ਼ਲਕਾਰ ਦੇ ਗ਼ਜ਼ਲ-ਸੰਸਾਰ ਦੀਆਂ ਮੂਲ ਅਰਥ ਇਕਾਈਆਂ ਹੁੰਦੀਆਂ ਹਨ, ਜਿਨ੍ਹਾਂ ਦੀ ਪਹਿਚਾਣ ਕਰਨਾ ਹੀ ਸਮੀਖਿਆ ਦਾ ਬੁਨਿਆਦੀ ਕਰਜ ਹੁੰਦਾ ਹੈ।ਗੁਰਦੀਪ ਦਾ ਗ਼ਜ਼ਲ-ਸੰਸਾਰ ਵੀ ਕੁਝ ਅਜਿਹੀਆਂ ਹੀ ਮੂਲ ਅਰਥਮਈ ਇਕਾਈਆਂ ਦੀ ਸਿਰਜਣਾ ਕਰਦਾ ਹੈ ਉਸ ਦੀਆਂ ਗ਼ਜ਼ਲਾਂ ਇਤਿਹਾਸ, ਸਮਕਾਲ ਅਤੇ ਭਵਿੱਖ ਪ੍ਰਤਿ ਉਸ ਦੀ ਸੋਚ ਅਤੇ ਦ੍ਰਿਸ਼ਟੀ ਦਾ ਇਕ ਕਲਾਤਮਕ ਹੁੰਗਾਰਾ ਹਨ ਉਹ ਆਪਣੀਆਂ ਗ਼ਜ਼ਲਾਂ ਵਿਚ ਮਨੁੱਖੀ ਦਰਦ, ਸਮਾਜਿਕ ਫ਼ਿਕਰ, ਆਰਥਿਕ ਮਸਲਿਆਂ, ਰਾਜਨੀਤਕ ਪ੍ਰਬੰਧ, ਮਾਨਵੀ ਰਿਸ਼ਤਿਆਂ, ਪ੍ਰਕਿਰਤਕ ਚੌਗਿਰਦੇ ਅਤੇ ਮਨੁੱਖੀ ਸੁਭਾਅ ਦੀਆਂ ਅਨੰਤ ਪਰਤਾਂ ਦੀ ਪੇਸ਼ਕਾਰੀ ਕਰਦਾ ਹੈ।ਇਨ੍ਹਾਂ ਸਾਰਿਆਂ ਮਸਲਿਆਂ ਅਤੇ ਸਰੋਕਾਰਾਂ ਨੂੰ ਪ੍ਰਗਟ ਕਰਦਿਆਂ ਗੁਰਦੀਪ ਜ਼ਿੰਦਗੀ ਪ੍ਰਤਿ ਇਕ ਫ਼ਿਕਰਮੰਦੀ ਵਾਲਾ ਵਤੀਰਾ ਅਪਣਾਉਂਦਾ ਹੈ ਉਸ ਦੀ ਇਹ ਫ਼ਿਕਰਮੰਦੀ ਸਵੈ ਤੋਂ ਸਮਾਜ ਅਤੇ ਸਮੁੱਚੀ ਕਾਇਨਾਤ ਤੱਕ ਫੈਲੀ ਹੋਈ ਹੈ ਉਹ ਮਨੁੱਖ ਦੇ ਦੁੱਖਾਂ-ਦਰਦਾਂ ਦਾ ਪ੍ਰਵਚਨ ਸਿਰਜਦਿਆਂ ਵੀ ਉਦਾਸ ਜਾਂ ਨਿਰਾਸ਼ ਨਹੀਂ ਹੁੰਦਾ, ਸਗੋਂ ਇਨ੍ਹਾਂ ਤੋਂ ਮੁਕਤੀ ਦੇ ਵਸੀਲੇ ਜਟਾਉਣ ਵਿਚ ਵਿਅਸਤ ਰਹਿੰਦਾ



ਹੈ ਅਤੇ ਜ਼ਿੰਦਗੀ ਪ੍ਰਤਿ ਇਕ ਤੀਬਰ ਆਰਜ਼ੂ ਪੈਦਾ ਕਰਦਾ ਹੈ।ਗੁਰਦੀਪ ਆਪਣੇ ਖ਼ਿਆਲਾਂ ਨੂੰ ਸ਼ਿਲਪੀ ਜੁਗਤਾਂ ਅਤੇ ਆਪਣੀ ਇਕ ਮੌਲਿਕ ਵਿਧੀ ਨਾਲ ਇੰਝ ਸਮਰੂਪ ਅਤੇ ਸੰਯੁਕਤ ਕਰ ਦਿੰਦਾ ਹੈ ਕਿ ਇਨ੍ਹਾਂ ਨੂੰ 'ਇਕ ਸੰਯੁਕਤੀਕਰਨ ਦੀ ਇਕਾਈ' ਵਜੋਂ ਹੀ ਸਮਝਿਆ ਜਾ ਸਕਦਾ ਹੈ।

ਗੁਰਦੀਪ ਦੀ ਸ਼ਾਇਰੀ ਬਾਰੇ ਗੱਲ ਕਰਦਿਆਂ ਬਹੁਤੇ ਚਿੰਤਕਾਂ ਨੇ ਉਸ ਨੂੰ ਦਰਦ ਦਾ ਸ਼ਾਇਰ ਕਿਹਾ ਹੈ।ਇਸ ਦਰਦ ਦਾ ਸਰੂਪ ਕੀ ਹੈ ਅਤੇ ਇਸ ਦੀ ਮਨੁੱਖੀ ਜ਼ਿੰਦਗੀ ਲਈ ਸਾਰਥਿਕਤਾ ਕੀ ਹੈ ? ਇਸ ਬਾਰੇ ਗੱਲ ਉਕਤ ਕਿਸਮ ਦੀਆਂ ਟਿੱਪਣੀਆਂ ਤੋਂ ਅਗਾਂਹ ਨਹੀਂ ਵਧ ਸਕੀ।ਅਸਲ ਵਿਚ ਗੁਰਦੀਪ ਦੀਆਂ ਗ਼ਜ਼ਲਾਂ ਦਰਦ ਦੇ ਜਿਸ ਵੱਡੇ ਪਰਿਪੇਖ ਦੀ ਉਸਾਰੀ ਕਰਦੀਆਂ ਹਨ, ਉਸ ਤੱਕ ਅਜੇ ਅਸੀਂ ਰਸਾਈ ਕਰਨੀ ਹੈ।ਗੁਰਦੀਪ ਬਿਲਾ-ਸ਼ਕ-ਉ-ਸ਼ੁਬਾ ਦਰਦ ਦਾ ਸ਼ਾਇਰ ਹੈ।ਮਨੁੱਖਤਾ ਲਈ ਦਰਦ ਉਸ ਦੀਆਂ ਗ਼ਜ਼ਲਾਂ ਦਾ ਕੇਂਦਰੀ ਥੀਮ ਹੈ।ਪਰ ਉਸ ਦੇ ਦਰਦ ਦੀ ਪ੍ਰਕ੍ਰਿਤੀ ਕੀ ਹੈ ? ਇਸ ਸਵਾਲ ਦੀ ਤਲਾਸ਼ ਜ਼ਰੂਰੀ ਹੈ।ਪਹਿਲੀ ਗੱਲ, ਉਸ ਦੀ ਸ਼ਾਇਰੀ ਨਿੱਜੀ ਦੁੱਖ-ਦਰਦ ਦੀ ਸ਼ਾਇਰੀ ਨਹੀਂ ਹੈ।ਇਸ ਵਿਚ ਨਿੱਜਤਾ ਲਈ ਕੋਈ ਸਪੇਸ ਹੀ ਨਹੀਂ ਹੈ।ਉਹ ਗ਼ਜ਼ਲ ਵਿਚ ਪੇਸ਼ ਦੁੱਖ-ਦਰਦਾਂ, ਲਾਚਾਰੀਆਂ, ਮਜ਼ਬੂਰੀਆਂ, ਬੇਵੱਸੀਆਂ ਦਾ ਜ਼ਿਕਰ ਸਮੁੱਚੀ ਲੋਕਾਈ ਦੇ ਸੰਦਰਭ ਵਿਚ ਕਰਦਾ ਹੈ।ਇਸੇ ਕਰਕੇ ਗੁਰਦੀਪ ਦੀਆਂ ਗ਼ਜ਼ਲਾਂ 'ਮੈਂਮੂਲਕਤਾ' ਤੋਂ ਮੁਕਤ ਹਨ।ਜਿੱਥੇ ਕਿਤੇ ਉਸ ਦੇ ਸ਼ਿਅਰਾਂ ਵਿਚ ਉਤਮ ਪੁਰਖ ਦੇ ਰੂਪ ਵਿਚ 'ਮੈਂ' ਪੜਨਾਂਵ ਆਇਆ ਵੀ ਹੈ, ਗੁਰਦੀਪ ਨੇ ਇਸ ਨੂੰ ਵਿਅਕਤੀ ਵਿਸ਼ੇਸ਼ ਦੇ ਨਾਲ ਜੋੜਨ ਦੀ ਥਾਂ ਇਸ ਦਾ ਸਧਾਰਣੀਕਰਨ ਕਰ ਦਿੱਤਾ ਹੈ।ਇਥੇ 'ਮੈਂ' ਦਾ 'ਅਸੀਂ' ਅਤੇ 'ਤੁਸੀਂ' ਵਿਚ ਰੂਪਾਂਤਰਣ ਹੋ ਗਿਆ ਹੈ।ਸੋ ਗੁਰਦੀਪ ਦੀ ਸ਼ਾਇਰੀ ਬੰਦੇ ਦੇ ਅੰਦਰਲੇ ਦੁੱਖਾਂ-ਦਰਦਾਂ ਦੀ ਸ਼ਾਇਰੀ ਹੈ ਪਰ ਇਹ ਬੰਦੇ ਦੇ ਨਿੱਜ ਦੀ ਸ਼ਾਇਰੀ ਨਹੀਂ।ਦੂਜੀ ਗੱਲ, ਇਹ ਦਰਦ ਸਥਾਨਿਕਤਾ ਤੋਂ ਵੀ ਪਾਰ ਦਾ ਦਰਦ ਹੈ।ਇਸ ਦਰਦ ਵਿਚ ਸਮੁੱਚੀ ਕਾਇਨਾਤ ਦਾ ਦਰਦ ਸ਼ਾਮਿਲ ਹੈ।ਇਸੇ ਕਰਕੇ ਗੁਰਦੀਪ ਦੀਆਂ ਗ਼ਜ਼ਲਾਂ ਵਿਚਲਾ ਦਰਦ ਪੰਜਾਬੀ ਬੰਦੇ ਤੋਂ ਕੌਮ ਅਤੇ ਫਿਰ ਕੌਮਾਂਤਰੀ ਪੱਧਰ ਤੱਕ ਫੈਲਿਆ ਹੋਇਆ ਹੈ।ਤੀਜੀ ਅਹਿਮ ਗੱਲ ਇਹ ਹੈ ਕਿ ਗੁਰਦੀਪ ਦੀਆਂ ਗ਼ਜ਼ਲਾਂ ਵਿਚ ਪੇਸ਼ ਦਰਦ ਦੁੱਖ ਦੀਆਂ ਸੀਮਾਵਾਂ ਤੋਂ ਵੀ ਪਾਰ ਦਾ ਦਰਦ ਹੈ।ਦੁੱਖ ਸਰੀਰਕ ਕਸ਼ਟ ਤੱਕ ਸੀਮਤ ਹੁੰਦਾ ਹੈ ਪਰ ਦਰਦ ਇਸ ਕਸ਼ਟ ਤੋਂ ਪਾਰ ਦੀ ਮਾਨਵੀ-ਸਥਿਤੀ ਦਾ ਨਾਂ ਹੈ।ਇਹ ਬੰਦੇ ਦੀ ਸਮੁੱਚੀ ਹੋਂਦ ਨਾਲ ਤਾਲੁਕ ਰੱਖਦਾ ਹੈ।ਇਸ ਵਿਚ ਸੋਜ਼ ਹੈ ਤੇ ਇਸ ਵਿਚ ਦੁੱਖ ਚੇਤਨਾ ਦਾ ਇਕ ਵੱਡਾ ਪਰਿਪੇਖ ਸ਼ਾਮਿਲ ਹੈ।ਚੌਥੀ ਗੱਲ, ਗੁਰਦੀਪ ਆਪਣੀਆਂ ਗ਼ਜ਼ਲਾਂ ਵਿਚ ਦਰਦ ਨੂੰ ਇਕ ਦਾਰਸ਼ਨਿਕ ਪਰਿਪੇਖ ਅਤੇ ਗਹਿਰਾਈ ਪ੍ਰਦਾਨ ਕਰਦਾ ਹੈ।ਇਹ ਮਹਿਜ਼ ਲਫ਼ਜ਼ਾਂ ਦੀ ਦ੍ਰਿਸ਼ਕਾਰੀ ਨਹੀਂ ਹੈ, ਇਸ ਵਿਚ ਦ੍ਰਿਸ਼ ਤੋਂ ਪਾਰ ਦੀ ਅਰਥਮਈ ਦੁਨੀਆਂ ਸ਼ਾਮਿਲ ਹੈ।ਅਗਲੀ ਗੱਲ ਇਸ ਦਰਦ ਦੇ ਪ੍ਰਸਤੁਤੀਕਰਨ ਦੀ ਪ੍ਰਕਿਰਤੀ ਨਾਲ ਸਬੰਧਿਤ ਹੈ।ਇਹ ਦਰਦ ਇਕ ਅਜਿਹੇ ਸੰਵੇਦਨਸ਼ੀਲ ਬੰਦੇ ਦਾ ਦਰਦ ਹੈ, ਜਿਹੜਾ ਦਰਦ ਦੀ ਮਹਿਜ਼ ਪੇਸ਼ਕਾਰੀ ਤੋਂ ਅਗਾਂਹ ਦਰਦ ਤੋਂ ਮਕਤੀ ਤੱਕ ਫੈਲਿਆ ਹੋਇਆ ਹੈ।ਇਹ ਦਰਦ ਸਮੁੱਚੀ ਲੋਕਾਈ ਦੀ ਆਜ਼ਾਦੀ ਅਤੇ ਮੁਕਤੀ ਪ੍ਰਤਿ ਇਕ ਸੰਜੀਦਾ ਹੁੰਗਾਰਾ ਹੈ।ਗੁਰਦੀਪ ਦੀਆਂ ਗ਼ਜ਼ਲਾਂ ਵਿਚ ਦਰਦ ਕਿਸੇ ਇਕ ਸਮੇਂ-ਸਥਿਤੀ ਦੀ ਉਪਜ ਨਹੀਂ, ਸਗੋਂ ਇਸ ਦਾ ਪਸਾਰਾ ਸਦੀਆਂ ਤੱਕ ਫੈਲਿਆ ਹੋਇਆ ਹੈ।ਜਾਂ ਇੰਝ ਕਹੋ ਕਿ ਇਹ ਦਰਦ ਅਜ਼ਲੀ ਹੈ ਅਤੇ ਬੰਦੇ ਨੂੰ ਵਿਰਾਸਤ ਵਿਚੋਂ ਹੀ ਮਿਲਿਆ ਹੈ।ਇਹ ਬੰਦੇ ਦੀ ਹੋਂਦ ਨਾਲ ਜੁੜਿਆ ਪੁਰਾਣਾ ਦਰਦ ਹੈ, ਇਸ ਵਿਚ ਕੁਝ ਵੀ ਨਵਾਂ ਨਹੀਂ ਹੈ।ਇਸ ਦਰਦ ਨੂੰ ਸਮਝਣ ਲਈ ਬੰਦੇ ਦੇ ਇਤਿਹਾਸ ਤੇ ਖ਼ਾਸ ਕਰਕੇ ਬੰਦੇ ਦੁਆਲੇ ਉਸਰੇ ਸੱਤਾ-ਪ੍ਰਬੰਧਾਂ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ ਤਾਂ ਹੀ ਅਸੀਂ ਇਸ ਦੀ ਥਾਹ ਪਾ ਸਕਦੇ ਹਾਂ।ਜਦੋਂ ਤੱਕ ਸਮਾਜ ਵਿਚ ਮਨੁੱਖੀ ਮੁਕਤੀ ਅਤੇ ਆਜ਼ਾਦੀ ਸੰਭਵ ਨਹੀਂ ਹੁੰਦੀ ਇਹ ਦਰਦ ਬੰਦੇ ਦੀ ਸੋਚ ਅਤੇ ਉਸ ਦੀ ਸਿਰਜਨਾਤਮਿਕਤਾ ਦਾ ਆਧਾਰ ਬਣਿਆ ਰਹੇਗਾ।ਗੁਰਦੀਪ ਦੀਆਂ ਗ਼ਜ਼ਲਾਂ

ਵਿਚ ਪੇਸ਼ ਇਹ ਦਰਦ ਇਕ ਅਜਿਹਾ ਕੇਂਦਰੀ ਨੁਕਤਾ ਹੈ, ਜਿਹੜਾ ਉਸ ਦੀਆਂ ਸਮੁੱਚੀਆਂ ਗ਼ਜ਼ਲਾਂ ਦੇ ਆਰ-ਪਾਰ ਫੈਲਿਆਂ ਹੋਇਆ ਹੈ।ਇਸ ਮੁੱਖ-ਬਿੰਦੂ ਤੋਂ ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰ ਊਰਜਾ ਗ੍ਰਹਿਣ ਕਰਦੇ ਹਨ ਅਤੇ ਹੋਰ ਕਈ ਦਿਸ਼ਾਵਾਂ ਵਿਚ ਫੈਲਦੇ ਹਨ।ਕੁਝ ਉਦਾਹਰਣਾਂ ਨਾਲ ਉਕਤ ਖ਼ਿਆਲਾਂ ਨੂੰ ਹੋਰ ਸਪੱਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ:

- ਦਰਦ ਜਿਹੜਾ ਹੋਂਦ ਦਾ ਇਕਬਾਲ ਹੈ।
  ਮੁੱਢ ਤੋਂ ਹੀ ਹਰ ਖ਼ੁਸ਼ੀ ਦੇ ਨਾਲ ਹੈ।(ਸ਼ਿਅਰ ਅਰਜ਼ ਹੈ,ਪੰਨਾ-78)

- ਇਸ ਦਿਲ ਨੂੰ ਰਾਹਤ ਨਾ ਧੁੱਪੇ ਨਾ ਛਾਵੇਂ
  ਮੌਸਮ ਲਿਆਵਾਂ ਮੈਂ ਕਿਥੋਂ ਸੁਖਾਵੇਂ।(ਵਸਲ ਤੇ ਹਿਜਰੋਂ ਪਰੇ,ਪੰਨਾ-93)

- ਗੁਜ਼ਰੀ ਤੇਰੇ ਖ਼ਿਆਲ ਵਿਚ ਇਸ ਦਿਲ ਫ਼ਕੀਰ ਦੀ,
  ਧੂਣਾ ਧੁੱਖਾ ਲਿਆ ਕਦੀ ਧੂਣਾ ਬੁਝਾ ਲਿਆ।(ਆਪਣੇ ਪਲ,ਪੰਨਾ-15)

- ਸਦੀਆਂ ਦੇ ਗ਼ਮ ਨੂੰ ਤਰਜਮਾਨੀ ਇਸ 'ਚ ਮਿਲਦੀ ਹੈ
  ਭਾਵੇਂ ਦਰਦ ਮੇਰੇ ਦੀ ਹਕੀਕਤ ਸ਼ਾਇਰਾਨਾ ਹੈ।(ਸ਼ਿਅਰ ਅਰਜ਼ ਹੈ,ਪੰਨਾ-31)

- ਦਿਲ ਚ' ਇੱਕ ਤੁਫ਼ਾਨ ਫਿਰਦੇ ਹਾਂ ਲਈ।
  ਹਸ਼ਰ ਦਾ ਸਾਮਾਨ ਫਿਰਦੇ ਹਾਂ ਲਈ।(ਵਸਲ ਤੇ ਹਿਜਰੋਂ ਪਰੇ,ਪੰਨਾ-91)

ਗ਼ਜ਼ਲ ਵਿਚ ਦਰਦ ਦਾ ਸਬੰਧ ਮਨੁੱਖ ਦੀ ਮਾਯੂਸੀ ਅਤੇ ਬੇਵਸੀ ਨਾਲ ਜੋੜਿਆ ਜਾਂਦਾ ਰਿਹਾ ਹੈ।ਗ਼ਜ਼ਲ ਸ਼ਬਦ ਦੇ ਇਕ ਅਰਥ ਗ਼ਜ਼ਾਲ ਭਾਵ ਹਿਰਨ ਤੋਂ ਲਏ ਜਾਂਦੇ ਹਨ।ਜੰਗਲ ਵਿਚ ਇਕੱਲੇ ਹਿਰਨ ਦੀ ਜੰਗਲੀ ਕੁੱਤਿਆਂ ਅਗੇ ਬੇਵਸੀ ਅਤੇ ਲਾਚਾਰੀ ਵਾਲੀ ਸਥਿਤੀ ਅਤੇ ਇਸ ਸਥਿਤੀ ਵਿਚ ਉਸ ਦੇ ਮੂੰਹੋਂ ਨਿਕਲੀ ਸੋਜ਼ਮਈ ਆਵਾਜ਼ ਨੂੰ ਗ਼ਜ਼ਲ ਦੇ ਦਰਦ ਨਾਲ ਜੋੜਿਆ ਜਾਂਦਾ ਹੈ।ਸ਼ਮਸ਼ ਕੈਸ਼ ਦੇ ਹਵਾਲੇ ਨਾਲ ਪੰਜਾਬੀ ਦੀਆਂ ਸਮੀਖਿਆ ਪੁਸਤਕਾਂ ਵਿਚ ਇਸ ਉਕਤੀ ਨੂੰ ਗ਼ਜ਼ਲ ਦੇ ਸੋਜ਼ ਅਤੇ ਦਰਦ ਨਾਲ ਜੋੜਨ ਲਈ ਵਾਰ-ਵਾਰ ਵਰਤਿਆ ਜਾਂਦਾ ਰਿਹਾ ਹੈ। ਸਮਕਾਲੀ ਪੰਜਾਬੀ ਗ਼ਜ਼ਲ ਵਿਚ ਇਹ ਦਰਦ ਮਨੁੱਖ ਦੀ ਬੇਵਸੀ, ਲਾਚਾਰੀ ਅਤੇ ਸੋਗੀ ਅਵਸਥਾ ਨਾਲੋਂ ਚਿੰਤਨੀ ਅਵਸਥਾ ਨਾਲ ਜ਼ਿਆਦਾ ਜੁੜਿਆ ਹੋਇਆ ਹੈ।ਗੁਰਦੀਪ ਵੀ ਗ਼ਮ ਅਤੇ ਦਰਦ ਦੇ ਇਨ੍ਹਾਂ ਬੇਵਸੀ ਅਤੇ ਸੋਗ ਤੋਂ ਮੁਕਤ ਪਲਾਂ ਦਾ ਸ਼ਾਇਰ ਹੈ।ਉਹ ਇਸ ਅਵਸਥਾ ਨੂੰ ਗਹਿਰੇ ਚਿੰਤਨ ਨਾਲ ਜੋੜ ਕੇ ਇਸ ਤੋਂ ਮੁਕਤੀ ਦਾ ਪ੍ਰਵਚਨ ਸਿਰਜਦਾ ਹੈ।ਗ਼ਜ਼ਲ ਵਿਚ ਦਰਦ ਦੀ ਇਹ ਅਵਸਥਾ ਸੋਚ ਅਤੇ ਫ਼ਿਕਰ ਦੀ ਅਵਸਥਾ ਹੈ।ਇਸ ਵਿਚ ਠਹਿਰਾ ਨਹੀਂ, ਗਤੀ ਹੈ।ਇਸ ਸਥਿਤੀ ਵਿਚ ਦਿਲ ਦੀਆਂ ਬੇਚੈਨੀਆਂ, ਤਲਖ਼ੀਆਂ, ਉਦਾਸੀਆਂ ਅਤੇ ਤਨਹਾਈਆਂ ਸ਼ਾਮਿਲ ਹਨ।ਇਸ ਵਿਚ ਸੋਜ਼ ਹੈ, ਧੜਕਨਾ ਦੀ ਆਵਾਜ਼ ਹੈ; ਗਤੀ ਹੈ ਅਤੇ ਦੁੱਖ ਦਾ ਡੂੰਘਾ ਅਹਿਸਾਸ ਹੈ।ਗੁਰਦੀਪ ਦੀਆਂ ਗ਼ਜ਼ਲਾਂ ਵਿਚ ਗ਼ਮ ਦੀ ਅਵਸਥਾ ਠਹਿਰਾ ਦੀ ਅਵਸਥਾ ਨਹੀਂ, ਬੇਚੈਨੀ ਅਤੇ ਤਲਖ਼ੀ ਦੀ ਅਵਸਥਾ ਹੈ, ਜਿੱਥੇ ਵਿਅਕਤੀ ਕਰਮ (object) ਤੋਂ ਕਰਤਾ (subject) ਵਾਲੀ ਭੂਮਿਕਾ ਵਿਚ ਤਬਦੀਲ ਹੁੰਦਾ ਹੈ।ਇਸੇ ਲਈ ਗੁਰਦੀਪ ਦਿਲ ਦੇ ਦਰਦ ਨੂੰ ਗਤੀ ਭਾਵ ਧੜਕਨਾਂ ਅਤੇ ਖ਼ਲਾਅ ਭਾਵ ਨਥਿੰਗਨੇਸ ਦੇ ਦੋ



ਵਿਰੋਧੀ ਸਿਰਿਆਂ ਨਾਲ ਜੋੜਦਾ ਹੈ।ਉਸ ਦੀਆਂ ਗ਼ਜ਼ਲਾਂ ਜਿਥੇ ਇਕ ਪਾਸੇ ਧੜਕਨਾਂ ਦੀ ਨਿਰੰਤਰਤਾ ਨੂੰ ਜ਼ਿੰਦਗੀ ਦੀ ਤੋਰ ਨਾਲ ਜੋੜਦੀਆਂ ਹਨ, ਓਥੇ ਦੂਜੇ ਪਾਸੇ ਖ਼ਲਾਅ ਤੋਂ ਮੁਕਤ ਹੋਣ ਦੇ ਰਸਤੇ ਵੀ ਤੋਰਦੀਆਂ ਹਨ।ਇਸੇ ਲਈ ਗੁਰਦੀਪ ਦੀ ਸ਼ਾਇਰੀ ਵਿਚ 'ਧੜਕਨ' ਅਤੇ 'ਖ਼ਲਾਅ' ਨਾਲ-ਨਾਲ ਵਿਚਰਦੇ ਹਨ।ਧੜਮਨ ਦਾ ਬੰਦ ਹੋਣਾ ਜੀਵਨ ਦੇ ਸਿਲਸਿਲੇ ਦਾ ਰੁਕਣਾ ਹੈ।ਖ਼ਲਾਅ ਦਾ ਪੱਸਰ ਜਾਣਾ ਹੈ।ਮੌਤ ਦੇ ਰੰਗ ਦਾ ਤਾਰੀ ਹੋ ਜਾਣਾ ਹੈ।ਇਹ ਸਥਿਰ ਅਤੇ ਜੜ੍ਹ ਹੋ ਜਾਣ ਦੀ ਸਥਿਤੀ ਹੈ।ਬੰਦਾ ਇਨ੍ਹਾਂ ਦੋ ਬਿੰਦੂਆਂ ਦਰਮਿਆਨ ਜ਼ਿੰਦਗੀ-ਮੌਤ ਦੀ ਲੜਾਈ ਲੜਦਾ ਹੈ।ਉਸ ਦੀ ਮੂਲ ਮਾਨਵੀ-ਵ੍ਰਿਤੀ ਉਸ ਨੂੰ ਜੀਵਤ ਰੱਖਣ ਲਈ ਸੰਘਰਸ਼ ਕਰਦੀ ਹੈ ਅਤੇ ਸੱਤਾ ਦਾ ਸਿਰਜਿਆ ਖ਼ਲਾਅ ਉਸ ਨੂੰ ਮੌਤ ਵੱਲ ਧੱਕਦਾ ਰਹਿੰਦਾ ਹੈ।ਗੁਰਦੀਪ ਦੀਆਂ ਗ਼ਜ਼ਲਾਂ ਧੜਮਨ ਦੀ ਰਵਾਨੀ ਅਤੇ ਖ਼ਲਾਅ ਵਿਚਲੇ ਤੂਫ਼ਾਨ ਦੀ ਤਰਜਮਾਨੀ ਕਰਦੀਆਂ ਨਿਰੰਤਰ ਜ਼ਿੰਦਗੀ ਦੇ ਕਾਫ਼ਲੇ ਦੇ ਤੁਰੇ ਰਹਿਣ ਦੀਆਂ ਸੰਕੇਤਕ ਹਨ:

- ਆ ਤੇਰੀ ਧੜਕਨ ਨੂੰ ਦੇਵਾਂ ਪੁਖ਼ਤਗੀ
  ਆ ਦਿਖਾਵਾਂ ਦਰਦਮੰਦੀ ਦਾ ਜਹਾਨ।(ਰੰਗਾਂ ਦੀ ਮਹਿਫ਼ਲ,ਪੰਨਾ-25)

- ਧੜਕਣਾਂ ਨਾ ਇੰਝ ਨਿਕਸੁਕ ਨਾਲ ਭਰ
  ਆਪਣੇ ਸੀਨੇ 'ਚ ਕੋਈ ਦਰਦ ਪਾਲ।(ਮਹਿਫ਼ਲ ਮਹਿਫ਼ਲ,ਪੰਨਾ-61)

- ਕਿਸ ਤਰ੍ਹਾਂ ਦੀ ਵਗ ਤੁਰੀ ਹੈ ਇਹ ਹਵਾ
  ਦਿਲ 'ਚ ਪੈਦਾ ਕਰ ਗਈ ਹੈ ਜੋ ਖ਼ਲਾਅ।(ਸ਼ਿਅਰ ਅਰਜ਼ ਹੈ,ਪੰਨਾ-20)

- ਸੌ ਦਫ਼ਾ ਭੰਰਿਆ ਹੈ ਇਸ ਦਿਲਾਂ ਦਾ ਖ਼ਲਾਅ
  ਡਰ ਰਿਹਾ ਬਣਿਆ ਸਦਾ ਤੂਫ਼ਾਨ ਦਾ।(ਮਹਿਫ਼ਲ ਮਹਿਫ਼ਲ-41)

- ਸੀਨੇ ਵਿਚ ਫਿਰਦਾਂ ਹਾਂ ਸਾਂਭੀ ਸੁਰਖ਼ੀਆਂ
  ਸਰਦ 'ਵਾ ਵਿਚ ਠਰਨ ਵਾਲਾ ਮੈਂ ਨਹੀਂ।(ਵਸਲ ਤੇ ਹਿਜਰੋਂ ਪਰੇ,ਪੰਨਾ-56)

ਅਸਲ ਵਿਚ ਗੁਰਦੀਪ ਦੀਆਂ ਗ਼ਜ਼ਲਾਂ ਵਿਚਲਾ ਦਰਦ ਉਸ ਦੀ ਜ਼ਿੰਦਗੀ ਅਤੇ ਇਸ ਦੇ ਮਸਲਿਆਂ ਪ੍ਰਤਿ ਇਕ ਚੇਤਨ ਅਤੇ ਚਿੰਤਨੀ ਸੋਚ ਦਾ ਲਖਾਇਕ ਹੈ।ਉਹ ਦਿਲ ਵਿਚ 'ਤਪਦੀਆਂ ਰੁੱਤਾਂ' ਲੈ ਕੇ ਛਾਂਵੇ ਤੁਰਨ ਵਾਲਾ ਇਨਸਾਨ ਨਹੀਂ ਹੈ, ਉਹ ਤਾਂ ਧੁੱਪ ਦੀ ਵਾਟ ਦਾ ਪਾਂਧੀ ਹੈ, ਜਿਹੜਾ' ਛਾਵਾਂ' ਲਈ ਇਕ ਜੋਧੇ ਵਾਂਗ ਲੜ ਰਿਹਾ ਹੈ।ਗੁਰਦੀਪ ਆਪਣੀਆਂ ਗ਼ਜ਼ਲਾਂ ਦੀ ਇਸ ਕੈਫ਼ੀਅਤ ਵਾਰੇ ਇਕ ਥਾਂ ਆਪ ਵੀ ਕਹਿੰਦਾ ਹੈ ਕਿ 'ਦਰਦ ਗ਼ਜ਼ਲ ਲਈ ਬਹੁਤ ਖ਼ਾਸ ਲਫ਼ਜ਼ ਹੈ, ਇਹ ਇਸ਼ਕ ਦਾ ਹਮਪੱਲਾ ਹੈ ਅਤੇ ਮੇਰੀ ਗ਼ਜ਼ਲ ਵਿਚ ਵਾਰ-ਵਾਰ ਆਉਂਦਾ ਹੈ'। ਗੁਰਦੀਪ ਦੀ ਸ਼ਾਇਰੀ ਵਿਚ ਦਰਦ ਬੰਦੇ ਦੀ ਨਿਰੰਤਰ ਕਰਮਸ਼ੀਲ ਸਥਿਤੀ ਨਾਲ ਸਬੰਧਿਤ ਹੈ।ਬੇਚੈਨੀ, ਖ਼ਲਬਲੀ, ਛਟਪਟਾਹਟ, ਪਿਆਸ, ਤਲਖ਼ੀ ਆਦਿ ਤੀਬਰ ਭਾਵ ਇਸੇ ਮਾਨਵੀ ਸਥਿਤੀ ਦੇ ਹੀ ਲਖਾਇਕ ਹਨ, ਜਿਨ੍ਹਾਂ ਨੂੰ ਗੁਰਦੀਪ ਪੂਰੀ ਸ਼ਿੱਦਤ ਅਤੇ ਕਲਾਤਮਿਕਤਾ ਨਾਲ ਪੇਸ਼ ਕਰਦਾ ਹੈ:

- ਪੀ ਗਿਆ ਸਹਿਰਾ ਦੇ ਸਾਰੇ ਹੀ ਸਰਾਬ
  ਇਹ ਮੁਸਾਫ਼ਿਰ ਸੀ ਪਿਆਸਾ ਕਿਸ ਕਦਰ।(ਵਸਲ ਤੇ ਹਿਜਰੋਂ ਪਰੇ,ਪੰਨਾ-65)

- ਨਾ ਸਹੀ ਆਸੂਦਗੀ, ਤਲਖ਼ੀ ਸਹੀ
  ਯਾਰ ਮੇਰੀ ਸ਼ਾਇਰੀ ਵਿਚ ਕੁਝ ਤਾਂ ਹੈ।(ਵਸਲ ਤੇ ਹਿਜਰੋਂ ਪਰੇ,ਪੰਨਾ-98)

- ਇਸ ਦਿਲ ਦੀ ਬੇਕਲੀ ਦਾ ਕੋਈ ਇਲਾਜ ਪੁੱਛੀਂ
  ਤੈਨੂੰ ਤੇ ਜਾਣਦੇ ਨੇ ਉਸ ਤਰਫ਼ ਯਾਰ ਮੌਸਮ।(ਸ਼ਿਅਰ ਅਰਜ਼ ਹੈ,ਪੰਨਾ-26)

ਗੁਰਦੀਪ ਦੀ ਸ਼ਾਇਰੀ ਦਾ ਅਗਲਾ ਪਾਸਾਰ ਸਿਆਸਤ ਨਾਲ ਸਬੰਧਿਤ ਹੈ। ਉਸ ਦੀ ਸ਼ਾਇਰੀ ਖ਼ਾਸ ਕਰਕੇ ਪਿਛਲੇ ਦੌਰ ਦੀ ਸ਼ਾਇਰੀ ਵਿਚ ਸਿਆਸਤ ਦਾ ਬਹੁਤ ਦਖ਼ਲ ਹੈ। ਉਹ ਸੱਤਾ ਦੇ ਕੇਂਦਰਾਂ ਨੂੰ ਆਪਣੀ ਸਿਰਜਣਾ ਦੇ ਕੇਂਦਰ ਵਿਚ ਲਿਆਉਂਦਾ ਹੈ।ਗੁਰਦੀਪ ਖ਼ੁਦ ਲਿਖਦਾ ਹੈ ਕਿ 'ਦਿਲ ਨਾਲ ਵਾਸਤਾ ਰੱਖਣ ਵਾਲੀ ਸਾਰੀ ਅਸਲੀਅਤ ਮੇਰੀ ਸ਼ਾਇਰੀ ਦਾ ਵਿਸ਼ਾ ਹੈ।ਮੇਰੇ ਦਿਲ ਨੂੰ ਵਿਵਸਥਾ, ਇਨਸਾਫ਼, ਰਾਜ ਅਤੇ ਬਾਜ਼ਾਰ ਨਾਲ ਵੀ ਡਾਢੀ ਵਾਬਸਤਗੀ ਹੈ।ਮੈਨੂੰ ਦੁੱਖ ਹੁੰਦਾ ਹੈ ਜਦੋਂ ਨਰਮਦਿਲ ਲੋਕ ਵੀ ਵਿਵਸਥਾ ਦੇ ਕਹਿਰ ਨੂੰ ਨਹੀਂ ਗੌਲਦੇ'। ਸੋ, ਗੁਰਦੀਪ ਦੀ ਸ਼ਾਇਰੀ ਵਿਚ ਸੋਜ਼ ਅਤੇ ਦਰਦ ਤੋਂ ਬਾਅਦ ਜਿਹੜਾ ਰੰਗ ਬੜਾ ਉਗੜਵਾਂ ਹੈ, ਉਹ ਉਸ ਦੀ ਸਮਾਜਿਕ ਫ਼ਿਕਰ ਦੀ ਸ਼ਾਇਰੀ ਨਾਲ ਤਾਲੁਕ ਰੱਖਦਾ ਹੈ ਉਹ ਆਪਣੀਆਂ ਗ਼ਜ਼ਲ ਵਿਚ ਸਟੇਟ, ਲੋਕਤੰਤਰ, ਰਾਸ਼ਟਰ, ਵਤਨ, ਸਰਕਾਰ ਆਦਿ ਸਤਾ ਸਰੋਤਾਂ ਨੂੰ ਕਾਟੇ ਹੇਠ ਲਿਆਉਂਦਾ ਹੈ ਅਤੇ ਇਨ੍ਹਾਂ ਸੰਕਲਪਾਂ ਨੂੰ ਸ਼ਰਧਾ ਦੀ ਧੁੰਦ ਤੋਂ ਮੁਕਤ ਕਰਕੇ ਪੁਨਰ-ਪਰਿਭਾਸ਼ਿਤ ਕਰਦਾ ਹੈ ਅਤੇ ਇਨ੍ਹਾਂ ਨੂੰ ਮਾਨਵ-ਵਿਰੋਧੀ ਐਲਾਨਦਾ ਹੈ।ਗੁਰਦੀਪ ਸਤਾ ਅਤੇ ਆਮ ਬੰਦੇ ਦੇ ਦਵੰਧਮਾਈ ਸਬੰਧਾਂ ਨੂੰ ਉਜਾਗਰ ਕਰਦਿਆਂ ਸਤਾ ਦੀ ਖੇਡ ਨੂੰ ਸਮਝਣ ਅਤੇ ਇਸ ਦੇ ਦੰਭੀ ਕਿਰਦਾਰ ਨੂੰ ਉਜਾਗਰ ਕਰਨ ਲਈ ਵਿਸ਼ੇਸ਼ ਤੌਰ 'ਤੇ ਅਗਰਸਰ ਲਗਦਾ ਹੈ।ਉਸ ਦੀਆਂ ਗ਼ਜ਼ਲਾਂ ਵਿਚ ਅਜਿਹੇ ਭਾਵ ਹਰ ਪੁਸਤਕ ਵਿਚ ਦੇਖੇ ਜਾ ਸਕਦੇ ਹਨ।ਰਾਜ ਉਸ ਲਈ ਕੋਈ ਮਾਣ ਕਰਨ ਵਾਲੀ ਸਪੇਸ ਨਹੀਂ ਰਹਿ ਜਾਂਦਾ, ਜਦੋਂ ਉਹ ਇਸ ਦੇ ਸਰਵੱਤ ਦੇ ਭਲੇ ਵਾਲੀ ਮਿੱਥ ਨੂੰ ਟੁੱਟਦੀ ਦੇਖਦਾ ਹੈ।ਉਸ ਲਈ ਰਾਜ ਕੁਝ ਅਮੀਰ ਘਰਾਣਿਆਂ ਨੂੰ ਲਾਭ ਪਹੁੰਚਾਉਣ ਵਾਲੀ ਸੰਸਥਾ ਹੈ।ਇਸ ਦਾ ਕਲਿਆਣਕਾਰੀ ਰੂਪ ਵੀ ਮਹਿਜ਼ ਭਰਮ ਹੈ।ਗੁਰਦੀਪ ਅਨੁਸਾਰ ਰਾਜ ਦੇ ਸਮਰੂਪੀਕਰਨ ਦੀ ਪ੍ਰਕਿਰਿਆ ਵੀ ਬੰਦੇ ਦੀ ਹੋਂਦ ਦੇ ਸੰਕਟ ਨੂੰ ਹੋਰ ਗਹਿਰਾ ਕਰਦੀ ਹੈ।ਉਸ ਲਈ ਰਾਜ ਦਾ ਲੋਕਤੰਤਰੀ ਰੂਪ ਵੀ ਸਿਆਸਤ ਅਤੇ ਦੌਲਤ ਦਾ ਸਮੀਕਰਨ ਹੀ ਹੈ, ਜਿਸ ਵਿਚ ਲੋਕਾਂ ਦੇ ਜੀਣ ਥੀਣ ਦਾ ਫ਼ਿਕਰ ਕਿਤੇ ਸ਼ਾਮਿਲ ਨਹੀਂ ਹੁੰਦਾ ਹੈ।ਅਜਿਹੀ ਸਥਿਤੀ ਵਿਚ ਲੋਕ ਭਲਾਈ ਇਕ ਮਿੱਥ ਹੈ ਅਤੇ ਲੋਕਾਂ ਨਾਲ ਨਿਆਂ ਹੋਣ ਦੀ ਇਸ ਸੱਤਾ-ਤੰਤਰ ਵਿਚ ਕੋਈ ਗੁੰਜ਼ਾਇਸ਼ ਨਹੀਂ:

- ਲੋਕਾਂ ਦੇ ਜੀਣ ਥੀਣ ਦਾ ਕਰਦਾ ਹੈ ਜ਼ਿਕਰ ਕੌਣ
  ਪੂੰਜੀ ਦੇ ਅਖ਼ਤਿਆਰ ਦਾ ਚਰਚਾ ਹੈ ਹਰ ਤਰਫ਼।(ਵਸਲ ਤੇ ਹਿਜਰੋਂ ਪਰੇ-73)
- ਹਕੀਕਤ 'ਚ ਹੈ ਲੋਕਤੰਤਰ ਤੁਹਾਡਾ
  ਸਿਆਸਤ ਤੇ ਦੌਲਤ ਦੀ ਪੱਕੀ ਭਿਆਲੀ।(ਵਸਲ ਤੇ ਹਿਜਰੋਂ ਪਰੇ-15)

- ਭਾਰਤ ਨੂੰ ਓਹੀ ਜਾਪਦਾ ਹੈ ਠੀਕ ਭਾਰਤੀ
  ਜੋ ਆਪਣੀ ਪਹਿਚਾਣ ਦਾ ਮੁੱਦਾ ਉਠਾਏ ਨਾ।(ਵਸਲ ਤੇ ਹਿਜਰੋਂ ਪਰੇ-70)

- ਪਹਿਲਾਂ ਮੈਂ ਲੋਕਾਂ ਦੇ ਹੰਝੂ ਰੋ ਲਵਾਂ
  ਫਿਰ ਕਹਾਂਗਾ ਕੁਛ ਵਤਨ ਦੀ ਸ਼ਾਨ ਵਿਚ।(ਵਸਲ ਤੇ ਹਿਜਰੋਂ ਪਰੇ-78)



- ਤੇਰੀ ਤਹਿਜ਼ੀਬ ਦੀ ਬੁਨਿਆਦ ਜੇ ਸੱਚਾ ਨਿਆਂ ਹੁੰਦਾ
  ਨਾ ਪਾਣੀ ਅੱਖ ਦਾ ਮਰਦਾ ਨਾ ਏਦਾਂ ਦਿਲ ਹੀ ਠਰ ਜਾਂਦਾ।(ਵਸਲ ਤੇ ਹਿਜਰੋਂ ਪਰੇ,ਪੰਨਾ-20)

ਸੋ, ਗੁਰਦੀਪ ਅਨੁਸਾਰ ਇਹ ਸਾਰਾ ਤੰਤਰ ਆਮ ਲੋਕਾਂ ਦੀ ਲੁੱਟ ਲਈ ਸਿਰਜਿਆ ਗਿਆ ਹੈ।ਰਾਜ, ਵਤਨ, ਲੋਕ-ਰਾਜ, ਲੋਕਤੰਤਰ, ਕਲਿਆਣਕਾਰੀ ਰਾਜ ਆਦਿ ਸੰਕਲਪ ਆਮ ਬੰਦੇ ਨੂੰ ਕਾਬੂ ਕਰਨ ਅਤੇ ਉਸ ਨੂੰ ਸਤਾ ਅਨੁਸਾਰੀ ਵਿਵਹਾਰ ਕਰਨ ਲਈ ਮਜਬੂਰ ਕਰਨ ਵਾਲੀਆਂ ਸੰਸਥਾਵਾਂ ਦਾ ਰੋਲ ਅਦਾ ਕਰ ਰਹੇ ਹਨ।ਸਰਕਾਰਾਂ ਪੂੰਜੀਪਤੀਆਂ ਅਤੇ ਕਾਰਪੋਰੇਟ ਅਦਾਰਿਆਂ ਦੀਆਂ ਗ਼ੁਲਾਮ ਬਣ ਕੇ ਰਹਿ ਗਈਆਂ ਹਨ।ਅਮੀਰਾਂ ਦੀ ਭੁੱਖ ਏਨੀ ਵਧ ਗਈ ਹੈ ਕਿ ਉਹਨਾਂ ਨੇ ਅੱਧੀ ਲੋਕਾਈ ਨੂੰ ਭੁੱਖਿਆਂ ਰੱਖਿਆ ਹੋਇਆ ਹਨ।ਸਰਕਾਰ ਅਤੇ ਇਸ ਦੇ ਹਾਕਮ ਦੋਵੇਂ, ਕਿਰਦਾਰ ਅਤੇ ਕਾਰਜਸ਼ੈਲੀ ਪੱਖੋਂ ਤਿੱਖੇ ਅੰਤਰ-ਦਵੰਧਾਂ ਦੇ ਸ਼ਿਕਾਰ ਹਨ।ਗੁਰਦੀਪ ਸੰਸਦੀ ਸਰਕਾਰ ਦੀ ਚੋਣ ਪ੍ਰਕਿਰਿਆ ਅਤੇ ਇਸ ਦੀ ਸਾਰਥਿਕਤਾ ਨੂੰ ਵੀ ਆਪਣੀਆਂ ਗ਼ਜ਼ਲਾਂ ਵਿਚ ਕੁਝ ਸੰਕੇਤਾਂ ਅਤੇ ਇਸ਼ਾਰਿਆਂ ਨਾਲ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ ਹੈ।ਪੰਜ ਸਾਲਾਂ ਵਿਚ ਇਕ ਵਾਰ ਵੋਟ ਦੀ ਵਰਤੋਂ ਅਤੇ ਫਿਰ ਇਨ੍ਹਾਂ ਸਾਲਾਂ ਵਿਚ ਲੋਕਾਈ ਦੀ ਹੁੰਦੀ ਲੁੱਟ ਵੀ ਇਨ੍ਹਾਂ ਗ਼ਜ਼ਲਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪੇਸ਼ ਹੁੰਦੀ ਹੈ।ਗੁਰਦੀਪ ਦੀਆਂ ਗ਼ਜ਼ਲਾਂ ਇਸ ਨਾਕਸ ਵਿਵਿਸਥਤਾ ਦਾ ਅਸਲ ਖ਼ਾਸਾ ਸਾਡੇ ਸਾਹਮਣੇ ਸਪੱਸ਼ਟ ਕਰਦੀਆਂ ਹਨ।ਗੁਰਦੀਪ ਲਿਖਦਾ ਹੈ:

- ਬੇਕਸਾਂ ਦੀ ਬੇਜ਼ਬਾਨੀ ਰਾਸ ਆਈ ਹੈ ਬੜੀ
  ਇਸ ਸ਼ਹਿਰ ਦੇ ਹਾਕਮਾਂ ਇੱਜ਼ਤ ਕਮਾਈ ਹੈ ਬੜੀ।(ਵਸਲ ਤੇ ਹਿਜਰੋਂ ਪਰੇ,ਪੰਨਾ-55)

- ਇੱਜ਼ਤ ਰਾਜ ਦੀ ਖ਼ਤਰੇ 'ਚ ਪੈ ਚੁੱਕੀ ਹੈ ਹਰ ਪਾਸੇ
  ਫਸੇ ਹੋਏ ਨੇ ਕੇਸਾਂ ਵਿਚ ਇੱਜ਼ਤਦਾਰ ਦਰਬਾਰੀ।(ਵਸਲ ਤੇ ਹਿਜਰੋਂ ਪਰੇ,ਪੰਨਾ-18)

- ਪਾੜ ਹੀ ਹੋਈ ਨਾ ਪਰਚੀ ਵੋਟ ਦੀ
  ਉਮਰ ਭਰ ਮੈਂ ਹੋ ਨਹੀਂ ਸਕਿਆ ਅਜ਼ਾਦ।(ਮਹਿਫ਼ਲ ਮਹਿਫ਼ਲ,ਪੰਨਾ-16)

- ਚੁਣ ਕੇ ਜਿਸ ਨੂੰ ਹਾਰ ਜਾਂਦੇ ਹਾਂ ਅਸੀਂ
  ਉਹ ਹਕੀਕਤ ਵਕਤ ਦੀ ਸਰਕਾਰ ਹੈ।(ਮਹਿਫ਼ਲ ਮਹਿਫ਼ਲ,ਪੰਨਾ-100)

ਰਾਜ ਅਤੇ ਸਰਕਾਰਾਂ ਇਸ ਨਵਬਸਤੀਵਾਦੀ ਸਾਮਰਾਜੀ ਦੌਰ ਵਿਚ ਪਹਿਲਾਂ ਨਾਲੋਂ ਵੀ ਜ਼ਿਆਦਾ ਸੰਕਟ ਦਾ ਸ਼ਿਕਾਰ ਹੋ ਰਹੀਆਂ ਹਨ।ਪੂੰਜੀ ਦੇ ਬੇਰੋਕ ਬਹਾਅ ਨੇ ਇਸ ਸਥਿਤੀ ਅਤੇ ਵਰਤਾਰੇ ਨੂੰ ਹੋਰ ਵੀ ਉਲਝਾ ਦਿੱਤਾ ਹੈ। ਸ਼ਕਤੀ ਦੇ ਕੇਂਦਰ ਬਦਲ ਰਹੇ ਹਨ।ਰਾਜ ਅਤੇ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਵਿਚ ਭੁਗਤ ਰਹੀਆਂ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿਚ ਕਾਰਪੋਰੇਟ ਸਰਮਾਏਦਾਰੀ ਹਾਕਮਾਨਾ ਸ਼ਕਤੀਆਂ, ਨੌਕਰਸ਼ਾਹੀ ਅਤੇ ਅਮੀਰ ਬੁਰਜੁਆਜੀ ਦੇ ਨਾਲ ਮਿਲੀ-ਭੁਗਤ ਰਾਹੀਂ ਦੇਸ਼ ਦੇ ਕੁਦਰਤੀ ਸਰੋਤਾਂ ਅਤੇ ਮਨੁੱਖ ਦੀਆਂ ਬੁਨਿਆਦੀ ਜ਼ਰੂਰਤਾਂ ਵਾਲੀਆਂ ਵਸਤੂਆਂ 'ਤੇ ਕਬਜ਼ਾ ਕਰ ਰਹੀਆਂ ਹਨ।ਗੁਰਦੀਪ ਵਿਕਾਸ ਦੇ ਇਸ ਪੂੰਜੀਵਦੀ ਮਾਡਲ 'ਤੇ ਵੀ ਪ੍ਰਸ਼ਨ-ਚਿੰਨ੍ਹ ਲਾਉਂਦਾ ਹੈ।ਇਸ ਵਿਕਾਸ ਮਾਡਲ ਵਿਚ ਬਰਾਬਰੀ, ਨਿਆਂ ਅਤੇ ਆਮ ਬੰਦੇ ਦੇ ਵਿਕਾਸ ਲਈ ਕੋਈ ਥਾਂ ਨਹੀਂ ਹੈ।ਉਹ ਸਤਾ ਅਤੇ ਸੰਚਾਰ-ਸਾਧਨਾਂ ਵਿਚਲੇ ਸਬੰਧਾਂ ਤੋਂ ਜਗਰੁਕ ਹੋਣ ਕਰਕੇ ਇਸ਼ਤਿਹਾਰਬਾਜ਼ੀ, ਬਾਜ਼ਾਰ ਅਤੇ ਮੰਡੀ ਦੇ ਵਰਤਾਰੇ ਨੂੰ ਵੀ ਖ਼ੂਬ ਸਮਝਦਾ ਹੈ:

- ਰਹਿ ਗਏ ਰੰਗੀਨੀਆਂ ਦੇ ਸਭ ਸ਼ੁਕੀਨ<br>ਇਸ਼ਤਿਹਾਰੀ ਅੱਖ ਦੇ ਹੋ ਕੇ ਅਧੀਨ।(ਵਸਲ ਤੇ ਹਿਜਰੋਂ ਪਰੇ,ਪੰਨਾ-19)

- ਖੁਲ੍ਹਾ ਪਿਆ ਬਜ਼ਾਰ ਵਿਚ ਕੀ ਕੁਝ ਤਿਰੇ ਨਹੀਂ<br>ਲੁਕਿਆ ਤਿਰੇ ਵਿਧਾਨ ਵਿਚ ਕਿਹੜਾ ਸਿਤਮ ਨਹੀਂ।(ਵਸਲ ਤੇ ਹਿਜਰੋਂ ਪਰੇ,ਪੰਨਾ-77)

- ਮੌਸਮਾਂ ਦੀ ਗੱਲ ਹੀ ਜਾਂਦੀ ਰਹੀ<br>ਰੰਗ ਹੈ ਹਰ ਚੀਜ਼ 'ਤੇ ਬਾਜ਼ਾਰ ਦਾ।(ਵਸਲ ਤੇ ਹਿਜਰੋਂ ਪਰੇ,ਪੰਨਾ-79)

- ਲੋੜ ਪੂਰੀ ਕਰਨ ਦੀ ਤੇ ਗੱਲ ਸੁਣਦੇ ਆਏ ਹਾਂ<br>ਲੋੜ ਪੈਦਾ ਕਰਨ ਦੀ ਪਰ ਕਿਸ ਤਰ੍ਹਾਂ ਦੀ ਲੋੜ ਹੈ। (ਮਹਿਫ਼ਲ ਮਹਿਫ਼ਲ,ਪੰਨਾ-81)

ਨਵ-ਪੂੰਜੀਵਾਦੀ 'ਵਿਕਾਸ ਮਾਡਲ' ਨੇ ਬੰਦੇ ਦੇ ਨਾਲ ਨਾਲ ਪ੍ਰਕਿਰਤਕ ਸਾਧਨਾਂ ਦੀ ਵੀ ਲੁੱਟ ਕੀਤੀ ਹੈ।ਲੋਕਾਂ ਦੇ ਰੁਜ਼ਗਾਰ ਦਾ ਸਾਧਨ ਜ਼ਮੀਨ, ਜੰਗਲ ਤੇ ਜਲ ਖੋਹ ਕੇ ਕਾਰਪੋਰੇਟ ਜਗਤ ਦੇ ਹਵਾਲੇ ਕਰਨ ਦੀ ਪ੍ਰਕਿਰਿਆ ਨੇ ਜ਼ਿੰਦਗੀ ਨੂੰ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝਿਆ ਕਰ ਦਿੱਤਾ ਹੈ। ਜਿਸ ਨਾਲ ਜ਼ਿੰਦਗੀ ਖੰਡਰ ਬਣਦੀ ਜਾ ਰਹੀ ਹੈ। ਸਾਡੀਆਂ ਸਰਕਾਰਾਂ ਨੇ ਪ੍ਰਕਿਰਤਿਕ ਸਾਧਨਾਂ ਨੂੰ ਕਾਰਪੋਰੇਟ ਖੇਤਰ ਦੇ ਹਵਾਲੇ ਕਰਨ ਅਤੇ ਇਸਨੂੰ ਆਪਣੇ ਅਤੇ ਉਨ੍ਹਾਂ ਦੇ ਮੁਨਾਫ਼ੇ ਦਾ ਸਾਧਨ ਬਣਾਉਣ ਨੂੰ ਹੀ ਦੇਸ਼ ਦੇ ਵਿਕਾਸ ਅਤੇ ਤਰੱਕੀ ਦਾ ਨਾਂ ਦਿਤਾ ਹੋਇਆ ਹੈ।1990 ਤੋਂ ਬਾਅਦ ਭਾਰਤ ਨੇ ਵਿਕਾਸ ਦਾ ਇਹ ਜਿਹੜਾ ਮਾਡਲ ਚੁਣਿਆਂ ਹੈ, ਉਸ ਨਾਲ ਦੇਸ ਦਾ ਜਾਂ ਅਵਾਮ ਦਾ ਕੋਈ ਭਲਾ ਨਹੀਂ ਹੋਣ ਵਾਲਾ।ਸਮਕਾਲੀ ਪੰਜਾਬੀ ਗ਼ਜ਼ਲ ਵਿਚ ਇਸ ਸਮੱਸਿਆਕਾਰ ਦੀਆਂ ਵਿਰਲੀਆਂ ਧੁਨੀਆਂ ਸੁਣਾਈ ਦੇਣ ਲੱਗ ਪਈਆਂ ਹਨ।ਗੁਰਦੀਪ ਵੀ ਆਪਣੀ ਸ਼ਾਇਰੀ ਵਿਚ ਇਸ ਪ੍ਰਤਿ ਸੁਚੇਤ ਹੈ:

- ਭੋਂ ਅੰਨ ਜੋਗੀ 'ਤੇ ਸਾਹ ਜੋਗੇ ਜੰਗਲ<br>ਕਰਦੀ ਹੈ ਸਭਦੀ ਹਜਾਮਤ ਤਰੱਕੀ।(ਵਸਲ ਤੇ ਹਿਜਰੋਂ ਪਰੇ,ਪੰਨਾ-45)

- ਹਵਾ, ਪਾਣੀ ਤੇ ਧਰਤੀ ਆਪ ਨੇ ਏਨੇ ਡਰੇ ਹੋਏ<br>ਕਿ ਮੈਨੂੰ ਔਣ ਵਾਲੇ ਵੇਲਿਆਂ ਕੋਲੋਂ ਡਰੌਂਦੇ ਨੇ।(ਸ਼ਿਅਰ ਅਰਜ਼ ਹੈ,ਪੰਨ-112)

- ਵਗ ਰਹੀ ਹੈ ਕਿਸ ਤਰ੍ਹਾਂ ਦੀ ਇਹ ਤਰੱਕੀ ਦੀ ਹਵਾ<br>ਜੋ ਕਰੀ ਜਾਂਦੀ ਹੈ ਸਭ ਜੰਗਲ ਦੇ ਰੁੱਖਾਂ ਨੂੰ ਉਦਾਸ।(ਵਸਲ ਤੇ ਹਿਜਰੋਂ ਪਰੇ,ਪੰਨਾ-64)

- ਜਿਸਦੇ ਸਿਰ 'ਤੇ ਪਾ ਰਹੇ ਹੋ ਰਾਤ ਦਿਨ ਛੱਤਾਂ ਤੁਸੀਂ<br>ਉਸ ਜ਼ਮੀਂ ਨੂੰ ਦੋਸਤੋ ਰੁੱਖਾਂ ਦੀ ਛਾਂ ਦੀ ਲੋੜ ਹੈ।(ਮਹਿਫ਼ਲ ਮਹਿਫ਼ਲ,ਪੰਨਾ-81)

ਗੁਰਦੀਪ ਆਪਣੀਆਂ ਗ਼ਜ਼ਲਾਂ ਵਿਚ ਸਤਾ ਦੇ ਗਲਿਆਰਿਆਂ ਵਿਚ ਪਿਸ ਰਹੀ ਲੋਕਾਈ ਦੀ ਤਸ਼ਵੀਰਕਸ਼ੀ ਹੀ ਨਹੀਂ ਕਰਦਾ, ਸਗੋਂ ਉਹ ਇਸ ਸਥਿਤੀ ਦੀ ਕਠੋਰਤਾ ਨੂੰ ਪ੍ਰਗਟ ਕਰਦਿਆਂ ਇਸ ਪ੍ਰਤਿ ਲੋਕ ਰੋਹ ਨੂੰ ਵੀ ਉਜਾਗਰ ਕਰਦਾ ਹੈ ਅਤੇ ਇਸ ਸਥਿਤੀ ਦੇ ਬਦਲਣ ਪ੍ਰਤਿ ਪੂਰਾ ਆਸਵੰਦ ਵੀ ਹੈ। ਸ਼ਿਅਰ



ਅਰਜ਼ ਹੈ, ਦੀ ਭੂਮਿਕਾ ਵਿਚ ਉਹ ਲਿਖਦਾ ਹੈ ਕਿ 'ਖਪਤਕਾਰੀ ਦੀ ਦੁਨੀਆ ਦਾ ਸਭਿਆਚਾਰ ਬੇਸ਼ਕ ਕਾਫ਼ੀ ਮਾਯੂਸ ਕਰਦਾ ਹੈ ਤੇ ਸੁਹਜ ਸੁਆਦ ਢਹਿੰਦੀਆਂ ਕਲਾਂ ਵਿਚ ਹੈ।ਅਸਮਾਨ ਖਾਈ ਵਿਚ ਡਿੱਗਿਆ ਪਿਆ ਏ ਤੇ ਦਿਲ ਦੀ ਥੋੜ੍ਹਾ ਹੋਰ ਉੱਚਾ ਦੇਖਣ ਦੀ ਹਸਰਤ ਰੁਸਵਾ ਹੋ ਰਹੀ ਹੈ, ਪਰ ਫਿਰ ਵੀ ਸ਼ਾਇਰੀ ਸਦਕਾ ਦੱਬੀ ਹਨੇਰ ਦੇ ਭਾਰ ਹੇਠਾਂ ਅੱਗ ਕੱਖਾਂ ਦੀ ਕੁੱਲੀ ਵਿਚ ਜਾਗਦੀ ਹੈ'। ਇਸ ਆਸ਼ਾਮਈ ਦ੍ਰਿਸ਼ਟੀ ਨਾਲ ਸਬੰਧਿਤ ਗੁਰਦੀਪ ਦੇ ਕਈ ਸ਼ਿਅਰ ਉਸ ਦੀਆਂ ਸਾਰੀਆਂ ਹੀ ਪੁਸਤਕਾਂ ਵਿਚ ਵਿਦਮਾਨ ਹਨ।ਨਵ-ਪੂੰਜੀਵਾਦੀ ਖੁੱਲ੍ਹੀ ਮੰਡੀ ਦੇ ਤੰਤਰ ਅੰਦਰ ਪਲ ਰਹੀ ਲੋਕ ਬੇਚੈਨੀ ਅਤੇ ਵਿਦਰੋਹ ਦੀ ਸੁਰ ਨੂੰ ਗੁਰਦੀਪ ਆਪਣੀਆਂ ਗ਼ਜ਼ਲਾਂ ਵਿਚ ਸਮਝਣ ਅਤੇ ਪੇਸ਼ ਕਰਨ ਦਾ ਯਤਨ ਕਰਦਾ ਹੈ।ਉਹ ਸਮਝਦਾ ਹੈ ਕਿ ਜਦੋਂ ਖਾਮੋਸ਼ੀ ਬੋਲਦੀ ਹੈ ਤਾਂ 'ਕਾਲੇ ਭੌਰ' ਆਪਣਾ ਕਾਲਜਾ ਫੜ ਕੇ ਬਹਿ ਜਾਂਦੇ ਹਨ।ਇਸ ਦੇ ਨਾਲ ਹੀ ਉਹ ਆਪਣੀਆਂ ਗ਼ਜ਼ਲਾਂ ਇਸ ਪ੍ਰਤਿਰੋਧੀ ਸ਼ਾਇਰੀ ਦੀ ਉੱਚੀ-ਸੁਰ ਵਾਲੇ ਸੁਭਾਅ ਅਤੇ ਅਸਰ ਤੋਂ ਵੀ ਸੁਚੇਤ ਵੀ ਹੈ।ਗੁਰਦੀਪ ਅਨੁਸਾਰ 'ਨਾਅਰਾ ਬਣ ਜਾਣਾ ਕਿਸੇ ਸ਼ਿਅਰ ਦੀ ਵੱਡੀ ਪ੍ਰਾਪਤੀ ਹੈ ਤੇ ਜਿਸ ਵਿਚ ਸ਼ਾਇਰੀ ਨਾ ਹੋਵੇ, ਉਹ ਨਾਅਰਾ ਕਾਮਯਾਬ ਨਹੀਂ'। ਗੁਰਦੀਪ ਆਪਣੀਆਂ ਗ਼ਜ਼ਲਾਂ ਵਿਚ ਸ਼ਾਇਰੀ ਜਮ੍ਹਾ ਨਾਅਰਾ ਦੇ ਹੱਕ ਵਿਚ ਹੈ ਅਤੇ ਉਹ ਇਸ ਸ਼ਾਇਰੀਨੁਮਾ-ਨਾਅਰੇ ਰਾਹੀਂ ਇਸ ਮਾਰੂ ਨਿਜ਼ਾਮ ਤੇ ਚੋਟ ਵੀ ਕਰਦਾ ਹੈ ਅਤੇ ਇਸ ਨੂੰ ਬਦਲਣ ਲਈ ਵੀ ਅਗਰਸਰ ਦਿਸਦਾ ਹੈ:

- ਉੱਚੀ ਸੁਰ ਤੋਂ ਬਿਨ ਨਹੀਂ ਹੁੰਦੇ ਅਦਾ<br>ਫ਼ਰਜ਼ ਕੁਝ ਐਸੇ ਵੀ ਨੇ ਆਵਾਜ਼ ਦੇ।(ਸ਼ਿਅਰ ਅਰਜ਼ ਹੈ,ਪੰਨਾ-101)

- ਇਸਦੇ ਸਾਹਮਣੇ ਹਥਿਆਰ ਹੀ ਨੇ ਬਚਣ ਦਾ ਸਾਧਨ<br>ਇਕੱਠੇ ਕਰ ਲਏ ਨੇ ਜ਼ਿੰਦਗੀ ਨੇ ਬਹੁਤ ਡਰ ਹੁਣ ਤਕ।(ਵਸਲ ਤੇ ਹਿਜਰੋਂ ਪਰੇ-50)

- ਲੜ ਰਿਹਾ ਏ ਜੋ ਲੜਾਈ ਸਿਰਫ਼ ਜੀਂਦਾ ਰਹਿਣ ਦੀ<br>ਚਿਰ ਤੋਂ ਉਸ ਬੰਦੇ ਨੂੰ ਵਾਜਾਂ ਮਾਰਦਾ ਏ ਇੰਕਲਾਬ।(ਵਸਲ ਤੇ ਹਿਜਰੋਂ ਪਰੇ,ਪੰਨਾ-17)

- ਮਰਨਾ ਹੈ ਆਖ਼ਰ ਭੁੱਖ ਦੇ ਹੱਥੋਂ ਹੀ ਇਹ ਨਜ਼ਾਮ<br>ਕਦ ਤਕ ਰਹੇਗਾ ਇਸ ਤਰ੍ਹਾਂ ਉਪਰਾਮ ਆਦਮੀ।(ਵਸਲ ਤੇ ਹਿਜਰੋਂ ਪਰੇ,ਪੰਨਾ-22)

- ਭਰੋਸਾ ਹੈ ਮੈਨੂੰ ਕਿ ਜਿੱਤਣਗੇ ਲੋਕੀਂ<br>ਜਦੋਂ ਜਾਨ ਦੇਖਣਗੇ ਬਾਜ਼ੀ 'ਤੇ ਲਾਕੇ।(ਵਸਲ ਤੇ ਹਿਜਰੋਂ ਪਰੇ,ਪੰਨਾ-46)

ਗੁਰਦੀਪ ਦੀ ਸ਼ਾਇਰੀ ਦਾ ਇਕ ਰੰਗ ਇਸ਼ਕ/ਮੁਹੱਬਤ ਨਾਲ ਤਾਲੁਕ ਰੱਖਦਾ ਹੈ।ਮੁਹੱਬਤ ਦਾ ਇਹ ਰੰਗ ਉਸ ਦੀ ਦਰਦ ਨਾਲ ਸਬੰਧਿਤ ਸ਼ਾਇਰੀ ਦਾ ਹੀ ਵਿਸਥਾਰ ਹੈ। ਉਸ ਨੇ ਆਪਣੀਆਂ ਗ਼ਜ਼ਲਾਂ ਵਿਚ ਔਰਤ-ਮਰਦ ਦੇ ਮੁਹੱਬਤੀ ਸਬੰਧਾਂ ਦੀਆਂ ਅਨੰਤ ਤੰਦਾਂ ਪੇਸ਼ ਕੀਤੀਆਂ ਹਨ।ਮੁਹੱਬਤ ਗ਼ਜ਼ਲ ਦਾ ਆਦਿ-ਜੁਗਾਦੀ ਸਰੋਕਾਰ ਹੈ। ਅਰਬ ਦੀ ਗ਼ਜ਼ਲ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਫ਼ਾਰਸੀ, ਉਰਦੂ ਅਤੇ ਪੰਜਾਬੀ ਦੀ ਗ਼ਜ਼ਲ ਤੱਕ ਨਿਰੰਤਰ ਵਿਦਮਾਨ ਰਹਿੰਦਾ ਹੈ। ਮੁਹੱਬਤ ਦਾ ਭਾਵੇਂ ਇਕ ਹੀ ਰੰਗ ਹੁੰਦਾ ਹੈ ਪਰ ਸਮੇਂ ਦੇ ਬਦਲਣ ਨਾਲ ਇਸ ਦੇ ਰੰਗ ਦੀਆਂ ਅਨੰਤ ਸ਼ੇਡਾਂ ਗ਼ਜ਼ਲ ਵਿਚ ਪੇਸ਼ ਹੁੰਦੀਆਂ ਰਹੀਆਂ ਹਨ।ਮਰਦ ਦੁਆਰਾ 'ਔਰਤਾਂ ਨਾਲ ਗੱਲਾਂ' ਕਰਨ ਦਾ ਇਹ ਇਕ-ਪਾਸੀ ਮੋਨੋਲਾਗ ਅੱਜ ਦੋ-ਪਾਸੀ ਸੰਵਾਦ ਵਿਚ

ਬਦਲ ਗਿਆ ਹੈ, ਜਿਸ ਵਿਚ ਔਰਤ ਮਰਦ ਨਾਲ ਅਤੇ ਮਰਦ ਔਰਤ ਨਾਲ 'ਗੱਲਾਂ' ਕਰਦਾ ਹੈ।ਭਾਵ ਮੁਢਲੀ ਗ਼ਜ਼ਲ ਵਿਚ ਜਿਸ ਤਰ੍ਹਾਂ ਮਰਦ ਔਰਤ ਨਾਲ ਆਪਣੇ ਸਬੰਧਾਂ ਦਾ ਜ਼ਿਕਰ ਆਪਣੇ ਹੀ ਦ੍ਰਿਸ਼ਟੀਕੋਣ ਤੋਂ ਕਰਦਾ ਸੀ, ਹੁਣ ਔਰਤਾਂ ਦੀ ਆਵਾਜ਼ ਵੀ ਇਸ ਵਿਚ ਸ਼ਾਮਿਲ ਹੋ ਗਈ ਹੈ। ਇੰਝ ਸਮਕਾਲੀ ਗ਼ਜ਼ਲ ਵਿਚ ਔਰਤ ਗ਼ਜ਼ਲਕਾਰਾਂ ਦੇ ਪ੍ਰਵੇਸ਼ ਨਾਲ ਮਾਨਵੀ-ਸਬੰਧਾਂ ਦੀ ਪੇਸ਼ਕਾਰੀ ਦਾ ਇਹ ਖੇਤਰ ਹੋਰ ਵੀ ਵਸੀਹ ਹੋਇਆ ਹੈ।ਗੁਰਦੀਪ ਦੀਆਂ ਗ਼ਜ਼ਲਾਂ ਮਹੱਬਤ ਦੇ ਕਈ ਖ਼ੂਬਸੂਰਤ ਖ਼ਿਆਲਾਂ ਦਾ ਇਕ ਕੋਲਾਜ ਹਨ।ਇਸ ਵਿਚ ਪਿਆਰ ਦੀ ਸ਼ੁਰੂਆਤ ਤੋਂ ਇਸ ਦੇ ਆਖ਼ਰੀ ਮੁਕਾਮ ਤੱਕ ਅਤੇ ਫਿਰ ਇਸ ਪੜਾਅ ਤੋਂ ਵੀ ਪਾਰ ਜਾਣ ਤੱਕ ਦੇ ਸਾਰੇ ਅਹਿਸਾਸ ਸ਼ਾਮਿਲ ਹਨ।ਗੁਰਦੀਪ ਆਪਣੀਆਂ ਗ਼ਜ਼ਲਾਂ ਵਿਚ ਪਿਆਰ ਦੇ ਸ਼ੁਰੂਆਤੀ ਪਲਾਂ ਦੇ ਸੰਸਿਆਂ, ਬੇਚੈਨੀ, ਕਸ਼ਿਸ਼, ਇਜ਼ਹਾਰ, ਮਿਲਣ ਦੀ ਆਸ, ਵਾਅਦਾ, ਉਡੀਕ, ਵਿਯੋਗ, ਦੂਰੀ, ਪੀੜ, ਬੇਨਿਆਜ਼ੀ ਆਦਿ ਅਨੇਕਾਂ ਭਾਵਾਂ-ਖ਼ਿਆਲਾਂ ਦੀ ਪੇਸ਼ਕਾਰੀ ਆਪਣੇ ਇਕ ਵੱਖਰੇ ਅੰਦਾਜ਼ ਅਤੇ ਅਲੱਗ ਭਾਸ਼ਾ-ਸ਼ੈਲੀ ਵਿਚ ਕਰਦਾ ਹੈ।ਗ਼ਜ਼ਲੀਅਤ ਦਾ ਰੰਗ ਗੁਰਦੀਪ ਦੇ ਇਨ੍ਹਾਂ ਸ਼ਿਅਰਾਂ ਵਿਚ ਹੋਰ ਵੀ ਗੂੜ੍ਹਾ ਹੋ ਕੇ ਉਘੜਦਾ ਹੈ।ਇਨ੍ਹਾਂ ਗ਼ਜ਼ਲਾਂ ਵਿਚ ਔਰਤ-ਮਰਦ ਇਕ ਬਰਾਬਰ ਦੀ ਇਕਾਈ ਬਣ ਕੇ ਪੇਸ਼ ਹੋਏ ਹਨ।ਇਹ ਮੁਹੱਬਤ ਸਮਾਨ ਧਿਰਾਂ ਦਰਮਿਆਨ ਇਕ ਸਦੀਵੀ ਰਿਸ਼ਤੇ ਦਾ ਅਹਿਸਾਸ ਹੈ।ਕਿਤੇ ਵੀ ਇਨ੍ਹਾਂ ਗ਼ਜ਼ਲਾਂ ਵਿਚ ਫ਼ਿਊਡਲ ਸੋਚ ਅਤੇ ਰਿਸ਼ਤੇ ਭਾਰੂ ਨਹੀਂ ਹੁੰਦੇ।ਕਿਸੇ ਧਿਰ ਨੂੰ ਵੀ ਇਨ੍ਹਾਂ ਵਿਚ ਛੋਟਾ/ਲਘੂ ਨਹੀਂ ਸਮਝਿਆ ਜਾਂਦਾ।ਇਹੀ ਕਾਰਨ ਹੈ ਕਿ ਇਨ੍ਹਾਂ ਗ਼ਜ਼ਲਾਂ ਵਿਚ ਕਿਤੇ ਵੀ ਨਾ ਤਾਂ ਮਹਿਬੂਬ ਦੀ ਬੇਵਫ਼ਾਈ ਦਾ ਜ਼ਿਕਰ ਹੈ ਅਤੇ ਨਾ ਹੀ ਉਸ ਨਾਲ ਕੋਈ ਗੁੱਸਾ-ਗਿਲਾ ਕੀਤਾ ਗਿਆ ਹੈ।ਇਨ੍ਹਾਂ ਗ਼ਜ਼ਲਾਂ ਵਿਚ ਮਹਿਬੂਬ ਜ਼ਿੰਦਗੀ ਦਾ ਪ੍ਰੇਰਣਾ ਸਰੋਤ ਅਤੇ ਸਾਰੀਆਂ ਮਾਨਵੀ ਕਿਰਿਆਵਾਂ ਦਾ ਧੁਰਾ ਹੈ।ਗੁਰਦੀਪ ਦੀਆਂ ਗ਼ਜ਼ਲਾਂ ਵਿਚ ਮਹਿਬੂਬ ਦਾ ਬਿੰਬ ਬੇਨਕਸ਼ ਅਤੇ ਬੇ-ਪਛਾਣ ਮਾਨਵ ਵਾਲਾ ਹੈ, ਜਿਸ ਦੀ, ਗ਼ਜ਼ਲ ਵਿਚ ਪ੍ਰਾਪਤ ਵੇਰਵਿਆਂ ਤੋਂ, ਔਰਤ ਜਾਂ ਮਰਦ ਵਜੋਂ ਪਹਿਚਾਣ ਨਹੀਂ ਹੋ ਸਕਦੀ।ਮਹਿਬੂਬ ਦਾ ਇਹ ਬਿੰਬ ਸਥਾਨਕਤਾ ਤੋਂ ਵੀ ਮੁਕਤ ਹੈ।ਵੱਡੀ ਗੱਲ ਇਹ ਹੈ ਕਿ ਗੁਰਦੀਪ ਆਪਣੇ ਪਿਆਰ ਬਾਰੇ ਇਨ੍ਹਾਂ ਅਹਿਸਾਸਾਂ ਨੂੰ ਪ੍ਰਗਟ ਕਰਦਿਆਂ ਇਕ ਸ਼ਾਇਸਤਗੀ, ਸਲੀਕੇ ਅਤੇ ਸੰਜਮ ਦਾ ਪੱਲਾ ਕਿਤੇ ਨਹੀਂ ਛੱਡਦਾ।ਕੁਝ ਉਦਾਹਰਣਾਂ ਪੇਸ਼ ਹਨ:

- ਕੁਛ ਅਜਬ ਤਣਾਅ ਅੰਦਰ ਦਿਨ ਮੇਰੇ ਗੁਜ਼ਰਦੇ ਨੇ,
  ਇਕਰਾਰ ਦੀ ਬੇਚੈਨੀ, ਇਨਕਾਰ ਦਾ ਡਰ ਯਾਰੋ।(ਧੜਮਣਾਂ ਨੂੰ ਖ਼ਤ,ਪੰਨਾ-71)

- ਟਿਕਾ ਸੋਹਲ ਪੈਰਾਂ ਨੂੰ ਹੱਥਾਂ 'ਤੇ ਮੇਰੇ
  ਇਹ ਦਿਲ ਦੀ ਦੂਰੀ ਘਟਾ ਹੌਲੀ ਹੌਲੀ।(ਵਸਲ ਤੇ ਹਿਜਰੋਂ ਪਰੇ,ਪੰਨਾ-63)

- ਰਾਤ ਦੇ ਨੈਣਾਂ 'ਚ ਨੇ ਉਸਦੇ ਖ਼ਵਾਬ,
  ਤੁਰ ਗਈ ਦੀਵੇ ਜਗਾ ਕੇ ਜੋ ਨਜ਼ਰ।(ਧੜਮਣਾਂ ਨੂੰ ਖ਼ਤ,ਪੰਨਾ-42)

- ਹਾਲੀ ਮੈਂ ਪੁਰ ਉਮੀਦ ਹਾਂ ਅਹਿਸਾਸ ਨੇ ਹਰੇ,
  ਮੈਨੂੰ ਅਜੇ ਉਡੀਕ ਹੈ ਤੇਰੇ ਜਵਾਬ ਦੀ।(ਧੜਮਣਾਂ ਨੂੰ ਖ਼ਤ,ਪੰਨਾ-45)



- ਅਸੀਂ ਉਸ ਬੇਨਿਆਜ਼ੀ ਨੂੰ ਅਦਾ ਹੀ ਸਮਝਿਆ ਉਸਦੀ
  ਕਰਨਾ ਹੀ ਨਹੀਂ ਆਇਆ ਕਦੀ ਉਸ 'ਤੇ ਗਿਲਾ ਸਾਨੂੰ।(ਮਹਿਫਲ ਮਹਿਫ਼ਲ,ਪੰਨਾ-48)

- ਵਸਲ ਤੇ ਹਿਜਰੋਂ ਪਰੇ ਵੀ ਹਿੱਕ ਵਿਚ
  ਬਹੁਤ ਕੁਛ ਫਿਰਦੀ ਹੈ ਸਾਂਭੀ ਆਸ਼ਕੀ।(ਵਸਲ ਤੇ ਹਿਜਰੋਂ ਪਰੇ,ਪੰਨਾ-58)

ਗੁਰਦੀਪ ਦੀਆਂ ਗ਼ਜ਼ਲਾਂ ਵਿਚ ਅਗਲਾ ਪਾਸਾਰ ਧਰਮ ਦੀ ਸੰਕਲਪਨਾ ਨਾਲ ਸਬੰਧਿਤ ਹੈ।ਉਹ ਧਰਮ ਦੇ ਮਾਨਵ-ਵਿਰੋਧੀ ਖ਼ਾਸੇ ਤੋਂ ਸੁਚੇਤ ਸ਼ਾਇਰ ਹੈ।ਉਸ ਦੀਆਂ ਗ਼ਜ਼ਲਾਂ ਵਿਚ ਧਰਮ ਜ਼ਿੰਦਗੀ ਦੇ ਇਕ ਗ਼ੈਰ-ਜ਼ਰੂਰੀ ਵਰਤਾਰੇ ਵਜੋਂ ਪੇਸ਼ ਹੋਇਆ ਹੈ।ਉਹ ਧਰਮ ਦੇ ਤਾਲਿਬਾਨੀ ਅਤੇ ਸਿਆਸੀ ਰੂਪ ਤੋਂ ਪੂਰਨ ਰੂਪ ਵਿਚ ਸੁਚੇਤ ਹੈ।ਗੁਰਦੀਪ ਹੋਰ ਪ੍ਰਗਤੀਵਾਦੀ ਸ਼ਾਇਰਾ ਵਾਂਗ ਧਰਮ ਤੋਂ ਪਾਰ ਵਿਚਰਨ ਵਾਲਾ ਸ਼ਾਇਰ ਹੈ।ਉਸ ਲਈ ਧਰਮ ਦੀ ਬੰਦੇ ਦੀ ਜ਼ਿੰਦਗੀ ਵਿਚ ਕੋਈ ਵੀ ਸਾਕਾਰਾਤਮਕ ਭੂਮਿਕਾ ਨਹੀਂ ਹੈ।ਇਹ ਬੰਦੇ ਦਾ ਕੁਝ ਵਿਗਾੜ ਤਾਂ ਸਕਦਾ ਹੈ ਪਰ ਸਵਾਰ ਨਹੀਂ ਸਕਦਾ।ਉਸ ਅਨੁਸਾਰ ਧਰਮ ਬੰਦੇ ਦੀ ਪਹਿਚਾਣ ਦਾ ਆਧਾਰ ਨਹੀਂ ਹੋ ਸਕਦਾ।ਬੰਦੇ ਦੀ ਪਹਿਚਾਣ ਦਾ ਅਧਾਰ ਵਿਸ਼ੇਸ਼ ਖਿੱਤਾ/ਭੂ-ਖੰਡ, ਭਾਸ਼ਾ, ਸਭਿਆਚਾਰ ਤਾਂ ਹੋ ਸਕਦੇ ਹਨ ਪਰ ਧਰਮ ਨਹੀਂ। ਜਦੋਂ ਬੰਦਾ ਧਰਮ ਰਾਹੀਂ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਵਿਚੋਂ ਆਦਮੀਅਤ ਖ਼ਾਰਜ ਹੋ ਜਾਂਦੀ ਹੈ।ਉਹ ਅਜਿਹੀ ਹਾਲਤ ਵਿਚ ਹਿੰਦੂ, ਮੁਸਲਿਮ, ਸਿੱਖ ਜਾਂ ਈਸਾਈ ਤਾਂ ਹੋ ਸਕਦਾ ਹੈ ਪਰ ਇਨਸਾਨ ਨਹੀਂ।ਉਹ ਧਰਮ ਦਾ ਸਿਰਫ਼ ਮੋਹਰਾ ਬਣ ਕੇ ਰਹਿ ਜਾਂਦਾ ਹੈ।ਗੁਰਦੀਪ ਆਪਣੀਆਂ ਗ਼ਜ਼ਲਾਂ ਰਾਹੀਂ 'ਧਰਮ ਦੀ ਸਮਾਨਤਾ' ਲਿਆਉਣ ਵਾਲੀ ਮਿੱਥ ਦਾ ਵੀ ਖੰਡਨ ਕਰਦਾ ਹੈ।ਉਹ ਧਰਮ ਵਿਚਲੀ ਅੰਦਰੂਨੀ ਦਰਜੇਬੰਦੀ ਨੂੰ ਬਾਖ਼ੂਬੀ ਸਮਝਦਾ ਹੈ ਅਤੇ ਆਪਣੀਆਂ ਗ਼ਜ਼ਲਾਂ ਵਿਚ ਉਜਾਗਰ ਕਰਦਾ ਹੈ।ਇਸ ਦੇ ਨਾਲ ਹੀ ਗੁਰਦੀਪ ਨੰਗੀ ਖ਼ੁਦਾਪ੍ਰਸਤੀ ਨੂੰ ਅਮੀਰਾਂ ਦੀ ਸਿਆਸਤ ਸਮਝਦਾ ਹੈ, ਜਿਹੜੀ ਇਨਸਾਨ ਨੂੰ ਇਨਸਾਨ ਨਾਲ ਲੜਾਉਂਦੀ ਹੈ।ਉਹ ਬੰਦੇ ਦੇ ਮਸਲਿਆਂ ਦੇ ਹੱਲ ਲਈ ਕਿਸੇ ਦੈਵੀ ਸ਼ਕਤੀ ਦੇ ਦਖ਼ਲ ਨੂੰ ਖ਼ਾਰਿਜ ਕਰਦਾ ਹੈ।ਇਸ ਧਰਤੀ ਦੇ ਦੁੱਖ ਇਨਸਾਨ ਦੇ ਪੈਦਾ ਕੀਤੇ ਹੋਏ ਹਨ ਅਤੇ ਇਹ ਇਨਸਾਨ ਦੇ ਦਖ਼ਲ ਨਾਲ ਹੀ ਦੂਰ ਹੋਣੇ ਹਨ।ਕਿਸੇ 'ਅਸਮਾਨ' ਨੇ ਇਹ ਮਸਲੇ ਹੱਲ ਨਹੀਂ ਕਰਨੇ:

- ਕਦੋਂ ਅੰਬਰ ਦੇ ਤਾਰੇ ਝੁੱਗੀਆਂ ਵਿਚ ਜਗਣ ਔਂਦੇ ਨੇ
  ਵਡੌਂਦੇ ਦੁੱਖ ਇਸ ਧਰਤੀ ਦਾ ਕਿਨ ਅਸਮਾਨ ਦੇਖੇ ਨੇ।(ਵਸਲ ਤੇ ਹਿਜਰੋਂ ਪਰੇ-29)

- ਆਦਮੀਅਤ ਦੱਬ ਹੋਈ ਧਰਮ ਦੀ ਪਹਿਚਾਣ ਹੇਠ
  ਵਧ ਰਹੇ ਨੇ ਧਰਮ ਸਭ ਨਫ਼ਰਤ ਭਰੇ ਹਾਲਾਤ ਵਿਚ।(ਮਹਿਫ਼ਲ ਮਹਿਫ਼ਲ,ਪੰਨਾ-20)

- ਹਰ ਧਰਮ ਲੜਦਾ ਹੈ ਆਪਣੀ ਹੀ ਲੜਾਈ
  ਹਰ ਧਰਮ ਅੰਦਰ ਬਹੁਤ ਸਾਰੇ ਧੜੇ ਨੇ।(ਵਸਲ ਤੇ ਹਿਜਰੋਂ ਪਰੇ,ਪੰਨਾ-92)

- ਝੂਠ ਉੱਤੇ ਪਲਣ ਵਾਲਾ ਹਰ ਨਜ਼ਾਮ
  ਭਾਲਦਾ ਏ ਰੱਬ ਕੋਲੋਂ ਆਸਰਾ।(ਵਸਲ ਤੇ ਹਿਜਰੋਂ ਪਰੇ,ਪੰਨਾ-99)

ਪਿੰਡ ਬਨਾਮ ਸ਼ਹਿਰ ਪੰਜਾਬੀ ਸ਼ਾਇਰੀ ਦਾ ਪਸੰਦੀਦਾ ਵਿਸ਼ਾ ਰਿਹਾ ਹੈ।ਜ਼ਿਆਦਾਤਰ ਸ਼ਾਇਰ ਪਿੰ ਨਾਲ ਤਾਲੁਕ ਰੱਖਦੇ ਹੋਣ ਕਰਕੇ ਪਿੰਡ ਦਾ ਬਿੰਬ ਪੰਜਾਬੀ ਸ਼ਾਇਰੀ ਵਿਚ ਸਾਕਾਰਾਤਮਕ ਰੂਪ ਵਿਚ ਪੇ ਹੁੰਦਾ ਰਿਹਾ ਹੈ।ਇਸ ਦੇ ਉਲਟ ਸ਼ਹਿਰ ਹਮੇਸ਼ਾਂ ਨਾਂ--ਪੱਖੀ ਅਰਥਾਂ ਦਾ ਧਾਰਣੀ ਰਿਹਾ ਹੈ।ਇਹ ਦੋਵੇਂ ਜੀਵਨ-ਵਿਧੀਆਂ ਇਕ-ਦੂਜੀ ਦੇ ਵਿਰੋਧੀ-ਜੁੱਟ ਵਜੋਂ ਪੇਸ਼ ਹੁੰਦੀਆਂ ਰਹੀਆਂ ਹਨ।ਗੁਰਦੀਪ ਵੀ ਆਪਣੀਅ ਗ਼ਜ਼ਲਾਂ ਵਿਚ ਪਿੰਡ ਵਿਚਲੀ ਜ਼ਿੰਦਗੀ ਵਿਚ ਸ਼ਕੂਨ, ਠਹਿਰਾ, ਇਮਾਨਦਾਰੀ, ਸਾਦਾਪਨ, ਲੋਕਾਂ ਵਿ ਮੁਹੱਬਤ ਪਿਆਰ ਅਤੇ ਖਲੂਸ ਦੀ ਗੱਲ ਕਰਦਾ ਹੈ।ਇਸ ਦੇ ਉਲਟ ਸ਼ਹਿਰ ਉਸ ਲਈ ਬੇਚੈਨੀ, ਬੇਵਸਾਹੀ ਬੇਨਿਆਜ਼ੀ, ਘੁਟਨ ਅਤੇ ਗੰਦਗੀ ਨਾਲ ਭਰੀ ਸਪੇਸ ਹੈ।ਉਹ ਸ਼ਹਿਰ ਵਿਚ ਪੇਂਡੂ ਬੰਦੇ ਦੀ ਪਹਿਚਾਣ ਦੇ ਗੁੰਮ ਜਾਣ ਦਾ ਖ਼ਦਸਾ ਵੀ ਪ੍ਰਗਟ ਕਰਦਾ ਹੈ।ਸ਼ਹਿਰ ਪਹੁੰਚਿਆ ਪੇਂਡੂ ਬੰਦਾ ਓਦਰ ਜਾਂਦਾ ਹੈ ਅਤੇ ਉਸ ਨੂੰ ਪਿੰਡ ਹਮੇਸ਼ਾਂ ਯਾਦ ਆਉਂਦਾ ਰਹਿੰਦਾ ਹੈ।ਇੰਝ ਗੁਰਦੀਪ ਪਿੰਡ ਅਤੇ ਸ਼ਹਿਰ ਨੂੰ ਇਕ ਵਿਰੋਧ ਵਜੋਂ ਪੇਸ਼ ਕਰਦਾ ਹੈ ਅਤੇ ਪੇਂਡੂ ਜੀਵਨ ਪੱਧਤੀ ਨੂੰ ਸ਼ਹਿਰ ਦੇ ਮੁਕਾਬਲੇ ਬਿਹਤਰ ਸਮਝਦਾ ਹੈ।ਗੁਰਦੀਪ ਦੀ ਅਪਣਾਈ ਇਸ ਪਹੁੰਚ ਦੀ ਪੰਜਾਬੀ ਦੇ ਹੋਰ ਗ਼ਜ਼ਲਕਾਰਾਂ ਵਾਂਗ ਇਕ ਸੀਮਾਂ ਵੀ ਬਣਦੀ ਹੈ।ਅਸਲ ਵਿਚ ਸਾਡੇ ਪੰਜਾਬੀ ਦੇ ਬਹੁਤੇ ਗ਼ਜ਼ਲਕਾਰਾਂ ਨੂੰ ਸ਼ਹਿਰ ਦੀ ਜ਼ਿੰਦਗੀ ਦਾ ਅਨੁਭਵ ਜ਼ਿਆਦਾ ਨਹੀਂ ਹੈ।ਉਹ ਆਪਣੀਆਂ ਗ਼ਜ਼ਲ਼ਾਂ ਵਿਚ ਇਕ ਵਿੱਥ ਤੋਂ ਦੇਖੇ ਹੋਏ ਸ਼ਹਿਰ ਦਾ ਚਿਤਰਨ ਕਰਦੇ ਹਨ।ਇਸ ਨਾਲ ਸ਼ਹਿਰ ਦੀ ਬਦਸੂਰਤੀ ਤਾਂ ਸਹਿਜ ਹੀ ਸਾਹਮਣੇ ਆ ਜਾਂਦੀ ਹੈ ਪਰ ਉਸ ਵਿਚਲੀਆਂ ਖ਼ੂਬੀਆਂ ਨਜ਼ਰ-ਅੰਦਾਜ਼ ਹੋ ਜਾਂਦੀਆਂ ਹਨ।ਸ਼ਹਿਰ ਅਤੇ ਪਿੰਡ ਦੇ ਇਸ ਵਿਰੋਧ ਨੂੰ ਹਕੀਕਤ ਦੇ ਧਰਾਤਲ ਤੇ ਚਿਤਰਨ ਦੀ ਲੋੜ ਹੈ।ਗ਼ਜ਼ਲ ਵਿਚ ਪਿੰਡ ਦੇ ਨਾਲ-ਨਾਲ ਸ਼ਹਿਰ ਦੀ ਸਪੇਸ ਪੈਦਾ ਕਰਨ ਨਾਲ ਪੰਜਾਬੀ ਜ਼ਿੰਦਗੀ ਦੀ ਮੁਕੰਮਲ ਤਸ਼ਵੀਰ ਸਾਹਮਣੇ ਆਵੇਗੀ।ਪੰਜਾਬੀ ਦੇ ਕੁਝ ਗ਼ਜ਼ਕਲਾਰ ਅਜਿਹੀਆਂ ਗ਼ਜ਼ਲਾਂ ਲਿਖ ਵੀ ਰਹੇ ਹਨ।ਇਸ ਦੇ ਨਾਲ ਹੀ ਪਿੰਡ ਅਤੇ ਸ਼ਹਿਰ ਵਿਚੋਂ ਕਿਸੇ ਨੂੰ ਵੀ ਆਦਰਸ਼ਿਆਉਣ ਦੀ ਜ਼ਰੂਰਤ ਨਹੀਂ।ਇਸ ਅਜੋਕੇ ਖ਼ਪਤਵਾਦੀ ਦੌਰ ਵਿਚ ਦੋਹਾਂ ਥਾਵਾਂ ਅਤੇ ਦੋਹਾਂ ਜੀਵਨ ਵਿਧੀਆਂ ਵਿਚ ਢੇਰ ਨਿਘਾਰ ਆਇਆ ਹੈ ਅਤੇ ਪਿੰਡ ਅਤੇ ਸ਼ਹਿਰ ਦੋਹਾਂ ਥਾਵਾਂ ਤੇ ਜ਼ਿੰਦਗੀ ਕਠਿਨ ਅਤੇ ਦੁਸ਼ਵਾਰੀਆਂ ਭਰੀ ਹੈ।ਗੁਰਦੀਪ ਨੇ ਆਪਣੀਆਂ ਕੁਝ ਗ਼ਜ਼ਲਾਂ ਵਿਚ ਪਿੰਡ ਤੇ ਸ਼ਹਿਰ ਨੂੰ ਹਕੀਕੀ ਧਰਾਤਲ ਤੇ ਪੇਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ।

ਉਹ ਆਪਣੀਆਂ ਗ਼ਜ਼ਲਾਂ ਵਿਚ ਪਿੰਡ/ਸ਼ਹਿਰ ਦੇ ਇਸ ਵਿਰੋਧ ਨੂੰ ਇਕ ਸਰੋਕਾਰ ਅਤੇ ਇਕ ਵਿਧੀ ਵਾਂਗ ਸਮਾਨੰਤਰ ਰੂਪ ਵਿਚ ਵਰਤਦਾ ਹੈ।ਕੁਝ ਉਦਾਰਣਾਂ ਪੇਸ਼ ਹਨ :

- ਸ਼ਹਿਰੀ ਜ਼ਿੰਦਗੀ ਦੀ ਖਿੱਚ ਭਾਂਵੇ ਹੈ ਦਿਲਾਂ ਅੰਦਰ
  ਅਜੇ ਵੀ ਭੌਂ ਦੇ ਨੇੜੇ ਲੋਕ ਨੇ ਪਿਡਾਂ ਗਰਾਵਾਂ ਦੇ।(ਮਹਿਫ਼ਲ ਮਹਿਫ਼ਲ,ਪੰਨਾ-76)

- ਚੁੱਪ ਵੀ ਮਹਿਸੂਸ ਕਰਦੀ ਹੈ ਘੁਟਨ ਇਸ ਸ਼ਹਿਰ ਵਿਚ
  ਧੜਕਨਾਂ ਨੂੰ ਸ਼ਹਿਰ ਤੇਰਾ ਰਾਸ ਆ ਸਕਦਾ ਨਹੀਂ।(ਵਸਲ ਤੇ ਹਿਜਰੋਂ ਪਰੇ,ਪੰਨਾ-82)

- ਇਹ ਗ਼ਰੀਬੀ ਤੋਂ ਹੀ ਹੁੰਦੇ ਨੇ ਸਿਆਣ
  ਪਿੰਡ ਵਰਗਾ ਕੁਛ ਵੀ ਪਿੰਡਾਂ ਵਿਚ ਨਹੀਂ।(ਮਹਿਫ਼ਲ ਮਹਿਫ਼ਲ,ਪੰਨਾ-96)

- ਜੀਣ ਦੀ ਇੱਕ ਆਸ ਲੈ ਕੇ ਪਿੰਡ ਤੋਂ ਪਹੁੰਚੇ ਸ਼ਹਿਰ
  ਦੇਖਿਆ ਸਾਡੇ ਜਹੇ ਉੱਥੇ ਵੀ ਸਭ ਲਾਚਾਰ ਨੇ।(ਵਸਲ ਤੇ ਹਿਜਰੋਂ ਪਰੇ,ਪੰਨਾ-97)



ਪੂੰਜੀ ਦੀ ਹੋੜ ਅਤੇ ਦੌੜ ਨੇ ਬੰਦੇ ਨੂੰ ਮਾਨਸਿਕ ਰੂਪ ਵਿਚ ਕਮਜ਼ੋਰ ਕੀਤਾ ਹੈ। ਇਹ ਲਾਲਸਾਵਾਂ ਦਾ ਨਿਜ਼ਾਮ ਹੈ।ਇਸ ਵਿਚ ਪੂੰਜੀ ਤੋਂ ਬਿਨ੍ਹਾਂ ਹੋਰ ਕਿਸੇ ਚੀਜ਼ ਦੀ ਕੀਮਤ ਨਹੀਂ ਹੈ। ਇਸ ਆਪਾ ਧਾਪੀ ਦੇ ਸਮੇਂ ਵਿਚ ਕਿਤੇ ਵੀ ਟਿਕਾਅ ਨਹੀਂ ਹੈ।ਹਰ ਸਖ਼ਸ਼ ਮਸਰੂਫ਼ ਹੈ। ਬੰਦਾ ਅੰਤਰਮੁਖੀ ਜ਼ਿੰਦਗੀ ਜੀਅ ਰਿਹਾ ਹੈ, ਜੋ ਆਪਣੇ ਨਿੱਜੀ ਸੁੱਖ-ਸਹੂਲਤਾਂ ਦੀ ਦੌੜ ਵਿਚ ਵਿਅਸਤ ਹੈ। ਕਿਸੇ ਕੋਲ ਵਿਹਲ ਨਹੀਂ ਹੈ। ਸ਼ੋਰ, ਤੇਜ਼ ਰਫ਼ਤਾਰੀ, ਕਾਹਲੀ, ਤਿਲਮਾਲਤਹਟ, ਬੇਚੈਨੀ ਬੰਦੇ ਨੂੰ ਕਦੇ ਸਹਿਜ ਨਹੀਂ ਰਹਿਣ ਦਿੰਦੇ। ਜਿਸ ਦੇ ਸਿੱਟੇ ਵਜੋਂ ਬੰਦੇ ਦੀ ਵੱਡੇ ਮਸਲਿਆਂ ਅਤੇ ਸੰਕਟਾਂ ਨੂੰ ਸਮਝਣ ਦੀ ਚਿੰਤਨੀ ਸੂਝ ਅਤੇ ਨੀਝ ਖ਼ਤਮ ਹੋ ਚੁੱਕੀ ਹੈ।ਅਜਿਹੇ ਮਾਹੌਲ ਵਿਚ ਰਸਤੇ ਕਦੇ ਭੀੜ ਤੋਂ ਮੁਕਤ ਨਹੀਂ ਹੁੰਦੇ। ਸੜਕਾਂ ਤੇਜ਼ ਰਫ਼ਤਾਰੀ ਕਰਕੇ ਹਾਦਸਿਆਂ ਦੀ ਭੇਟ ਚੜ੍ਹ ਰਹੀਆਂ ਹਨ। ਹਰ ਵਕਤ ਚਾਰ ਚੁਫੇਰੇ ਸ਼ੋਰ ਦਾ ਵਰਤਾਰਾ ਤਾਰੀ ਹੈ। ਗੁਰਦੀਪ ਦੀਆਂ ਕੁਝ ਗ਼ਜ਼ਲਾਂ ਮਾਹੌਲ ਵਿਚ ਆਈ ਇਸ ਤਬਦੀਲੀ ਨੂੰ ਪਕੜਨ ਅਤੇ ਪੇਸ਼ ਕਰਨ ਲਈ ਕਈ ਖ਼ੂਬਸੂਰਤ ਬਿੰਬਾਂ ਦੀ ਸਿਰਜਣਾ ਕਰਦੀਆਂ ਹਨ।ਗੁਰਦੀਪ ਦੀ ਸ਼ਾਇਰੀ ਵਿਚ ਇਹ ਰੰਗ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਊਣ ਦੀ ਚਾਹਤ ਨਾਲ ਸਬੰਧਿਤ ਹੈ।ਗ਼ਜ਼ਲਾਂ ਵਿਚਲਾ ਕਾਵਿ-ਸਬਜੈਕਟ ਨਿਰੰਤਰ ਫ਼ੁਰਸਤ ਦੇ ਪਲਾਂ, ਟਿਕਾਅ, ਸਕੂਨ ਆਦਿ ਦੀ ਤਲਾਸ਼ ਵਿਚ ਨਜ਼ਰ ਆਉਂਦਾ ਹੈ, ਪਰ ਇਹ ਪਲ ਇਸ ਦੌਰ ਵਿਚ ਮਿਲਣੇ ਐਨੇ ਸ਼ੌਖੇ ਨਹੀਂ:

- ਰਫ਼ਤਾਰੀ ਦਾ ਇੱਕੋ ਹੈ ਅਸੂਲ
  ਜਾਨ ਹੈ ਜਿਸਨੂੰ ਪਿਆਰੀ ਖ਼ੁਦ ਬਚੂ।(ਵਸਲ ਤੇ ਹਿਜਰੋਂ ਪਰੇ,ਪੰਨਾ-84)

- ਸੁਪਨੇ, ਆਰਜ਼ੂਆਂ, ਚਾਹਤਾਂ ਬੇਚੈਨ ਹੈ ਸਭ ਕੁਝ
  ਤੁਸੀਂ ਇਸ ਅਹਿਦ ਵਿਚ ਕਿਹੜੇ ਟਿਕਾ ਦੀ ਗੱਲ ਕਰਦੇ ਹੋ।(ਸ਼ਿਅਰ ਅਰਜ਼ ਹੈ,ਪੰਨਾ-41)

- ਜ਼ਿੰਦਗੀ ਏਥੇ ਰੁਝੇਵਾਂ ਹੈ ਮਹਿਜ਼
  ਕੌਣ ਹੈ ਏਥੇ ਜੋ ਜੀਂਦਾ ਹੈ ਜਨਾਬ।(ਸ਼ਿਅਰ ਅਰਜ਼ ਹੈ,ਪੰਨਾ-71)

- ਸਮੇਂ ਨੂੰ ਹੱਕ ਵਾਂਗੂੰ ਵਰਤਦਾ ਕੋਈ ਨਹੀਂ ਅੱਜਕਲ੍ਹ
  ਫ਼ੁਰਸਤ ਦੇ ਸਮੇਂ ਅੰਦਰ ਵੀ ਹੈ ਕਾਹਲੀ ਰਲੀ ਹੁੰਦੀ।(ਮਹਿਫ਼ਲ ਮਹਿਫ਼ਲ,ਪੰਨਾ-40)

ਪ੍ਰਕਿਰਤਕ ਸਾਧਨਾਂ ਦੀ ਅੰਨ੍ਹੀ ਲੁੱਟ ਅਤੇ ਮਨੁੱਖੀ ਸੁਭਾਅ ਵਿਚਲੀ ਬੇਚੈਨੀ ਅਤੇ ਤੇਜ਼-ਰਫਤਾਰੀ ਦੇ ਨਾਲ- ਨਾਲ ਗੁਰਦੀਪ ਦੀਆਂ ਗ਼ਜ਼ਲਾਂ ਵਿਚ ਸਕੂਨ ਦੀ ਤਲਾਸ਼ ਵਿਚ ਭਟਕਦਾ ਮਨੁੱਖ ਆਖ਼ਰ ਪ੍ਰਕਿਰਤੀ ਦੀ ਗੋਦ ਵਿਚ ਸ਼ਰਨ ਭਾਲਦਾ ਹੈ।ਗੁਰਦੀਪ ਦੀਆਂ ਗ਼ਜ਼ਲਾਂ ਵਿਚ ਪ੍ਰਕਿਰਤੀ ਇਕ ਕਾਵਿ-ਜੁਗਤ ਅਤੇ ਜੀਵੰਤ ਪ੍ਰਾਣੀ ਵਾਂਗ ਪੇਸ਼ ਹੋਈ ਹੈ।ਉਸ ਦੀ ਸ਼ਾਇਰੀ ਪ੍ਰਕਿਰਤੀ ਦੇ ਨਾਲ ਇਕ ਮੁਹੱਬਤੀ ਸੰਵਾਦ ਹੈ।ਪੰਜਾਬੀ ਗ਼ਜ਼ਲ ਵਿਚ ਮੰਜ਼ਰਕਸ਼ੀ/ਦ੍ਰਿਸ਼-ਸਿਰਜਣਾ ਇਸ ਦੀ ਇਕ ਪ੍ਰਮੁੱਖ ਕਾਵਿ-ਜੁਗਤ ਹੈ।ਕਵਿਤਾ ਵਿਚ ਪੇਸ਼ ਦ੍ਰਿਸ਼ ਬੰਦੇ ਨੂੰ ਧਰਤੀ ਨਾਲ ਜੋੜਦਾ ਹੈ।ਗ਼ਜ਼ਲਕਾਰ ਅਜਿਹੇ ਦ੍ਰਿਸ਼ੀ-ਚਿਹਨਾਂ ਦੀ ਚੋਣ ਕਰਦਾ ਹੈ ਕਿ ਉਹ ਪਾਠਕ ਦੀਆਂ ਇੰਦਰੀਆਂ ਨੂੰ ਛੂਹ ਕੇ ਗੁਜ਼ਰਨ।ਪੁਰਾਤਨ ਗ਼ਜ਼ਲ ਵਿਚ ਗ਼ਜ਼ਲ ਦੇ ਸੰਦੇਸ਼ ਨੂੰ ਸਰਵ-ਵਿਆਪਕਤਾ ਪ੍ਰਦਾਨ ਕਰਨ ਲਈ ਇਸ ਦੇ ਚਿਹਨਾਂ ਨੂੰ ਸਥਾਨਕਤਾ ਤੋਂ ਤੋੜ ਕੇ ਪੇਸ਼ ਕੀਤਾ ਜਾਂਦਾ ਸੀ।ਪਰ ਅੱਜ ਦੀ ਗ਼ਜ਼ਲ ਪੰਜਾਬੀ ਮਾਨਸਿਕਤਾ ਨੂੰ ਸਮਝਣ ਲਈ ਉਸ ਦੇ ਸਥਾਨਕ ਭੂ-ਦ੍ਰਿਸ਼ਾਂ ਨੂੰ ਬਿੰਬਕਾਰੀ ਦੇ ਮਾਧਿਅਮ ਰਹੀਂ ਪੇਸ਼ ਕਰਨ ਲਈ ਯਤਨਸ਼ੀਲ ਹੈ।ਗੁਰਦੀਪ ਦੀਆਂ ਗ਼ਜ਼ਲਾਂ ਵਿਚ

ਇਹ ਭੂ-ਦ੍ਰਿਸ਼ ਤਾਂ ਹਨ ਪਰ ਇਹ ਸਥਾਨਕਤਾ ਤੋਂ ਪਾਰਤਾ ਨਾਲ ਜੁੜੇ ਹੋਏ ਹਨ।ਇਸ ਵਿਚ ਥਾਵਾਂ ਨਾਵਾਂ ਤੋਂ ਮੁਕਤ ਹਨ ਪਰ ਇਸ ਵਿਚ ਸ਼ਬਦ ਰੰਗਾਂ, ਰੁੱਤਾਂ, ਖ਼ੁਸ਼ਬੂ, ਹਵਾਵਾਂ, ਸ਼ਾਮਾਂ, ਸਵੇਰਾਂ, ਆਸਮਾਨ, ਸੂਰਜ, ਮਹਿਫ਼ਲ ਅਤੇ ਤਾਰਿਆਂ ਆਦਿ ਨਾਲ ਗੱਲਾਂ ਕਰਦੇ ਪਰਤੀਤ ਜ਼ਰੂਰ ਹੁੰਦੇ ਹਨ:

- ਧਰਤੀ ਪਾਸਾ ਪਰਤਿਆ ਜੂਹਾਂ ਹਰਿਆਈਆਂ
  ਧੁੰਦਾ ਸਫਾਂ ਲਪੇਟੀਆਂ ਅੰਬਰ ਮੁਸਕਾਏ।

- ਰੁੱਖਾਂ ਨੂੰ ਨਈਂ ਛੇੜਦੀ ਹੁਣ ਸ਼ਬਨਮ ਕਾਂਬਾ
  ਚੜ੍ਹਦਾ ਸੂਰਜ ਆਣ ਕੇ ਸ਼ਾਖ਼ਾਂ ਗਰਮਾਏ।(ਵਸਲ ਤੇ ਹਿਜਰੋਂ ਪਰੇ,ਪੰਨਾ-103)

- ਜਾਨ ਪੈ ਜਾਂਦੀ ਹੈ ਸੁੱਕੇ ਸ਼ਿਜਰ ਦੀ ਹਰ ਡਾਲ ਵਿਚ
  ਆ ਕੇ ਚੰਬਾ ਪੰਛੀਆਂ ਦਾ ਉਸ 'ਤੇ ਬਹਿ ਜਾਂਦਾ ਹੈ ਰੋਜ਼।(ਮਹਿਫ਼ਲ ਮਹਿਫ਼ਲ,ਪੰਨਾ-28)

- ਸ਼ਾਮ ਦੀ ਕੁਛ ਅੱਜ ਤਿੱਖੀ ਤੋਰ ਹੈ
  ਕਾਹਲ ਹੈ ਸੂਰਜ ਨੂੰ ਅੱਗੇ ਜਾਣ ਦੀ।(ਵਸਲ ਤੇ ਹਿਜਰੋਂ ਪਰੇ,ਪੰਨਾ-41)

ਗੁਰਦੀਪ ਦੀ ਪੰਜਾਬੀ ਗ਼ਜ਼ਲ-ਸੰਸਾਰ ਵਿਚ ਵਿਸ਼ੇਸ਼ ਪਹਿਚਾਣ ਉਸ ਦੇ ਵੱਖਰੇ ਅੰਦਾਜ਼-ਏ-ਬਿਆਨ ਕਰਕੇ ਹੈ।ਇਹ ਬਿਆਨ ਉਸ ਦੇ ਤਗ਼ੱਜ਼ਲ ਦਾ ਰੰਗ ਨੂੰ ਹੋਰ ਵੀ ਗੂੜ੍ਹਾ ਕਰਕੇ ਪੇਸ਼ ਕਰਦਾ ਹੈ।ਉਹ ਭਾਵੇਂ ਇਸ਼ਕ-ਮੁਹੱਬਤ ਦੀ ਗੱਲ ਕਰ ਰਿਹਾ ਹੋਵੇ ਅਤੇ ਭਾਵੇਂ ਕਿਸੇ ਸਮਾਜੀ ਸੱਚ ਦੀ ਹਕੀਕਤ ਬਿਆਨ ਕਰ ਰਿਹਾ ਹੋਵੇ, ਇਹ ਰੰਗ ਹਰ ਥਾਂ ਉਸ ਦੇ ਸ਼ਿਅਰਾਂ ਵਿਚ ਵਿਦਮਾਨ ਰਹਿੰਦਾ ਹੈ।ਪਰੰਪਰਾਗਤ ਗ਼ਜ਼ਲ ਵਿਚ ਸਿਰਫ਼ ਆਸ਼ਕਾਨਾ, ਰਿੰਦਾਨਾ ਜਾਂ ਸੂਫ਼ੀਆਨਾ ਕਿਸਮ ਦੇ ਵਿਸ਼ਿਆਂ ਦੀ ਪੇਸ਼ਕਾਰੀ ਵਿਚ ਹੀ ਤਗ਼ੱਜ਼ੁਲ ਦੀ ਪੇਸ਼ਕਾਰੀ ਹੋ ਸਕਦੀ ਮੰਨੀ ਜਾਂਦੀ ਸੀ ਪਰ ਅੱਜ ਦੀ ਗ਼ਜ਼ਲ ਇਨ੍ਹਾਂ ਸੀਮਾਵਾਂ ਤੋਂ ਪਾਰ ਜ਼ਿੰਦਗੀ ਦੀ ਹਰ ਹਕੀਕਤ ਨੂੰ ਗ਼ਜ਼ਲ ਵਿਚ ਅਦਾ ਕਰਦੀ ਹੈ।ਗੁਰਦੀਪ ਦੀ ਆਪਣੇ ਸਮਕਾਲੀਆਂ ਨਾਲੋਂ ਇਕ ਵੱਖਰੀ ਪਹਿਚਾਣ ਉਸ ਦੇ ਇਸ ਤਗ਼ੱਜ਼ਲ ਦੇ ਰੰਗ ਕਰਕੇ ਹੀ ਬਣਦੀ ਹੈ।ਉਹ ਆਪਣੇ ਹਰ ਸ਼ਿਅਰ ਤੇ ਬਹੁਤ ਮਿਹਨਤ ਕਰਦਾ ਹੈ।ਵਿਸ਼ੇ ਦੀ ਚੋਣ ਅਤੇ ਇਸ ਦੀ ਅਦਾਇਗੀ ਸਮੇਂ ਉਹ ਇਸ ਦੀ ਭਾਸ਼ਾਈ ਜੜਤ ਅਤੇ ਤਰਤੀਬ ਤੇ ਖ਼ਾਸ ਤਵੱਜੋ ਦਿੰਦਾ ਹੈ:

- ਜ਼ਖ਼ਮਾਂ ਨੂੰ ਜਾਪਿਆ ਏ, ਇਹ ਬੇਹੱਦ ਬੁਰਾ ਮਖੌਲ
  ਛਿੜਕੀ ਸੀ ਐਵੇਂ ਰੰਗ ਵਿਚ ਕਾਨੀ ਡੁਬੋ ਕੇ ਮੈਂ।(ਰੰਗਾਂ ਦੀ ਮਹਿਫ਼ਲ,ਪੰਨਾ-35)

- ਤੁਰੇ ਵੀਰਾਨਖ਼ਾਨੇ ਤੋਂ ਤੇ ਦਿਲ ਵਿਚ ਇਕ ਹਸਰਤ ਸੀ,
  ਕੋਈ ਹੁੰਦਾ ਕਿ ਜੀਹਨੂੰ ਆਖ ਜਾਂਦੇ ਕਿ ਅਸੀਂ ਚੱਲੇ।(ਧੜਮਨਾਂ ਨੂੰ ਖ਼ਤ,ਪੰਨਾ-119)

ਜਿਵੇਂ ਅਸੀਂ ਸ਼ੁਰੂ ਵਿਚ ਕਿਹਾ ਸੀ ਕਿ ਗੁਰਦੀਪ ਦੀ ਸ਼ਾਇਰੀ 'ਤੇ ਉਰਦੂ-ਫ਼ਾਰਸੀ ਦੀ ਸ਼ਾਇਰੀ ਦਾ ਕਾਫ਼ੀ ਪ੍ਰਭਾਵ ਹੈ।ਇਸ ਪ੍ਰਭਾਵ ਨੂੰ ਉਸ ਦੁਆਰਾ ਚੋਣ ਕੀਤੀ ਸ਼ਬਦਾਵਲੀ ਦੇ ਪੱਖ ਤੋਂ ਵੀ ਦੇਖਿਆ ਜਾ ਸਕਦਾ ਹੈ।ਗੁਰਦੀਪ ਉਰਦੂ-ਫ਼ਾਰਸੀ ਦੇ ਕਈ ਅਜਿਹੇ ਸ਼ਬਦਾਂ ਦੀ ਚੋਣ ਕਰਦਾ ਹੈ, ਜਿਹੜੇ ਨਵੀਂ ਪੀੜ੍ਹੀ ਲਈ ਸਮਝਣੇ ਔਖੇ ਲਗਦੇ ਹਨ।ਉਹ ਆਪਣੀਆਂ ਕਿਤਾਬਾਂ ਵਿਚ ਇਸ ਸਮੱਸਿਆ ਦੇ ਹੱਲ ਲਈ ਨਾਲ-



ਨਾਲ ਜਾਂ ਸ਼ਿਅਰ ਦੇ ਪੈਰਾਂ ਵਿਚ ਸ਼ਬਦਾਂ ਦੇ ਅਰਥਾਂ ਨੂੰ ਅੰਕਿਤ ਕਰਦਾ ਹੈ ਪਰ ਇਸ ਨਾਲ ਉਨ੍ਹਾਂ ਸ਼ਬਦਾਂ ਨੂੰ, ਜਿਹੜੇ ਸਾਡੀ ਜ਼ਿੰਦਗੀ ਦੇ ਪਰਿਵੇਸ਼ ਵਿਚੋਂ ਖ਼ਾਰਜ ਹੋ ਗਏ ਹਨ, ਉਨ੍ਹਾਂ ਨੂੰ ਆਮ-ਫ਼ਹਿਮ ਨਹੀਂ ਬਣਾਇਆ ਜਾ ਸਕਦਾ। 'ਸ਼ਿਅਰ ਅਰਜ਼ ਹੈ' ਪੁਸਤਕ ਵਿਚ ਇਕ ਥਾਂ ਉਹ ਲਿਖਦਾ ਹੈ ਕਿ 'ਹੁਣ ਮੈਂ ਉਰਦੂ ਰੂਪਾਂ ਤੋਂ ਬਚਦਾਂ ਹਾਂ' ਪਰ ਉਹ ਇਨ੍ਹਾਂ ਰੂਪਾਂ ਦੀ ਫਿਰ ਵੀ ਲਗਾਤਾਰ ਵਰਤੋਂ ਕਰਨ ਲਈ ਬਜ਼ਿੱਦ ਹੈ।ਕੁਝ ਅਜਿਹੇ ਗੂੜ੍ਹ ਸ਼ਬਦ ਉਦਾਹਰਣ ਵਜੋਂ ਪੇਸ਼ ਹਨ-ਨਾਰਵਾ, ਗਿਰਦੋਨਵਾਹ, ਕਦਾਮਤ, ਨਦਾਮਤ, ਮੁਬਹਮ, ਬਖ਼ਿਆਗਰ, ਬੇਸਰੋਸਾਮਾਨੀਆਂ, ਰੂਦਾਦ, ਫ਼ਾਲਗੁਲਬਾਗੀ, ਆਸੂਦਗੀ, ਸ਼ਾਦਮਾਨੀ, ਗਜਰ, ਮੁਹਤਸਬ ਆਦਿ।ਇਹ ਸਾਰੇ ਸ਼ਬਦ ਕਿਸੇ ਵੀ ਤਰ੍ਹਾਂ ਮੁੜ ਜ਼ਿੰਦਾ ਨਹੀਂ ਕੀਤੇ ਜਾ ਸਕਦੇ।ਇਹ ਸ਼ਬਦ ਜਿਸ ਜ਼ਿੰਦਗੀ ਨਾਲ ਤਾਲੁਕ ਰੱਖਦੇ ਸਨ, ਉਹ ਬੀਤ ਚੁੱਕੀ ਹੈ।ਪਰ ਉਰਦੂ ਦੇ ਕੁਝ ਅਜਿਹੇ ਸ਼ਬਦ ਵੀ ਉਹ ਵਰਤਦਾ ਹੈ, ਜਿਹੜੇ ਬਾਵਜੂਦ ਇਕ ਵੱਖਰੇ ਪਰਿਵੇਸ਼ ਨਾਲ ਸਬੰਧਿਤ ਹੋਣ ਦੇ ਅਜੇ ਵੀ ਗ਼ਜ਼ਲ ਵਿਚ ਨਵੇਂ-ਨਵੇਂ ਅਰਥਾਂ ਦਾ ਸੰਚਾਰ ਕਰਦੇ ਹਨ।ਰਿੰਦ, ਸ਼ੇਖ਼, ਮੈਖਾਨਾ, ਮਹਿਕਸ਼ੀ ਅਜਿਹੇ ਹੀ ਸ਼ਬਦ ਹਨ।ਜਿਹੜੇ ਸ਼ਬਦ ਵਰਤੋਂ ਵਿਚ ਆਉਂਦੇ ਰਹਿੰਦੇ ਹਨ, ਉਹ ਕਦੀ ਬੁੱਢੇ ਨਹੀਂ ਹੁੰਦੇ ਪਰ ਜਿਹੜੇ ਸ਼ਬਦ ਨਿਤ ਵਰਤੋਂ ਦਾ ਹਿੱਸਾ ਨਹੀਂ ਹੁੰਦੇ, ਉਹ 'ਗੁਜ਼ਰ' ਜਾਂਦੇ ਹਨ।

## ਹਵਾਲੇ ਅਤੇ ਟਿੱਪਣੀਆਂ:


੧. ਸੁਤਿੰਦਰ ਸਿੰਘ ਨੂਰ, ਸੰਵਾਦ ਸਿਰਜਨਾ, ਸ਼ਿਲਾਲੇਖ, ਦਿੱਲੀ, 1999, ਪੰਨਾ-74.

੨. ਸੁਰਜੀਤ ਪਾਤਰ, ਧੂੰਆਂ ਧੁਖੇ., ਗੁਰਦੀਪ, ਧੜਕਣਾਂ ਨੂੰ ਖ਼ਤ,ਸਿੰਘ ਬ੍ਰਦਰਜ਼,ਅੰਮ੍ਰਿਤਸਰ, 1999, ਪੰਨਾ-9.

੩. ਕੰਚਨ ਸਿੰਘ (ਡਾ.), ਗ਼ਜ਼ਲ ਅਧਿਐਨ ਅਤੇ ਮੋਹਨ ਸਿੰਘ ਦਾ ਗ਼ਜ਼ਲ ਕਾਵਿ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000, ਪੰਨਾ-17
-'ਜਦੋਂ ਕੁੱਤੇ ਚੌਹਾਂ ਬੰਨਿਆਂ ਤੋਂ ਹਿਰਨ ਨੂੰ ਘੇਰ ਲੈਂਦੇ ਹਨ ਅਤੇ ਹਿਰਨ ਦੇਖਦਾ ਹੈ ਕਿ ਹੁਣ ਬਚਾਉ ਦਾ ਕੋਈ ਰਸਤਾ ਨਹੀਂ ਤਾਂ ਉਹ ਇਕ ਅਜੀਬ ਕਿਸਮ ਦੀ ਆਵਾਜ਼ ਪੈਦਾ ਕਰਦਾ ਹੈ ਅਤੇ ਸ਼ਿਕਾਰ ਕਰਨ ਵਾਲੇ ਕੁੱਤੇ ਇਸ ਸਦਾ ਤੋਂ ਏਨੇ ਪ੍ਰਭਾਵਿਤ ਹੁੰਦੇ ਹਨ ਕਿ ਉਹ ਉਸਦਾ ਪਿੱਛਾ ਕਰਨਾ ਛੱਡ ਦਿੰਦੇ ਹਨ ਅਤੇ ਦੂਸਰੇ ਸ਼ਿਕਾਰ ਵਲ ਹੋ ਜਾਂਦੇ ਹਨ'।(ਸ਼ਮਸ਼ ਕੈਸ਼)

੪. ਗੁਰਦੀਪ, ਮਹਿਫ਼ਲ ਮਹਿਫ਼ਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ-5.

੫. ਗੁਰਦੀਪ, ਵਸਲ ਤੇ ਹਿਜਰੋਂ ਪਰੇ, ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ,2011, ਪੰਨਾ-੮.

੬. ਗੁਰਦੀਪ, ਸ਼ਿਅਰ ਅਰਜ਼ ਹੈ, ਦੋ ਲਫ਼ਜ਼, ਸਿੰਘ ਬ੍ਰਸਰਜ਼, ਅੰਮ੍ਰਿਤਸਰ, 2008, ਪੰਨਾ-18.

੭. ਗੁਰਦੀਪ, ਸ਼ਿਅਰ ਅਰਜ਼ ਹੈ, ਸਿੰਘ ਬ੍ਰਸਰਜ਼, ਅੰਮ੍ਰਿਤਸਰ, 2008, ਪੰਨਾ-15.

੮. ਉਹੀ, ਪੰਨਾ-18.



ਪੰਜਾਬੀ ਵਿਚ ਨਰੋਇਆ, ਸ਼ਕਤੀਸ਼ਾਲੀ ਤੇ
ਪ੍ਰਗਤੀਸ਼ੀਲ ਦਿੱਖਵਾਲਾ ਨਵਾਂ ਗ਼ਜ਼ਲ ਸੰਗ੍ਰਹਿ
**ਕੇਤਕੀ ਦੇ ਫੁੱਲ**
ਮੱਖਣ ਕੁਹਾੜ

**ਪੰਜਾਬੀ ਗ਼ਜ਼ਲ ਦਾ ਸੁਹਜ ਸ਼ਾਸਤਰ**
ਸੰਪਾਦਕ
ਸੁਲੱਖਣ ਸਰਹੱਦੀ,
ਗਿੱਲ ਮੋਰਾਂਵਾਲੀ

# ਦਰਦ ਦਾ ਬੇਚੈਨ ਕਾਫ਼ੀਆ - ਸ਼ਾਇਰ ਗੁਰਦੀਪ

**- ਜਸਵਿੰਦਰ**

ਕੋਈ ਤੇਰ੍ਹਾਂ ਕੁ ਵਰ੍ਹੇ ਪਹਿਲਾਂ ਚੰਡੀਗੜ੍ਹੋਂ, ਪੱਤਰਕਾਰ ਦੋਸਤ ਦਲਜੀਤ ਸਰਾਂ ਦਾ ਫੋਨ ਆਇਆ, "ਗੁਰਦੀਪ ਭਾਜੀ ਆਏ ਹੋਏ ਨੇ ਡੇਅਰਾਦੂਨੋਂ, ਤੈਨੂੰ ਯਾਦ ਕਰਦੇ ਐ।" ਦਲਜੀਤ ਨੂੰ ਪਤਾ ਸੀ ਕਿ ਮੈਂ ਗੁਰਦੀਪ ਦੀ ਸ਼ਾਇਰੀ ਦਾ ਪ੍ਰਸ਼ੰਸਕ ਹਾਂ। ਫੋਨ ਸੁਣਦਿਆਂ ਹੀ ਇਸ ਵਿਲੱਖਣ ਸ਼ਾਇਰ ਨੂੰ ਮਿਲਣ ਦੀ ਤਾਂਘ ਪੈਦਾ ਹੋ ਗਈ ਤੇ ਮੈਂ ਚੰਡੀਗੜ੍ਹ ਦੀ ਬੱਸ ਫੜ ਲਈ। ਦਲਜੀਤ ਦੇ ਘਰ ਪਹੁੰਚਦਿਆਂ ਗੁਰਦੀਪ ਹੁਰਾਂ ਦਾ ਜੋ ਚਿਹਰਾ ਮੋਹਰਾ ਮੈਂ ਚਿਤਵਦਾ ਆਇਆ ਸਾਂ, ਸਭ ਉਲਟ-ਪੁਲਟ ਸੀ। ਮੇਰੇ ਸਾਹਮਣੇ ਇਕ ਸਾਦ ਮੁਰਾਦਾ, ਪਤਲਾ ਪਤੰਗ, ਫ਼ਕੀਰ ਦਾਨਿਸ਼ਵਰ ਬੈਠਾ ਸੀ। ਉਸਦੇ ਅਪਣੱਤ ਭਰੇ ਬੋਲਾਂ ਵਿਚਲੀ ਚੇਤਨਾ ਦੀਆਂ ਸਹਿਜ ਚੰਗਿਆੜੀਆਂ ਮੈਨੂੰ ਕਿਸੇ ਹੋਰ ਦੁਨੀਆਂ ਦੇ ਦਰਸ਼ਨ ਕਰਾ ਰਹੀਆਂ ਸਨ। ਉਸਦਾ ਪ੍ਰਵਚਨ ਗ਼ਜ਼ਲ ਤੋਂ ਅਗਾਂਹ ਜਾ ਕੇ ਗਿਆਨ ਦੇ ਅਥਾਹ ਸਮੁੰਦਰ ਗਾਹ ਰਿਹਾ ਸੀ। ਉਨ੍ਹਾਂ ਦਿਨਾਂ 'ਚ ਉਸਦਾ ਗ਼ਜ਼ਲ ਸੰਗ੍ਰਹਿ "ਧੜਕਣਾਂ ਨੂੰ ਖ਼ਤ" ਛਪਿਆ ਸੀ ਜੋ ਉਸਨੇ ਮੈਨੂੰ, ਜਸਵਿੰਦਰ ਨੂੰ ਪਛਾਣ ਅਤੇ ਮੁਲਾਕਾਤ ਵਜੋਂ - ਗੁਰਦੀਜ 29-11-99 ਲਿਖ ਕੇ ਭੇਟ ਕੀਤਾ। ਉਸ ਦਿਨ ਮੈਂ ਅਚੰਭੇ ਅਤੇ ਉਤਸ਼ਾਹ ਨਾਲ ਭਰਪੂਰ ਹੋ ਕੇ ਘਰ ਪਰਤਿਆ।

ਉਸਤੋਂ ਬਾਅਦ ਇਸ ਅਲਬੇਲੇ ਸ਼ਾਇਰ ਨਾਲ ਮੁਲਾਕਾਤਾਂ ਆਮ ਹੋ ਗਈਆਂ। ਕਦੇ ਕਿਸੇ ਸਾਹਿਤਕ ਸਮਾਗਮ ਵਿਚ, ਕਦੇ ਕਿਸੇ ਦੇ ਘਰ। ਹਰ ਵਾਰ ਉਸਦੀ ਬਹੁਪੱਖੀ ਸ਼ਖ਼ਸੀਅਤ ਦਾ ਕੋਈ ਵੱਖਰਾ ਰੰਗ ਸਾਹਮਣੇ ਆਉਂਦਾ। ਉਸਦੀ ਗ਼ਜ਼ਲ ਦੀਆਂ ਹੋਰ ਕਿਤਾਬਾਂ ਵੀ ਪੜ੍ਹੀਆਂ ਜਿਨ੍ਹਾਂ ਰਾਹੀਂ ਉਸਦੀ ਕਾਵਿ-ਬੁਲੰਦੀ ਦੇ ਭਰਵੇਂ ਦੀਦਾਰ ਹੋਏ। ਖ਼ਤਾਂ ਰਾਹੀਂ ਵੀ ਸਾਡਾ ਵਿਚਾਰ ਵਟਾਂਦਰਾ ਹੁੰਦਾ ਰਿਹਾ। ਉਸਦੀਆਂ ਚਿੱਠੀਆਂ ਵੀ ਉਸਦੇ ਸੁਭਾਅ ਵਾਂਗ ਹੀ ਬੇਤਰਤੀਬ ਸਿਆਣਪਾਂ ਨਾਲ ਲਬਰੇਜ਼ ਹੁੰਦੀਆਂ। ਇਸ ਤਰ੍ਹਾਂ ਮੈਂ ਗੁਰਦੀਪ ਹੁਰਾਂ ਦੀ ਸ਼ਾਇਰੀ ਅਤੇ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੁੰਦਾ ਗਿਆ।

ਗੁਰਦੀਪ ਪੰਜਾਬੀ ਦਾ ਇਕੋ ਇਕ ਅਜਿਹਾ ਸ਼ਾਇਰ ਹੈ ਜੋ ਮਿਆਰ ਪੱਖੋਂ ਅਤੇ ਮਿਕਦਾਰ ਪੱਖੋਂ ਤੇਜ਼ੀ ਨਾਲ ਗ਼ਜ਼ਲ ਸਿਰਜਣਾ ਕਰਨ ਦੇ ਬਾਵਜੂਦ ਬਹੁਤ ਘੱਟ ਗੌਲਿਆ ਗਿਆ ਹੈ। ਇਕ ਤਾਂ ਸਸਤੀ ਸ਼ੁਹਰਤ ਲਈ ਫਾਲਤੂ ਦੀ ਅਡੰਬਰਬਾਜ਼ੀ ਉਸਦੀ ਫਕੀਰਾਨਾ ਤਬੀਅਤ ਨੂੰ ਰਾਸ ਨਹੀਂ ਆਉਂਦੀ, ਦੂਜਾ ਉਸਦੀ ਸ਼ਾਇਰੀ ਦੀਆਂ ਡੂੰਘੀਆਂ ਅਤੇ ਅਨੁਭਵੀ ਰਮਜ਼ਾਂ ਪਹਿਲੀ ਨਜ਼ਰੇ ਓਪਰੀਆਂ ਲੱਗਦੀਆਂ ਹਨ। ਮੈਂ ਉਸਦੀਆਂ ਰਚਨਾਵਾਂ ਵਾਰ-ਵਾਰ ਪੜ੍ਹੀਆਂ ਹਨ। ਬਹੁਤ ਥਾਈਂ ਉਸਦੀ ਸ਼ਾਇਰੀ ਦੀ ਸਾਦਗੀ ਅਤੇ ਗਹਿਰਾਈ ਉੱਤੇ ਹੈਰਾਨ ਹੋਇਆ ਹਾਂ। ਕਈ ਥਾਂ ਉਹ ਸਹਿਜ ਭਾ ਹੀ ਸਰਲ ਭਾਸ਼ਾ ਦੀ ਵਰਤੋਂ ਕਰਕੇ ਕਮਾਲ ਕਰ ਦਿੰਦਾ ਹੈ।

**ਗੱਲ ਧਰਤੀ ਦੀ ਮੈਂ ਕੀਤੀ ਮੈਂ ਆਪਣੇ ਅੰਦਾਜ਼ ਵਿਚ,**
**ਤਾਰਿਆਂ ਦੇ ਹਰਫ਼ ਪਾ ਕੇ ਅੰਬਰਾਂ ਨੂੰ ਖ਼ਤ ਲਿਖੇ।**

ਤਾਰਿਆਂ ਦੇ ਹਰਫ਼ਾਂ ਨਾਲ ਲਿਖੀ ਧਰਤੀ ਦੀ ਇਹ ਦਰਦ-ਕਥਾ ਅੰਬਰਾਂ ਦੇ ਸਾਰਥਿਕ ਹੁੰਗਾਰੇ ਦੇ ਇੰਤਜ਼ਾਰ ਵਿਚ ਬੇਰੋਕ ਅੱਗੇ ਤੁਰਦੀ ਹੈ। ਉਸਦੇ ਪੈਗੰਬਰੀ ਜ਼ਿਹਨ ਚੋਂ ਫੁੱਟਿਆ ਕਾਇਨਾਤ ਦੇ ਸੱਚ ਅਤੇ ਜ਼ਿੰਦਗੀ ਦੇ ਨੂਰ ਦਾ ਚਸ਼ਮਾ ਪਿਆਸੀਆਂ ਰੂਹਾਂ ਦੀ ਤਿਪ੍ਰਤੀ ਕਰਦਾ ਹਰਫ਼-ਹਰਫ਼ ਹੋ ਕੇ ਕਾਗਜ਼ਾਂ ਦੀ ਹਿੱਕ ਉੱਤੇ ਫੈਲ ਜਾਂਦਾ ਹੈ। ਜ਼ਿੰਦਗੀ ਦੀ ਸ਼ਾਨ ਵਿਚ ਡੂੰਘਾ ਵਿਸ਼ਵਾਸ ਰੱਖਦੀ ਉਸਦੀ ਸ਼ਾਇਰੀ ਕਦੇ ਵਿਵਸਥਾ ਦੀਆਂ ਪੇਚੀਦਗੀਆਂ ਤਹਿ ਦਰ ਤਹਿ ਖੋਲ੍ਹਦੀ ਹੈ, ਕਦੇ ਤਰਕ-ਵਿਤਰਕ ਤੋਂ ਪਾਰ ਜਾ ਕੇ ਦਰਦ ਅਤੇ ਜਜ਼ਬਾਤ ਦੇ ਰਹੱਸਮਈ ਆਲਮ ਵਿਚ ਵਿਚਰਦੀ ਹੈ।



**ਤਰਕ ਦਾ ਰਸਤਾ ਅਸਾਡੇ ਦਰਦ ਨੇ ਫੜਨਾ ਨਹੀਂ,**
**ਅਕਲ ਨੇ ਕਾਇਲ ਨਹੀਂ ਹੋਣਾ ਕਦੇ ਜਜ਼ਬਾਤ ਦਾ।**

ਵਸਲ ਹਿਜ਼ਰ ਤੋਂ ਪਰੇ ਦੀਆਂ ਇਹ ਗੱਲਾਂ ਅਜਿਹਾ ਵਿਸਮਾਦੀ ਵਾਤਾਵਰਨ ਸਿਰਜਦੀਆਂ ਹਨ ਕਿ ਹਯਾਤੀ ਦੀਆਂ ਤਲਖੀਆਂ ਰੰਗੀਨੀਆਂ ਨਾਲ ਸਾਡਾ ਰਿਸ਼ਤਾ ਸਤਹੀ ਨਹੀਂ ਰਹਿੰਦਾ। ਅਜਿਹੇ ਵੇਲੇ ਉੱਡਣ ਲਈ ਪਰਾਂ ਦੀ ਜ਼ਰੂਰਤ ਨਹੀਂ ਪੈਂਦੀ, ਨਾ ਹੀ ਤੁਰਨ ਵੇਲੇ ਪੈਰਾਂ ਨਾਲ ਪੈਂਡਾ ਤੈਅ ਹੁੰਦਾ ਹੈ। ਦਰਦ ਅਤੇ ਜ਼ਖ਼ਮਾਂ ਦੀ ਮੰਜ਼ਰਕਸ਼ੀ ਐਨੀ ਸੁਹਜਮਈ ਵੀ ਹੋ ਸਕਦੀ ਹੈ ਕਿ

**ਦਿਲਾਂ ਦੇ ਜ਼ਖ਼ਮ ਇਸ ਪਾਸੇ ਵਫ਼ਾ ਦੀ ਗੱਲ ਤੇ ਤੋਰਨ,**
**ਕਿਸੇ ਦੇ ਜ਼ਖ਼ਮ ਖੁਰਦਾ ਹੋਣ ਵਿਚ ਕੁਝ ਸ਼ਾਨ ਤੇ ਹੋਵੇ।**

ਖ਼ੁਦੀ ਤੋਂ ਪਾਰਲੇ ਅਹਿਸਾਸਾਂ ਦੀ ਪੇਸ਼ਕਾਰੀ ਦੇ ਬਾਵਜੂਦ ਉਸਦੀ ਸ਼ਾਇਰੀ ਦੀ ਮੁੱਖ ਧਾਰਾ ਮਾਨਵ ਵਿਰੋਧੀ ਵਿਵਸਥਾ ਦੇ ਖ਼ਿਲਾਫ਼ ਵਹਿੰਦੀ ਹੈ।

**ਨਫ਼ਾਸਤ ਨਾਲ ਜੀਣਾ ਲੋਚਦੇ ਨੇ ਸ਼ੌਕ ਇਸ ਦਿਲ ਦੇ,**
**ਕਰੀਰਾਂ ਨਾਲ ਇਹਨਾਂ ਕੇਲਿਆਂ ਤੋਂ ਖਹਿ ਨਹੀਂ ਹੁੰਦਾ।**

ਕਰੀਰਾਂ ਨਾਲ ਕੇਲਿਆਂ ਦੇ ਖਹਿਣ ਵਰਗੇ ਵਿਲੱਖਣ ਚਿਹਨਾਂ ਦੇ ਸਿਰਜਕ ਗੁਰਦੀਪ ਨੂੰ ਗ਼ਜ਼ਲ ਦੀ ਬੇਰੋਕ ਆਮਦ ਹੁੰਦੀ ਹੈ। ਜਿਵੇਂ ਪਾਣੀ ਆਪ ਮੁਹਾਰੇ ਨਿਵਾਣਾਂ ਵੱਲ ਨੂੰ ਵਹਿ ਤੁਰਦਾ ਹੈ। ਇਹ ਆਮਦ ਏਨੀ ਜ਼ੋਰਦਾਰ ਹੈ ਕਿ ਕਈ ਵਾਰੀ ਉਸਨੂੰ ਬਹਿਰ ਦੀ ਬੰਦਿਸ਼ ਨਿਭਾਉਣ ਦਾ ਖ਼ਿਆਲ ਵੀ ਨਹੀਂ ਰਹਿੰਦਾ ਅਤੇ ਉਹ ਸੁਭਾਵਿਕ ਹੀ ਔਖੀ ਉਰਦੂ ਫਾਰਸੀ ਸ਼ਬਦਾਵਲੀ ਵਰਤ ਜਾਂਦਾ ਹੈ, ਜਿਸ ਕਰਕੇ ਉਸਨੂੰ ਕਈ ਸ਼ਬਦਾਂ ਦੇ ਅਰਥ ਹੇਠਾਂ ਦੇਣੇ ਪੈਂਦੇ ਹਨ। ਇਹ ਸਭ ਉਸ ਅੰਦਰ ਉੱਠਦੇ ਭਾਵਨਾਵਾਂ ਦੇ ਅਮੋੜ ਤੂਫ਼ਾਨ ਕਾਰਨ ਹੀ ਵਾਪਰਦਾ ਹੈ। ਉਂਞ ਇਹ ਭਾਵਨਾਵਾਂ ਦਾ ਵਹਿਣ ਕਿਸੇ ਕਵੀ ਲਈ ਵਰਦਾਨ ਹੀ ਹੁੰਦਾ ਹੈ।

ਸ਼ਾਇਰੀ ਉਸਦਾ ਪਹਿਲਾ ਇਸ਼ਕ ਹੈ, ਜਨੂੰਨ ਦੀ ਹੱਦ ਤੱਕ ਪੰਜਾਬੀ ਤੋਂ ਇਲਾਵਾ ਹੋਰ ਜ਼ੁਬਾਨਾਂ ਦੀ ਕਵਿਤਾ ਜਿਵੇਂ ਉਸਨੇ ਘੋਟ ਕੇ ਪੀਤੀ ਹੋਵੇ। ਉਸਨੇ ਸੰਸਾਰ ਭਰ ਦੀ ਫ਼ਿਲਾਸਫੀ, ਸਾਹਿਤ ਅਤੇ ਗਿਆਨ ਵਿਗਿਆਨ ਨੂੰ ਬੇਹੱਦ ਖੁੱਭ ਕੇ ਵਾਚਿਆ ਹੈ। ਕੁਦਰਤ ਦੇ ਰਹੱਸਮਈ ਮਹਾਂਪਾਸਾਰ ਵਿਚ ਉਸਦੀ ਡੂੰਘੀ ਦਿਲਚਸਪੀ ਹੈ। ਨਿੱਤ ਨਵਾਂ ਜਾਨਣ ਦੀ ਤੜਪ ਉਸਦੀਆਂ ਰਗਾਂ 'ਚ ਵਸੀ ਹੋਈ ਹੈ। ਏਨਾ ਗਿਆਨਵਾਨ ਹੋਣ ਦੇ ਬਾਵਜੂਦ ਉਹ ਹਉਂ ਦੇ ਬੋਝ ਤੋਂ ਮੁਕਤ ਹੈ ਅਤੇ ਹੌਲਾ ਫੁੱਲ ਹੋ ਕੇ ਗਿਆਨ ਦੀ ਬਾਰਿਸ਼ ਕਰਦਾ ਰਹਿੰਦਾ ਹੈ, ਕਦੇ ਮਿੱਠੇ ਬਚਨਾਂ ਰਾਹੀਂ ਕਦੇ ਪਿਆਰੀਆਂ ਗ਼ਜ਼ਲਾਂ ਰਾਹੀਂ।

ਸ਼ਹਿਰੀ ਸੱਭਿਅਤਾ ਦੀ ਚਕਾਚੌਂਧ ਤੋਂ ਦੂਰ ਕੁਦਰਤ ਦੀ ਖ਼ੂਬਸੂਰਤ ਗੋਦੀ 'ਚ ਵੱਸਦਾ ਇਹ ਦਰਵੇਸ਼ ਸ਼ਾਇਰ ਆਪਣੇ ਸੀਨੇ ਵਿਚ ਜ਼ਮਾਨੇ ਭਰ ਦਾ ਦਰਦ ਸਮੋਈ ਬੈਠਾ ਹੈ।

**ਲੰਬੀ ਗ਼ਮਾਂ ਦੀ ਬਹਿਰ ਤੇ ਦਰਦਾਂ ਦਾ ਕਾਫ਼ੀਆ,**
**ਲੈ ਕੇ ਗ਼ਮਾਂ ਦਾ ਨਾਂ ਮੇਰੇ ਹਿੱਸੇ 'ਚ ਆ ਗਿਆ।**

ਆਮ ਤੌਰ 'ਤੇ ਉਹ ਚੰਡੀਗੜ੍ਹੋਂ ਹੀ ਵਾਪਸ ਪਹਾੜਾਂ ਵੱਲ ਪਰਤ ਜਾਂਦਾ ਹੈ ਅਤੇ ਇਸ ਆਜ਼ਾਦ ਪੰਛੀ ਦਾ ਡੇਹਰਾਦੂਨ ਦੇ ਪਿੰਡ ਰੇਸ਼ਮ ਮਜਾਰੀ ਵਿਚਲਾ ਰੇਸ਼ਮੀ ਆਲ੍ਹਣਾ ਮਿੱਤਰ ਪਿਆਰਿਆਂ ਦਾ ਉਡੀਕਵਾਨ ਰਹਿੰਦਾ ਹੈ।

**ਰਹਿੰਦਾ ਹੈ ਪਹਾੜਾਂ ਵਿਚ ਗੁੰਮਨਾਮ ਜਿਹੀ ਥਾਂ ਤੇ,**
**ਗੁਰਦੀਪ ਨੂੰ ਮਿਲ ਆਉਣਾ ਉਹ ਯਾਰ ਹੈ ਯਾਰਾਂ ਦਾ।**

ਅਜਿਹੇ ਦਰਵੇਸ਼ ਦਿਲਦਾਰ ਤੇ ਦਾਨਿਸ਼ਵਰ ਸ਼ਾਇਰ ਨੂੰ ਮੇਰਾ ਸਲਾਮ।

# ਖਜ਼ਾਨਾ ਨੂਰ ਦਾ

ਉਂਝ ਵੇਖਣ ਨੂੰ ਗੁਰਦੀਪ ਪੰਜਾਬੀ ਦੇ ਸਾਹਿਤਕ ਹਲਕਿਆਂ ਵਿਚ ਬੜਾ ਗੁੰਮਨਾਮ ਜਿਹਾ ਨਾਂ ਹੈ। ਪਰ ਲੇਖਕਾਂ ਦੇ ਇਕ ਤਬਕੇ 'ਚ ਗੁਰਦੀਪ ਦੀ ਬੜੀ ਥਾਂ ਹੈ ਤੇ ਉਸਦੀ ਸ਼ਾਇਰੀ ਵੀ ਮਕਬੂਲ ਹੈ। 50ਵਿਆਂ 'ਚ ਕਾਲਜ ਦੇ ਦਿਨਾਂ 'ਚ ਕਪੂਰਥਲਾ ਸ਼ਹਿਰ ਤੋਂ ਸ਼ਾਇਰੀ ਲਿਖਣ ਦੀ ਰਸਮੀ ਸ਼ੁਰੂਆਤ ਕਰਨ ਬਾਅਦ 'ਨਵਾਂ ਜ਼ਮਾਨਾ' ਦੇ ਸੰਪਾਦਕੀ ਅਮਲੇ 'ਚ ਕੰਮ ਕਰਦਿਆਂ ਗੁਰਦੀਪ ਨੇ ਬਾਕਾਇਦਾ ਗ਼ਜ਼ਲ ਕਹਿਣੀ ਸ਼ੁਰੂ ਕਰਕੇ ਉਸ ਵੇਲੇ ਦੇ ਸਾਹਿਤਕ ਮਾਹੌਲ 'ਚ ਇਕ ਸਮੇਂ ਵਾਹਵਾ ਭੱਲ ਬਣਾਈ। ਸਿਰਫ਼ ਸ਼ਾਇਰ ਵਜੋਂ ਹੀ ਨਹੀਂ, ਸਗੋਂ ਵਿਸ਼ਵ ਦੇ ਉੱਤਮ ਸਾਹਿਤ ਦੇ ਇਕ ਸੂਝਵਾਨ ਪਾਠਕ ਤੇ ਅਖ਼ਬਾਰ ਲਈ ਪੰਜਾਬੀ ਪੁਸਤਕਾਂ ਦੇ ਰੀਵਿਊਕਾਰ ਵਜੋਂ ਵੀ। ਉਹ ਉਸ ਸਮੇਂ ਜਲੰਧਰ ਦੇ ਕੌਫ਼ੀ ਹਾਊਸ ਦੀਆਂ ਰਾਜਸੀ / ਸਾਹਿਤਕ ਮਹਿਫ਼ਲਾਂ 'ਚ ਚਰਚਾ ਦਾ ਵਿਸ਼ਾ ਹੁੰਦਾ ਸੀ ਤੇ ਉਨ੍ਹਾਂ 'ਚ ਸਰਗਰਮ ਭਾਈਵਾਲ ਵੀ। ਜਵਾਨੀ ਦੇ ਦਿਨਾਂ 'ਚ ਗ਼ਜ਼ਲਾਂ ਲਿਖਣੀਆਂ ਸ਼ੁਰੂ ਕਰਨ ਬਾਅਦ ਉਹ ਸ਼ਾਇਰੀ ਦੇ ਇਸ ਸੁਹਜਮਈ ਰੂਪ ਨਾਲ ਲਗਾਤਾਰ ਵਫ਼ਾ ਕਰਦਾ ਆ ਰਿਹਾ ਹੈ।

ਜਲੰਧਰ ਦੀ ਜ਼ਿੰਦਗੀ ਉੱਤੇ ਭੀੜ ਭੜੱਕਾ ਪੂਰੀ ਤਰ੍ਹਾਂ ਭਾਰੂ ਹੋਣ ਤੋਂ ਪਹਿਲਾਂ ਹੀ ਗੁਰਦੀਪ ਦੇਹਰਾਦੂਨ ਵਾਦੀ ਵਿਚਲੇ ਆਪਣੇ ਫ਼ਾਰਮ ਰੇਸ਼ਮ ਮਾਜਰੀ ਵਿਖੇ ਡੇਰਾ ਲਾਉਣ ਤੋਂ ਲੈ ਕੇ ਹੁਣ ਤੱਕ ਲਗਾਤਾਰ ਲਿਖਦਾ ਆ ਰਿਹੈ ਤੇ ਨਿਰਵਿਘਨ ਪੜ੍ਹਦਾ ਵੀ। ਦੁਨੀਆਂਦਾਰੀ ਤੋਂ ਦੂਰ ਰਹਿਣ ਵਾਲੇ ਇਸ ਪੰਜਾਬੀ ਸ਼ਾਇਰ ਦੀਆਂ ਜੇ ਕੋਈ ਮਜਬੂਰੀਆਂ ਕਹੀਆਂ ਜਾ ਸਕਦੀਆਂ ਨੇ ਤਾਂ ਇਹ ਨੇ, ਪੜ੍ਹਨਾ ਤੇ ਸ਼ਾਇਰੀ ਕਰਨਾ।

ਨਿੱਤ ਨਵੀਆਂ ਮੁਹਿੰਮਾਂ ਵਿਚ ਉਲਝੇ ਰਹਿਣ ਵਾਲੇ ਪੰਜਾਬੀਆਂ ਤੋਂ ਦੂਰ ਵੱਸਣ ਕਾਰਣ ਜਿੱਥੇ ਉਸਨੂੰ ਪੜ੍ਹਨ-ਲਿਖਣ ਲਈ ਖੁੱਲ ਕੇ ਵਿਹਲ ਰੱਜ ਕੇ ਮਿਲੀ ਹੈ, ਉਥੇ ਉਸਦੀ ਸ਼ਾਇਰੀ ਪਾਠਕਾਂ / ਸਰੋਤਿਆਂ ਤੋਂ ਬਹੁਤ ਹੱਦ ਤੱਕ ਵਿਰਵੀ ਵੀ ਰਹਿ ਗਈ ਹੈ।

ਹੁਣ ਤੱਕ ਉਸਦੇ ਚਾਰ ਗ਼ਜ਼ਲ ਸੰਗ੍ਰਹਿ ਛਪ ਚੁੱਕੇ ਹਨ – ਰੰਗੀਨੀਆਂ, ਨਕਸ਼ ਪੀੜਾਂ ਦੇ, ਰੰਗਾਂ ਦੀ ਮਹਿਫ਼ਲ ਤੇ ਦੋ ਬੋਲ ਤੇਰੇ ਜੋਗੇ। ਪਰ ਵਿਲੱਖਣ ਸੁਰ ਦਾ ਸ਼ਾਇਰ ਹੋਣ ਦੇ ਬਾਵਜੂਦ ਉਸਦੀ ਬਹੁਤੀ ਚਰਚਾ ਨਹੀਂ ਹੋਈ। ਵੈਸੇ ਵੀ ਚਰਚਿਤ ਹੋਣਾ ਗੁਰਦੀਪ ਦਾ ਸੁਭਾਅ ਨਹੀਂ। ਹਾਲਾਂਕਿ ਜੇ ਉਸਦੀਆਂ ਕਿਤਾਬਾਂ ਦੇ ਪ੍ਰਕਾਸ਼ਨ ਵੱਲ ਉਚੇਚਾ ਧਿਆਨ ਦਿੱਤਾ ਗਿਆ ਹੁੰਦਾ ਤਾਂ ਪੰਜਾਬੀ ਸਾਹਿਤ ਜਗਤ 'ਚ ਉਸਦਾ ਬਣਦਾ ਨਾਂ ਥਾਂ ਹੋਣਾ ਸੀ। ਪਰ ਫ਼ਿਰ ਵੀ ਗੁਰਦੀਪ ਨੇ ਉਹੀ ਹੋਣਾ ਸੀ, ਜੋ ਹੁਣ ਹੁਣ ਹੈ।

ਸ਼ਾਇਰ ਗੁਰਦੀਪ ਨੂੰ ਨੇੜਿਉਂ ਜਾਣਿਆਂ ਉਸਦੀ ਸ਼ਖ਼ਸੀਅਤ ਦੇ ਵੱਖ-ਵੱਖ ਰੰਗਾਂ ਨੂੰ ਵੇਖਿਆ / ਫੜਿਆ ਜਾ ਸਕਦਾ ਹੈ। ਉਹ ਸਿਰਫ਼ ਸ਼ਾਇਰ ਨਹੀਂ, ਬੜਾ ਹੀ ਕੁਝ ਹੈ। ਇੰਨਾ ਕੁਝ ਕਿ ਬਿਆਨਿਆ ਵੀ ਨਹੀਂ ਜਾ ਸਕਦਾ। ਸ਼ਾਹੀ ਸੁਭਾਅ ਵਾਲਾ ਮਲੰਗ, ਬੇਪ੍ਰਵਾਹੀਆਂ ਦਾ ਮਾਲਕ, ਕੁਦਰਤ ਦੇ ਭੇਦਾਂ ਦਾ ਭੇਤੀ, ਬੜਾ ਹੀ ਅਸਫਲ ਕਿਸਾਨ, ਜ਼ਿੰਦਗੀ 'ਚ ਸੁਹਜ ਭਰਨ ਦਾ ਸ਼ੈਦਾਈ, ਵੱਖ-ਵੱਖ ਖੇਤਰਾਂ ਦੀਆਂ ਨਵੀਆਂ ਲੱਭਤਾਂ ਦੀ ਸੂਹ ਸਾਂਭ ਕੇ ਰੱਖਣ ਵਾਲਾ ਖਜ਼ਾਨਾ ਤੇ ਲੋੜਵੰਦਾਂ ਦਾ ਮੁੱਦਈ।

ਕਮਿਊਨਿਸਟ ਵਜੋਂ ਪਾਰਟੀ ਵਰਕਰਾਂ ਨੂੰ ਪੜ੍ਹਾਉਣ ਲਈ ਸਰਗਰਮ ਕੰਮ ਕਰਨ ਸਮੇਂ ਉਸਨੇ ਜਿਹੜੀ ਜੀਵਨ ਜਾਂਚ ਦਾ ਪ੍ਰਚਾਰ ਕੀਤਾ, ਉਸਨੂੰ ਖੁਦ ਅਪਣਾਇਆ ਵੀ। ਕਹਿਣਾ ਤੇ ਕਰਨਾ ਨੂੰ ਇਕ ਰੱਖਦਿਆਂ ਉਹ ਹੋਰਨਾਂ ਲਈ ਵੀ ਮਿਸਾਲ ਬਣਿਆ ਹੈ। ਬੜੇ ਸਰਦੇ-ਪੁਜਦੇ ਘਰ ਵਿਚ ਜੰਮੇ-ਪਲੇ ਹੋਣ ਦੇ ਬਾਵਜੂਦ ਉਹ 'ਯਾਰੜੇ ਦੇ ਸੱਥਰ' ਨੂੰ ਪਿਆਰ ਕਰਨ ਵਾਲਾ ਹੈ। ਸਾਦਗੀ ਤੇ ਫੱਕਰਪੁਣਾ ਉਸਦੇ ਰਹਿਣ-ਸਹਿਣ ਵਿਚ ਸਮੋਇਆ ਹੋਇਆ ਹੈ। ਲੋਕਾਂ ਲਈ ਸਭ ਕੁਝ ਲੁਟਾ ਦੇਣ ਲਈ ਤਤਪਰ ਰਹਿਣ ਵਾਲਾ ਇਹ ਸ਼ਾਇਰ ਆਪਣੇ ਕਾਵਿਕ ਵਿਚਾਰਾਂ ਨੂੰ ਵੀ ਲੋਕਾਂ / ਪਾਠਕਾਂ ਲਈ ਗ਼ਜ਼ਲਾਂ ਦੇ ਰੂਪ ਵਿਚ ਲੁਟਾਉਂਦਾ ਆ ਰਿਹਾ ਹੈ ਤੇ ਰਹੇਗਾ।

ਸ਼ਾਇਰੀ ਬਗ਼ੈਰ ਉਹ ਸਾਹ ਨਹੀਂ ਲੈ ਸਕਦਾ। ਪਰ ਸ਼ਾਇਰੀ ਕਰਨੀ ਉਸਨੇ ਐਵੇਂ ਹੀ ਸ਼ੁਰੂ ਨਹੀਂ ਸੀ ਕਰ ਦਿੱਤੀ। ਉਰਦੂ ਦੇ ਸਾਰੇ ਨਾਮਵਰ ਸ਼ਾਇਰਾਂ ਤੋਂ ਲੈ ਕੇ ਜਹਾਨ ਭਰ ਦੇ ਸ਼ਾਇਰਾਂ / ਲੇਖਕਾਂ ਨੂੰ ਉਸਨੇ ਬੜੀ



ਨੀਝ ਨਾਲ ਪੜ੍ਹਿਆ ਤੇ ਸਮਝਿਆ ਹੈ। ਵਲੀ ਤੋਂ ਲੈ ਕੇ ਫ਼ੈਜ਼ ਤੱਕ ਦੀ ਸ਼ਾਇਰੀ ਉਸਦੇ ਸੀਨੇ 'ਚ ਵਸੀ ਹੋਈ ਹੈ। ਟੈਗੋਰ ਤੋਂ ਲੈ ਕੇ ਅਰੁੰਧਤੀ ਰਾਏ ਤੱਕ ਦੇ ਭਾਰਤੀ ਲੇਖਕਾਂ ਦੀਆਂ ਮੁੱਖ ਰਚਨਾਵਾਂ ਉਸਦੀ 'ਚਲਦਾ ਵਹੀਰ' ਲਾਇਬ੍ਰੇਰੀ ਦਾ ਹਿੱਸਾ ਰਹੀਆਂ ਹਨ। ਬਾਬਾ ਫ਼ਰੀਦ ਦੇ ਸਲੋਕਾਂ ਤੋਂ ਲੈ ਕੇ ਆਧੁਨਿਕ ਮਹਾਂਕਾਵਿ ਝਨਾਂ ਦੀ ਰਾਤ ਤੇ ਲੀਲ੍ਹਾ ਨੂੰ ਜਿਸ ਤਰ੍ਹਾਂ ਗੁਰਦੀਪ ਨੇ ਜੰਮ ਕੇ ਪੜ੍ਹਿਆ ਹੈ, ਅਜਿਹਾ ਕਰਨ ਵਾਲੇ ਗਿਣੇ ਚੁਣੇ ਪੰਜਾਬੀ ਹੀ ਹੋਣਗੇ।

ਸਾਹਿਤ ਤੋਂ ਇਲਾਵਾ ਉਸਨੇ ਸਮਾਜ-ਵਿਗਿਆਨ, ਭੂਗੋਲ, ਇਤਿਹਾਸ, ਜੀਵ-ਵਿਗਿਆਨ, ਪੌਦਾ ਵਿਗਿਆਨ, ਆਰਥਿਕਤਾ, ਰਾਜਨੀਤੀ ਸ਼ਾਸਤਰ ਤੇ ਵਿਗਿਆਨ ਬਾਰੇ ਬੇਇਨਤਹਾ ਪੜ੍ਹਿਆ ਹੈ, ਜਾਣਿਆ ਹੈ। ਫੁੱਲਾਂ ਦੇ ਰੰਗਾਂ ਦੀ ਵਿਲੱਖਣਤਾ, ਫਲਾਂ ਦੀਆਂ ਮਹਿਕਾਂ ਦੇ ਭੇਤ, ਮੌਸਮਾਂ ਦੇ ਸੁਭਾਅ, ਪੰਛੀਆਂ ਦੀਆਂ ਆਦਤਾਂ ਤੇ ਧਰਤੀ ਦੇ ਬਹੁਮੁੱਲੇ ਖਜ਼ਾਨਿਆਂ ਦਾ ਗੁਰਦੀਪ ਏਨਾ ਭੇਤੀ ਹੈ ਕਿ ਉਸ ਉੱਤੇ ਰਸ਼ਕ ਆਉਂਦਾ ਹੈ। ਕਿਸੇ ਸਮੇਂ ਕਿਸੇ ਵੀ ਵਿਸ਼ੇ ਉੱਤੇ ਗੱਲ ਛੇੜਨ ਦੀ ਦੇਰ ਹੈ ਕਿ ਉਹ ਅਜਿਹੀ ਜਾਣਕਾਰੀ ਦੇਵੇਗਾ, ਜਿਸ ਨਾਲ ਅਗਲੇ ਨੂੰ ਉਸਦੇ 'ਐਨਸਾਈਕਲੋਪੀਡੀਆ' ਹੋਣ ਦਾ ਭੁਲੇਖਾ ਪੈਣ ਲੱਗਦਾ ਹੈ। ਸਾਦਗੀ ਇਹ ਹੈ ਕਿ ਉਹ ਆਪਣੇ ਗਿਆਨ ਦਾ ਨਾ ਕਦੇ ਵਿਖਾਲਾ ਕਰਦਾ ਹੈ ਤੇ ਨਾ ਹੀ ਗੁਮਾਨ।

ਇਹੋ ਹੀ ਸੁਰ ਉਸਦੀ ਸ਼ਾਇਰੀ ਦਾ ਹੈ। ਉਹ ਵਲਵਲਿਆਂ ਨੂੰ ਨਵਾਂ ਰੂਪ ਹੀ ਨਹੀਂ ਦਿੰਦਾ, ਲਫ਼ਜ਼ਾਂ ਨੂੰ ਵੀ ਨਵੇਂ ਅਰਥ ਦਿੰਦਾ ਹੈ। ਆਕਾਸ਼, ਸਮੁੰਦਰ ਤੇ ਧਰਤੀ ਉਸਦੀ ਸ਼ਾਇਰੀ ਦਾ ਹਿੱਸਾ ਵੀ ਹਨ ਤੇ ਪ੍ਰੇਰਨਾ ਸ੍ਰੋਤ ਵੀ। ਮਨ ਦੀਆਂ ਉਡਾਰੀਆਂ ਨੂੰ ਕੁਦਰਤ ਦੇ ਨਜ਼ਾਰਿਆਂ ਰਾਹੀਂ ਚਿਤਵਦਾ ਉਹ ਅਜਿਹਾ ਚਿੱਤਰਕਾਰ ਹੋ ਨਿਬੜਦਾ ਹੈ, ਜਿਸਦੀ ਬਣਾਈ ਕਲਾਕ੍ਰਿਤ ਉੱਤੇ ਨਾ ਰੰਗ ਦਾ ਕੋਈ ਹੋਰ ਛਿੱਟਾ ਲਾਇਆ ਜਾ ਸਕਦਾ ਹੈ ਤੇ ਨਾ ਹੀ ਮਿਟਾਇਆ।

ਪਹਿਲਾਂ ਪਹਿਲ ਉਰਦੂ ਰੰਗ ਉਸਦੀ ਸ਼ਾਇਰੀ ਉੱਤੇ ਕੁਝ ਜ਼ਿਆਦਾ ਹੀ ਭਾਰੂ ਲੱਗਦਾ ਸੀ। ਪਰ ਪਿਛਲੇ ਸਮਿਆਂ ਦੌਰਾਨ ਉਸਨੇ ਪੰਜਾਬੀ ਰੰਗ ਉਚੇਚਾ ਭਰਿਆ ਹੈ। ਹੱਥਲੀ ਪੁਸਤਕ ਦੇ ਅਖ਼ੀਰ ਉੱਤੇ ਸ਼ਾਮਿਲ ਕੁਝ ਗੀਤ ਇਸ ਗੱਲ ਦੇ ਗਵਾਹ ਕਹੇ ਜਾ ਸਕਦੇ ਨੇ ਕਿ ਸੁਹਜ ਤੇ ਸੰਗੀਤ ਉਸਦੀ ਸ਼ਾਇਰੀ ਵਿਚੋਂ ਕਿੰਨੀ ਕਾਵਿਕ ਤਰ੍ਹਾਂ ਉਭਰਦੇ ਨੇ। ਆਧੁਨਿਕ ਕਵੀਆਂ 'ਚੋਂ ਉਹ ਇਸ ਕਰਕੇ ਨਿਵੇਕਲਾ ਕਿਹਾ ਜਾ ਸਕਦਾ ਹੈ ਕਿ ਉਸਦੇ ਇਹ ਗੀਤ ਵਿਸ਼ੇ ਤੇ ਲੈਅ ਪੱਖੋਂ ਲੋਕ ਗੀਤਾਂ ਦੀ ਸ਼੍ਰੇਣੀ ਵਿਚ ਜਾ ਖੜੋਂਦੇ ਨੇ।

ਵਰ੍ਹਿਆਂ ਤੋਂ ਇਕ ਤਰ੍ਹਾਂ ਛਿਪੇ ਚੱਲੇ ਆ ਰਹੇ ਗੁਰਦੀਪ ਨੂੰ ਪਾਠਕਾਂ/ਸਰੋਤਿਆਂ ਦੇ ਸਨਮੁਖ ਹੋਣ ਦਾ ਚਾਅ ਵੀ ਹੈ, ਝਿਜਕ ਵੀ। ਇਸੇ ਲਈ ਉਹ ਮਹਿਫ਼ਿਲਾਂ/ਮੁਸ਼ਾਇਰਿਆਂ 'ਚ ਰਵਾਇਤੀ ਸ਼ਾਇਰਾਂ ਵਾਂਗ ਜੰਮ ਨਹੀਂ ਸਕਦਾ ਹਾਲਾਂਕਿ ਰੰਗ ਤੇ ਢੰਗ ਦੇ ਪੱਖੋਂ ਉਸਦੀ ਸ਼ਾਇਰੀ ਹੋਰਨਾਂ ਤੋਂ ਕਿਤੇ ਉੱਚ ਪਾਏ ਦੀ ਹੁੰਦੀ ਹੈ। ਇਸੇ ਸ਼ਾਇਰੀ ਨੂੰ ਜਦੋਂ ਕੋਈ ਹੋਰ ਪੜ੍ਹਦਾ/ ਗਾਉਂਦਾ ਹੈ ਤਾਂ ਸਰੋਤਾ ਕੀਲਿਆ ਜਾਂਦਾ ਹੈ। ਉੱਘੇ ਸੰਗੀਤ ਅਧਿਆਪਕ ਗੁਰਨਾਮ ਸਿੰਘ ਵਲੋਂ ਕਈ ਵਰ੍ਹੇ ਪਹਿਲਾਂ ਗਾਈਆਂ ਗੁਰਦੀਪ ਦੀਆਂ ਗ਼ਜ਼ਲਾਂ ਇਸ ਗੱਲ ਦੀ ਗਵਾਹੀ ਹਨ।

ਬੜੀ ਮੜ੍ਹਕ ਨਾਲ ਸ਼ਾਇਰੀ ਕਰਨ ਵਾਲੇ ਗੁਰਦੀਪ ਦਾ ਜੀਅ ਕਰਦਾ ਰਿਹਾ ਹੈ ਕਿ ਉਸਦੀਆਂ ਗ਼ਜ਼ਲਾਂ ਨੂੰ ਕੋਈ ਮਲਿਕਾ ਪੁਖਰਾਜ, ਫ਼ਰੀਦਾ ਖਾਨਮ ਤੇ ਜਾਂ ਫਿਰ ਸੁਰਿੰਦਰ ਕੌਰ ਗਾਏ। ਗੁਰਦੀਪ ਦੀ ਸ਼ਾਇਰੀ ਤੇ ਸ਼ਖ਼ਸੀਅਤ ਇਸ ਮਾਣ ਦੀਆਂ ਹੱਕਦਾਰ ਵੀ ਹਨ।

ਗੁਰਦੀਪ ਦੀ ਸ਼ਖ਼ਸੀਅਤ ਦੇ ਰੰਗਾਂ ਨੂੰ ਜੇ ਇਕ ਸ਼ਿਅਰ ਵਿਚ ਸਮਝਣਾ/ਸਮੇਟਣਾ ਹੋਵੇ ਤਾਂ ਉਸਦੇ ਹੀ ਲਫ਼ਜ਼ਾਂ 'ਚ

ਦਿਲ ਸੀ ਖਜ਼ਾਨਾ ਨੂਰ ਦਾ ਬਲਿਆ ਜ਼ਰੂਰ ਹੈ
ਰਾਹਾਂ 'ਚ ਬਲ ਗਿਆ ਕਿ ਖ਼ਲਾਵਾਂ 'ਚ ਬਲ ਗਿਆ।
ਰੱਬ ਕਰੇ ਨੂਰ ਦਾ ਇਹ ਖਜ਼ਾਨਾ ਵਰ੍ਹਿਆਂ ਤੱਕ ਚੱਲਦਾ ਰਹੇ।

ਦਲਜੀਤ ਸਿੰਘ
ਸਾਬਕਾ ਸੰਪਾਦਕ
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ

# ਇਕ ਯੋਧੇ ਦਾ ਚਲਾਣਾ

## (ਕਾਮਰੇਡ ਸੁਰਜੀਤ ਗਿੱਲ ਨੂੰ ਯਾਦ ਕਰਦਿਆਂ)



ਰਾਜਨੀਤੀ ਤੇ ਸਾਹਿਤ ਦੇ ਖੇਤਰ ਦਾ ਇਕ ਸੰਗਰਾਮੀ ਯੋਧਾ ਸਾਥੋਂ ਵਿਛੜ ਗਿਆ ਹੈ। ਅਜਿਹੇ ਸੂਰਮੇ ਲੇਖਕ ਤੇ ਨਿਧੜਕ ਸੰਗਰਾਮੀਏ, ਘਰ-ਘਰ ਪੈਦਾ ਨਹੀਂ ਹੁੰਦੇ। ਉਹ ਨਿਰੰਤਰ ਸੰਗਰਾਮਾਂ ਵਿਚਲੇ ਅਨੁਭਵਾਂ ਦੀ ਅਮੀਰੀ ਸਦਕਾ ਆਪਣਾ ਇਤਿਹਾਸਕ ਕਰਤੱਵ ਨਿਭਾਉਂਦੇ ਤੇ ਸਮਾਜ ਵਿਚ ਪ੍ਰਵਾਨ ਚੜ੍ਹਦੇ ਹਨ।

ਕਮਿਊਨਿਸਟ ਲਹਿਰ ਦੇ ਪਿਛਲੇ ਸੱਠਾਂ ਸਾਲਾਂ ਦੇ ਹਰ ਉਤਰਾਅ-ਚੜਾਅ ਵਿਚ ਵਿਚਰਦਿਆਂ ਕਾ. ਸੁਰਜੀਤ ਗਿੱਲ ਨੇ ਸਾਹਿਤ ਤੇ ਸਿਆਸਤ ਵਿਚ ਆਗੂ ਰੋਲ ਨਿਭਾਉਂਦਿਆਂ ਆਪਣੀਆਂ ਅਮਿੱਟ ਪੈੜਾਂ ਛੱਡੀਆਂ ਹਨ।

ਕਮਿਊਨਿਸਟ ਲਹਿਰ ਦੇ ਨਾਲ-ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਆਗੂ ਰੋਲ ਨਿਭਾਉਂਦਿਆਂ ਉਸਨੇ ਅਣਗਿਣਤ ਨਵੇਂ ਉੱਠਦੇ ਪੰਜਾਬੀ ਲੇਖਕਾਂ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ। ਮਾਲਵੇ ਖੇਤਰ ਦਾ ਕੋਈ ਵੀ ਅਜਿਹਾ ਨਾਵਲਕਾਰ ਜਾਂ ਕਹਾਣੀਕਾਰ ਨਹੀਂ ਹੋਵੇਗਾ, ਜਿਸ ਦੀ ਨਵੀਂ ਛਪੀ ਗਲਪ ਰਚਨਾ ਬਾਰੇ ਉਸਨੇ ਸੰਤੁਲਨ ਤੇ ਨਰੋਈ ਰਾਏ ਨਾ ਦਿੱਤੀ ਹੋਵੇ। ਉਸਦੀ ਪਰਪੱਕ ਰਾਏ ਨੂੰ ਇਕ ਪ੍ਰਮਾਣ ਪੱਤਰ ਵਜੋਂ ਸਮਝਿਆ ਜਾਂਦਾ ਸੀ।

ਚਿਰਾਗ਼ ਦੀ ਪ੍ਰਕਾਸ਼ਨਾ ਸ਼ੁਰੂ ਕਰਨ ਵਿਚ ਉਸ ਦਾ ਮੋਢੀਆ ਵਾਲਾ ਰੋਲ ਸੀ ਤੇ ਉਸਨੂੰ ਆਖ਼ਰੀ ਸਾਹਾਂ ਤੀਕ ਇਸ ਦੀ ਫ਼ਿਕਰਮੰਦੀ ਰਹੀ।

ਪੈਪਸੂ ਦੀ ਮੁਜ਼ਾਰਾ ਲਹਿਰ ਵਿਚ ਨਿਰਭੈ ਹੋ ਕੇ ਵਿਚਰਿਆਂ ਤੇ ਬਾਅਦ ਵਿਚ ਫ਼ਿਰਕੂ ਕੱਟੜਪੰਥੀਆਂ ਦੀ ਚੜ੍ਹਤ ਦੇ ਵਰ੍ਹਿਆਂ ਵਿਚ ਉਸਨੇ ਕਦੇ ਕਿਸੇ ਦਾ ਭੈਅ ਅਨੁਭਵ ਨਹੀਂ ਸੀ ਕੀਤਾ।

ਉਹ ਸਾਡਾ ਨਿਧੜਕ ਜਰਨੈਲ ਸੀ, ਜਿਸ ਕੋਲ ਸੰਘਰਸ਼ਾਂ ਦਾ ਅਥਾਹ ਸਿਮ੍ਰਤੀ-ਸਰਮਾਇਆ ਸੀ। ਜਿਸਨੂੰ ਉਹ ਸਮੇਂ-ਸਮੇਂ ਕਲਮ ਬੰਦ ਕਰਦਾ ਰਹਿੰਦਾ ਸੀ।

ਅਸੀਂ ਚਿਰਾਗ਼ ਦੇ ਸੰਪਾਦਕੀ ਮੰਡਲ ਦੇ ਮੈਂਬਰ ਇਸ ਯੋਧੇ ਦੇ ਅਕਾਲ ਚਲਾਣੇ ਉੱਤੇ ਉਸਨੂੰ ਹਾਰਦਿਕ ਸ਼ਰਧਾਂਜਲੀ ਪੇਸ਼ ਕਰਦੇ, ਪਾਰਟੀ, ਸਾਹਿਤ-ਜਗਤ ਤੇ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਹਾਂ।

ਸੰਪਾਦਕੀ ਮੰਡਲ
ਚਿਰਾਗ਼ ਤ੍ਰੈ-ਮਾਸਕ





# ਅਫ਼ਜ਼ਲ ਅਹਿਸਨ ਰੰਧਾਵੇ ਨਾਲ ਗੱਲ ਕੱਥ

- ਮਲਿਕ

ਰੰਧਾਵਾ ਸਾਹਿਬ ਨਾਲ ਇਹ ਪੁੱਛ-ਦਸ ਗੌਰਮਿੰਟ ਕਾਲਜ ਮੀਆਂਵਾਲੀ ਦੇ ਪ੍ਰੋਫੈਸਰ ਮਲਿਕ ਨੇ ਆਪਣੀ ਕਿਸੇ ਕਿਤਾਬ ਲਈ ਖ਼ਤੋ-ਖ਼ਤੀ ਰਾਹੀਂ ਉਰਦੂ ਵਿਚ ਕੀਤੀ ਸੀ। ਕਿਤਾਬ ਛਪੀ ਕਿ ਨਾ ਰੰਧਾਵੇ ਹੁਰਾਂ ਨੂੰ ਕੋਈ ਪਤਾ ਨਹੀਂ। ਪ੍ਰੋਫੈਸਰ ਮਲਿਕ ਦਾ ਪੂਰਾ ਨਾਂ ਵੀ ਹੁਣ ਚੇਤੇ ਨਹੀਂ ਹੈ। ਰੱਬ ਸਬੱਬੀ ਨਕਲ ਸਾਂਭੀ ਪਈ ਸੀ। ਉਸੇ ਦਾ ਪੰਜਾਬੀ ਉਲੱਥਾ ਹੈ ਇਹ। ਪੰਚਮ ਇਹਨੂੰ ਵਰਤਾਂਦਿਆਂ ਰੰਧਾਵਾ ਸਾਹਿਬ ਤੇ ਪੁੱਛਿਆਰ ਦੋਵਾਂ ਦਾ ਸ਼ੁਕਰਗੁਜ਼ਾਰ ਏ। – ਪੰਚਮ

ਮਲਿਕ : ਅਦਬ ਨਾਲ ਤੁਹਾਡੀ ਵਾਕਫ਼ੀਅਤ ਕਦੋਂ ਤੇ ਕਿਸ ਤਰ੍ਹਾਂ ਹੋਈ?

ਰੰਧਾਵਾ : ਅਦਬ ਨਾਲ ਮੇਰਾ ਹਮੇਸ਼ ਦਾ ਜੋੜ ਤੇ ਖ਼ੌਰੇ ਮੇਰੇ ਜੰਮਣ ਤੋਂ ਬਹੁਤ ਪਹਿਲਾਂ ਕਿਧਰੇ ਲਿਖ ਦਿੱਤਾ ਗਿਆ ਸੀ। ਅਦਬ ਨਾਲ ਇਸ਼ਕ ਦੇ ਜਰਸੋਮੇ ਜੰਮਣ ਵੇਲੇ ਮੇਰੇ ਖ਼ੂਨ ਵਿਚ ਮੌਜੂਦ ਸਨ। ਭਾਵੇਂ ਮੇਰੇ ਮਾਪਿਆਂ ਤੇ ਤਿੰਨੇ ਵੱਡੇ ਭੈਣ ਭਰਾਵਾਂ ਵਿਚੋਂ ਕੋਈ ਵੀ ਨਫਾਬੀ ਅਦਬ ਤੋਂ ਅੱਡ ਅਦਬ ਦਾ ਸੰਜੀਦਾ ਤਾਲਬਇਲਮ ਨਹੀਂ ਸੀ। ਅਦਬ ਨਾਲ ਵਾਕਫ਼ੀਅਤ ਕਦੋਂ ਤੇ ਕਿਸ ਤਰ੍ਹਾਂ ਹੋਈ? ਇਹ ਸੋਚਣਾ ਪਵੇਗਾ। ਮੁੱਢਲੇ ਨਸਾਬੀ ਅਦਬ ਵਿਚ ਅਲਾਮਾ ਇਕਬਾਲ ਮੌਲਾਨਾ ਹਾਲੀ, ਖ਼ੁਸ਼ੀ ਮੁਹੰਮਦ ਨਾਜ਼ਰ ਦੀਆਂ ਨਜ਼ਮਾਂ ਅੰਗਰੇਜ਼ੀ ਦਰਸੀ ਕਿਤਾਬਾਂ ਵਿਚ ਵਰਡਜ਼ ਵਰਥ ਦੀ ਕੋਈ ਨਜ਼ਮ ਜਾਂ ਪਿਆਸਾ ਕਉਆ (Thirstry Crow), ਲਾਲਚੀ ਕੁੱਤਾ (Greedy Dog) ਕਿਸਮ ਦੀਆਂ ਕਹਾਣੀਆਂ ਫ਼ਾਰਸੀ ਵਿਚ ਸ਼ੇਖ ਸਾਅਦੀ ਦੀਆਂ ਸੌਖੀਆਂ ਤੇ ਸਬਕ ਆਮੋਜ਼ ਹਕਾਯਤਾਂ ਨਾਲ ਮੁਲਾਕਾਤ, ਅਦਬ ਨਾਲ ਮੁੱਢਲੀ ਵਾਕਫੀਅਤ ਜਾਂ ਪਹਿਲੀ ਜਾਣ-ਪਛਾਣ ਜਾਂ ਫਿਰ ਪਿੰਡ ਦੀ ਹਵੇਲੀ ਜਾਂ ਦਾਰੇ ਵਿਚ ਦੁਪਹਿਰਾਂ ਵੇਲੇ ਸਯਦ ਅਖ਼ਤਰ ਸ਼ਾਹ ਦੀ ਦਰਦ ਭਰੀ ਆਵਾਜ਼ ਵਿਚ 'ਹੀਰ ਵਾਰਿਸ ਸ਼ਾਹ' ਦੇ ਬੋਲਾਂ ਨਾਲ ਮੁਲਾਕਾਤਾਂ ... ਲ਼ਾਲਾ ਚੜ੍ਹਿਆ ਦੀ ਸ਼ੌਂਕ ਤੇ ਜ਼ੋਰ ਭਰੀ ਪਰ ਬੇਸੁਰੀ ਆਵਾਜ਼ ਵਿਚ ਇਕ ਪਾਟੀ ਪੁਰਾਣੀ ਕਿਤਾਬ ਚੋਂ ਮਿਰਜ਼ਾ ਸਾਹਿਬ ਦੀ ਦਾਸਤਾਨ ਸੁਣਨਾ ਤੇ ਉਹਦੇ ਵਿਚ ਰਹਿਣਾ... ਸਾਈਂ ਹਾਕਮ, ਕਬਰਸਤਾਨ ਵਿਚ ਰਹਿਣ ਵਾਲਾ ਸਿਆਹ ਪੋਸ਼ ਮਲੰਗ, ਜਿਹੜਾ ਐਨ ਸਿਖ਼ਰ ਦੁਪਹਿਰੀਂ ਸਾਵੀਂ ਪੀ ਕੇ ਤਪਦੀ ਰੇਤ, ਉਜਾੜ ਥਾਵਾਂ ਤੇ ਫਿਰਦਾ ਤੇ ਅਜਿਹੀ ਦਰਦ ਭਰੀ ਲੈਅ ਵਿਚ ਜੁਗਨੀ ਗਾਉਂਦਾ, ਪਈ ਦੁਪਹਿਰਾਂ ਵਿਚ ਸੜੇ ਬਲੇ, ਚੁੱਪ ਚਾਪ ਖ਼ਲੋਤੇ ਰੁੱਖ ਵੀ ਵਜਦ ਵਿਚ ਆ ਕੇ ਝੂਮਣ ਲੱਗਦੇ। 'ਜੁਗਨੀ ਉਹਦੇ ਮੂੰਹੋਂ ਫੱਬੇ, ਜਿਹਨੂੰ ਸੱਟ ਇਸ਼ਕ ਦੀ ਵੱਜੇ" ... 'ਜੁਗਨੀ', 'ਇਸ਼ਕ', 'ਸੱਟ' ਦਾ ਮਫ਼ਹੂਮ ਤੇ ਮਤਲਬ ਸਮਝਣ ਜਾਨਣ ਲਈ ਸਾਈਂ ਹਾਕਮ ਦੇ ਮਕਤਬ ਵਿਚ ਹਾਜਰੀ ਤੇ ਉਹਦੇ ਸਿੱਧੇ ਪੁੱਠੇ ਲੈਕਚਰਾਂ ਨਾਲ ਜਾਣ-ਪਛਾਣ... ਸਾਉਣ ਦੀਆਂ ਝੜੀਆਂ ਵਿਚ ਬਾਹਰ ਖੁੱਲੀਆਂ ਪੈਲੀਆਂ ਤੇ ਬੇਲੀਆਂ ਵਿਚ ਚਰਦੇ ਡੰਗਰਾਂ ਦੀਆਂ ਹੌਲੀ-ਹੌਲੀ ਵੱਜਦੀਆਂ ਟੱਲੀਆਂ ਤੇ ਘੁੰਗਰੂਆਂ ਦੀ ਮੌਸੀਕੀ ਦੇ ਨਾਲ ਪਾਲੀ ਮੁੰਡਿਆਂ ਦੀਆਂ ਤਗੜੀਆਂ ਤੇ ਸੋਹਣੀਆਂ ਆਵਾਜ਼ਾਂ ਵਿਚ ਬਾਲੋ ਮਾਹੀ ਦੇ ਟੱਪੇ ਤੇ ਬੋਲੀਆਂ ਦੇ ਅਜੀਬ ਜਿਹੇ ਪੁਰ ਅਸਰਾਰ ਸਵਾਦ ਤੋਂ ਵਾਕਫ਼ੀਅਤ ... ਰਾਤਾਂ ਦੇ ਚੁੱਪ ਸੰਨਾਟੇ ਵਿਚ ਕਿਸੇ ਵਿਆਹ ਵਾਲੇ ਘਰ ਤੋਂ ਢੋਲਕ ਦੇ ਨਾਲ ਗਾਉਂਦੀਆਂ ਕੁੜੀਆਂ ਦੇ

ਕੁਝ ਸਮਝ ਆਉਂਦੇ ਤੇ ਕੁਝ ਨਾ ਸਮਝ ਆਉਂਦੇ ਗਾਉਣਾ ਦੇ ਜਾਦੂ ਨਾਲ ਮਿਲਣੀਆਂ... ਵਿਆਹ ਸ਼ਾਦੀਆਂ ਦੇ ਜਸ਼ਨਾਂ ਵਿਚ ਮਾਣਕ ਪਿੰਡ ਦੇ ਰਾਗੀਆਂ ਨੂੰ ਦੁੱਲੇ ਭੱਟੀ ਤੇ ਵੀਰ ਜੋਧਾ ਦੀਆਂ ਵਾਰਾਂ ਗਾਉਂਦਿਆਂ ਸੁਣਨਾ ਤੇ ਉਨ੍ਹਾਂ ਵਿਚ ਅੱਧੀਆਂ ਆਖੀਆਂ ਕਹਾਣੀਆਂ ਨੂੰ ਪੂਰਾ ਫੜਨ ਦੇ ਸੌਦੇ ਨਾਲ ਯਾਰੀ, ਇਕ ਕਿਸਮ ਦੀ ਅਦਬ ਨਾਲ ਪਹਿਲੀ-ਪਹਿਲੀ ਵਾਕਫ਼ੀਅਤ, ਜਿਹੜੀ ਛੇਤੀ ਪੱਕੀ ਯਾਰੀ ਵਿਚ ਬਦਲਣ ਨੂੰ ਸੀ... ਜਾਂ ਫਿਰ ਆਪਣੇ ਚਰਚ ਮਿਸ਼ਨ ਹਾਈ ਸਕੂਲ ਨਾਰੋਵਾਲ ਦੀ ਨਿੱਕੀ ਜਿਹੀ ਲਾਇਬਰੇਰੀ ਜਿਹਦੇ ਵਿਚ ਸੋਹਣੀਆਂ ਜਿਲਦਾਂ ਵਿਚ ਬੰਦ ਕਿਤਾਬਾਂ ਫੋਲਣ ਦਾ ਇਤਫਾਕ, ਜਿਨ੍ਹਾਂ ਵਿਚੋਂ ਮੈਂ ਸਕੂਲ ਮੈਗਜ਼ੀਨ ਲਈ ਸਵਾਦ ਲੱਭਦਾ ਹੁੰਦਾ ਸਾਂ। ਕੁਝ ਰਸਾਲਿਆਂ / ਮੈਗਜ਼ੀਨਾਂ ਨੂੰ ਫਰੋਲਿਆ ਵੀ ਇਸੇ ਲਈ। ਇਹ ਵੀ ਅਦਬ ਨਾਲ ਪਹਿਲਾਂ ਤੁਆਰਫ਼ ਆਖਿਆ ਜਾ ਸਕਦਾ ਏ... ਜਾਂ ਫਿਰ ਵੱਡੀ ਬੈਠਕ ਦੀ ਲਹਿੰਦੀ ਕੰਧ ਵਿਚ ਲੱਗੀ ਲੱਕੜੀ ਦੀ ਵੱਡੀ ਅਲਮਾਰੀ, ਜਿਹਦੇ ਉਤਲੇ ਚਾਰ ਖਾਨੇ ਅੱਬਾ ਜੀ ਦੇ ਕੁਰਾਨ ਹਕੀਮ ਦੀਆਂ ਜਿਲਦਾਂ, ਤਫਸੀਰਾਂ ਦੇ ਹਦੀਸ਼ਾਂ ਦੀਆਂ ਕਿਤਾਬਾਂ ਨਾਲ ਭਰੇ ਹੋਏ ਸਨ ਪਰ ਸਭ ਤੋਂ ਹੇਠਲੇ ਖ਼ਾਨੇ ਵਿਚ ਕੁਝ ਦਰਜਨ ਕਿਤਾਬਾਂ ਜਿਨ੍ਹਾਂ ਵਿਚ ਅਲਫ਼ ਲੈਲਾ, ਮੌਲਵੀ ਗ਼ੁਲਾਮ ਰਸੂਲ ਦੀ ਯੂਸਫ਼ ਜੁਲੈਖਾ, ਜੰਗਨਾਮੇ, ਮਨਤਕ ਅਲਤੀਰ, ਸ਼ੇਖ ਸਾਅਦੀ ਦੀ ਗੁਲਸਤਾਨ ਤੇ ਬੋਸਤਾਨ ਸ਼ਾਮਲ ਸਨ, ਪਈਆਂ ਹੋਈਆਂ ਸਨ। ਜਿਨ੍ਹਾਂ ਵਿਚੋਂ ਅਲਫ ਲੈਲਾ ਮੈਂ ਬਹੁਤੀ ਵਾਰੀ ਕੱਢ ਕੇ ਚੋਰੀ ਛਿਪੇ ਪੜ੍ਹ ਲੈਂਦਾ ਸੀ ਕਿ ਉਨ੍ਹਾਂ ਦਿਨਾਂ 'ਚ ਸਕੂਲ ਦੇ ਨਸਾਬ ਤੋਂ ਅੱਡ ਹੋਰ ਕਿਤਾਬਾਂ ਪੜ੍ਹਨ ਤੋਂ ਅੱਬਾ ਜੀ ਹੁਰਾਂ ਮਨ੍ਹਾਂ ਕੀਤਾ ਹੋਇਆ ਸੀ। ਇਹ ਵੀ ਅਦਬ ਨਾਲ ਇਕ ਸਰਸਰੀ ਪਰ ਮੁੱਢਲੀ ਮੁਲਾਕਾਤ ਸਮਝੀ ਜਾ ਸਕਦੀ ਏ। ਇਹ 1950-52 ਦਾ ਦੌਰ ਅਦਬ ਨਾਲ ਪਹਿਲੀ ਵਾਕਫ਼ੀਅਤ ਤੇ ਅਦਬ ਤਾਈਂ ਅੱਪੜਨ ਦੇ ਰਾਹ ਦੀ ਨਿਸ਼ਾਨਦੇਹੀ ਦਾ ਦੌਰ ਅਖਵਾ ਸਕਦਾ ਏ। 1952 ਤੋਂ ਅੱਗੇ ਕਾਲਜ ਦਾ ਦੌਰ ਅਦਬ ਨਾਲ ਇਸ਼ਕ, ਇਹਨੂੰ ਜਾਨਣ ਤੇ ਲੱਭਣ ਦਾ ਦੌਰ ਏ। ਜਿੱਥੇ ਦੁਨੀਆਂ ਦੇ ਅਦਬ ਆਲੀਆ ਨਾਲ ਆਹਮਣੇ-ਸਾਹਮਣੇ ਮੁਲਾਕਾਤਾਂ ਤੁਰੀਆਂ ਜਿਹੜੀਆਂ ਹੁਣ ਤੀਕਰ ਜਾਰੀ ਨੇ।

ਮਲਿਕ : ਸਭ ਤੋਂ ਪਹਿਲੀ ਕਿਤਾਬ ਜਾਂ ਲਿਖਤ ਜਿਹਨੇ ਤੁਹਾਡਾ ਧਿਆਨ ਲਿਆ?

ਰੰਧਾਵਾ : ਕੁਝ ਮਜ਼ਹਬੀ ਕਾਇਦਿਆਂ, ਕੁਰਾਨ ਪਾਕ ਤੇ ਕੁਝ ਸਪਾਰਿਆਂ ਤੇ ਨਸਾਬੀ ਕਿਤਾਬਾਂ ਤੋਂ ਅੱਡ ਆਪਣੇ ਬਚਪਨ ਵਿਚ ਜਦੋਂ ਉਰਦੂ ਪੜ੍ਹਨ ਵਿਚ ਰਵਾਨੀ ਆ ਗਈ ਤੇ ਸਭ ਤੋਂ ਪਹਿਲਾਂ ਜਿਸ ਕਿਤਾਬ ਨੇ ਮੈਨੂੰ ਆਪਣੇ ਵੱਲ ਖਿੱਚਿਆ, ਉਹ ਅਲਫ਼ ਲੈਲਾ ਸੀ। ਇਕ ਸ਼ੌਕ ਜਿਹਦੇ ਵਿਚ ਬਚਪਨ ਤੋਂ ਲੈ ਕੇ ਹੁਣ ਤੀਕਰ ਘਾਟ ਨਹੀਂ ਆਈ, ਉਹ ਕਹਾਣੀ (ਗੱਲ) ਸੁਣਨ ਦਾ ਸ਼ੌਕ ਏ ਸਗੋਂ ਜੇ ਮੈਂ ਇਹ ਆਖਾਂ ਕਿ ਉਮਰ ਦੇ ਨਾਲ-ਨਾਲ ਇਸ ਸ਼ੌਕ ਵਿਚ ਵਾਧਾ ਹੋਇਆ ਏ ਤੇ ਜ਼ਰਾ ਜਿੰਨਾ ਵੀ ਝੂਠ ਨਹੀਂ ਹੋਵੇਗਾ। ਪਹਿਲਾਂ-ਪਹਿਲਾਂ ਮੈਂ ਆਪਣੀ ਨਾਨੀ, ਆਪਣੀ ਦਾਦੀ ਤੇ ਆਪਣੀ ਬੀਬੀ ਜੀ ਤੋਂ ਕਹਾਣੀਆਂ ਸੁਣਦਾ ਹੁੰਦਾ ਸੀ। ਇਨ੍ਹਾਂ ਵਿਚ ਹੱਡ-ਵਰਤੀਆਂ ਵੀ ਹੁੰਦੀਆਂ ਤੇ ਜੱਗ-ਵਰਤੀਆਂ ਵੀ। ਕਾਲਜ ਦੇ ਦਿਨਾਂ ਵਿਚ ਗੱਭਰੂਆਂ, ਦਲੇਰਾਂ, ਕਾਤਿਲਾਂ, ਚੋਰਾਂ ਤੇ ਡਾਕੂਆਂ ਨੂੰ ਲੱਭ-ਲੱਭ ਕੇ ਉਨ੍ਹਾਂ ਤੋਂ ਉਨ੍ਹਾਂ ਦੀਆਂ ਕਹਾਣੀਆਂ ਸੁਣਦਾ ਹੁੰਦਾ ਸੀ। ਹੁਣ ਕਦੇ-ਕਦੇ ਸੌਣ ਤੋਂ ਪਹਿਲਾਂ ਆਪਣੇ ਬੱਚਿਆਂ ਕੋਲੋਂ ਕਹਾਣੀਆਂ



ਸੁਣਦਾ ਹਾਂ। ਕਹਾਣੀ ਸੁਣਨ ਦੇ ਇਸ ਸ਼ੌਕ ਨੇ ਮੈਨੂੰ ਅਲਫ਼ ਲੈਲਾ ਨਾਲ ਬੰਨ੍ਹ ਦਿੱਤਾ ਜਿਹਦੇ ਤਾਈਂ ਬੀਬੀ ਜੀ ਮੇਰੀ ਉਂਗਲੀ ਫੜ ਕੇ ਮੈਨੂੰ ਲੈ ਗਈਆਂ। ਅਲਫ਼ ਲੈਲਾ ਦਾ ਜਿਹੜਾ ਨੁਕਤਾ ਅੱਬਾ ਜੀ ਦੀ ਮਲਕੀਅਤ ਸੀ ਤੇ ਉਨ੍ਹਾਂ ਦੀ ਕਿਤਾਬਾਂ ਵਾਲੀ ਅਲਮਾਰੀ ਵਿਚ ਆਖ਼ਰੀ ਖਾਨੇ ਵਿਚ ਪਿਆ ਹੋਇਆ ਸੀ। ਹਿੰਦੁਸਤਾਨ ਵਿਚ ਛਾਪਾਖਾਨਾ ਆਉਣ ਮਗਰੋਂ ਪਹਿਲਾ ਛਪਿਆ ਹੋਇਆ ਐਡੀਸ਼ਨ ਸੀ, ਜਿਹੜਾ ਪਹਿਲੀ ਵਾਰ ਉਰਦੂ ਵਿਚ ਤਰਜਮਾ ਹੋ ਕੇ ਛਪਿਆ। ਉਹਦੇ ਉੱਤੇ ਲਿਖਿਆ ਹੋਇਆ ਛਪਣ ਵਰ੍ਹਾ ਤੇ ਮੈਨੂੰ ਯਾਦ ਨਹੀਂ, ਪਰ ਉਹ ਕਿਤਾਬ ਹੁਣ ਮੇਰੇ ਕੋਲ ਨਹੀਂ ਹੈ। ਹਾਂ ਇਹ ਖਾਕੀ ਜਿਹੇ ਚੰਗੇ ਕਾਗਜ਼, ਆਲ੍ਹਾ ਕਿਤਾਬਤ ਤੇ ਹਾਸ਼ੀਏ ਦੇ ਨਾਲ ਸੋਹਣੀ ਛਪੀ ਹੋਈ ਜਹਾਜ਼ੀ ਸਾਈਜ਼ ਦੀ ਬਹੁਤ ਵੱਡੀ ਕਿਤਾਬ ਸੀ। ਇਹ ਕਿਤਾਬ 1974-75 ਤੱਕ ਮੇਰੇ ਕੋਲ ਰਹੀ, ਜਿਹੜੀ ਇਨ੍ਹਾਂ ਸਾਲਾਂ ਵਿਚ ਹੀ ਕੋਈ ਸਾਹਬੇ ਜੌਕ ਦੋਸਤ ਮੇਰੇ ਘਰੋਂ ਚੁੱਕ ਕੇ ਲੈ ਗਿਆ। ਮੈਨੂੰ ਯਾਦ ਨਹੀਂ ਕਿ ਅਲਫ਼ ਲੈਲਾ ਮੈਂ ਕਿੰਨੀ ਵਾਰ ਪੜ੍ਹੀ ਸ਼ਾਇਦ ਸੈਂਕੜਾਂ ਵਾਰ... ਸ਼ਾਇਦ ਹਜ਼ਾਰਾਂ ਵਾਰ।

ਮਲਿਕ : ਤੁਸੀਂ ਆਮ ਤੌਰ ਤੇ ਕਿਹੋ ਜਿਹੀਆਂ ਕਿਤਾਬਾਂ ਪੜ੍ਹਦੇ ਹੋ?

ਰੰਧਾਵਾ : ਆਮ ਤੌਰ ਤੇ ਮੈਂ ਹਰ ਕਿਸਮ ਦੀਆਂ ਕਿਤਾਬਾਂ ਪੜ੍ਹ ਲੈਂਦਾ ਹਾਂ। ਜਾਸੂਸੀ ਅਦਬ ਤੀਕਰ ਪੜ੍ਹ ਲੈਂਦਾ ਹਾਂ ਤੇ ਸਿਰਫ਼ ਮਗ਼ਰਬੀ ਜਾਸੂਸੀ ਅਦਬ ਹੀ ਨਹੀਂ ਸਗੋਂ ਉਰਦੂ ਵਿਚ ਲਿਖਿਆ ਇਬਨੇ ਸਫ਼ੀ ਵੀ ਸਾਰੇ ਦਾ ਸਾਰਾ ਪੜ੍ਹ ਚੁੱਕਿਆ ਹਾਂ। ਪੜ੍ਹਨਾ ਮੇਰੇ ਲਈ ਇਸ ਤਰ੍ਹਾਂ ਹੈ ਜਿਵੇਂ ਸਾਹ ਲੈਣਾ। ਦੁਨੀਆਂ ਦੇ ਮਜ਼ਹਬਾਂ, ਵੱਖ-ਵੱਖ ਓਮੱਦਪੁਰ ਤੇ ਉਨ੍ਹਾਂ ਦੀਆਂ ਤਾਰੀਖ਼ਾਂ ਵੀ ਮੇਰਾ ਮਨਭਾਉਂਦਾ ਮੌਜੋ ਹੈ। ਪੰਜਾਬ, ਇਹਦੀ ਤਾਰੀਖ਼ ਤੇ ਤਮੱਦਨ ਵੀ ਅਦਬ ਵਾਂਗੂੰ ਮੇਰਾ ਪਹਿਲਾਂ ਇਸ਼ਕ ਹੈ। ਖਾਸ ਕਰਕੇ ਜੇ ਪੜ੍ਹਨ ਦਾ ਪੁੱਛੋ ਤੇ ਫਿਰ ਅਦਬ ਨੰਬਰ ਇਕ ਤੇ ਆਵੇਗਾ। ਅਦਬ, ਆਲਮੀ ਅਦਬ ਮੇਰਾ ਪਹਿਲਾ ਇਸ਼ਕ ਹੈ। ਆਲਮੀ ਅਦਬ ਜਿਹੜਾ ਅੰਗਰੇਜ਼ੀ ਵਿਚ ਲਿਖਿਆ ਗਿਆ ਜਾਂ ਅੰਗਰੇਜ਼ੀ ਵਿਚ ਤਰਜਮਾ ਕੀਤਾ ਹੋਇਆ, ਫ਼ਾਰਸੀ ਜਾਂ ਉਰਦੂ ਵਿਚ ਤਰਜਮਾ ਹੋਇਆ, ਉਹ ਨਾਵਲ ਹੋਵੇ, ਕਹਾਣੀ ਹੋਵੇ ਜਾਂ ਸ਼ਾਇਰੀ ਹੋਵੇ। ਜੇ ਸਾਰੇ ਇੱਕਸਾਰ ਨੂੰ ਲਾਂਭੇ ਰੱਖਦਿਆਂ ਹੋਇਆ ਮੈਂ ਕੋਈ ਦਾਅਵਾ ਕਰ ਸਕਦਾ ਹਾਂ ਤੇ ਉਹ ਸਿਰਫ਼ ਇਹ ਕਿ ਮੈਂ ਸਿਰਫ਼ ਇਕ ਕੰਮ ਢੰਗ ਨਾਲ ਕਰਨਾ ਜਾਣਦਾ ਹਾਂ ਤੇ ਉਹ ਹੈ ਕਿਤਾਬ ਪੜ੍ਹਨਾ ਤੇ ਬਸ .... ਇਸ ਤੋਂ ਅੱਡ ਸਾਰੀ ਉਮਰ ਕੁਝ ਵੀ ਕਰਨ ਦਾ ਢੰਗ ਨਹੀਂ ਆਇਆ ਤੇ ਜੋ ਕੀਤਾ ਹੈ ਉਹ ਬੇਕਾਰ ਹੈ, ਹੇਜ ਹੈ।

ਮਲਿਕ : ਅੱਜਕੱਲ ਕੀ ਪੜ੍ਹ ਰਹੇ ਹੋ?

ਰੰਧਾਵਾ : ਅਜੇ ਕੱਲ ਹੀ ਮੈਂ ਗਾਬਰੀਅਲ ਗਾਰਸ਼ੀਆ ਮਾਰਕਵੇਜ਼ ਦੀ GLANDESTINE IN CHILE ਮੁਕਾਈ। ਇਹ ਦੋ ਦਿਨ ਦਾ ਨੁਸਖਾ ਸੀ। ਇਸ ਤੋਂ ਪਹਿਲਾਂ ਚਾਰ ਦਿਨਾਂ ਵਿਚ ਸ੍ਰੀ ਲੰਕਾ ਦੇ MICHAEL ONDAATJI ਦਾ ਮਸ਼ਹੂਰ ਨਾਵਲ IN THE SKIN OF A LION ਪੜ੍ਹਿਆ ਸੀ। ਇਸ ਹਫ਼ਤੇ ਦੀ ਤੀਜੀ ਕਿਤਾਬ ਐਮਿਨਸਟੀ ਇੰਟਰਨੈਸ਼ਨਲ ਦੀ ਰਿਪੋਰਟ KILLS STATE WHEN THE ਹੈ ਜਿਹੜੀ ਅੱਜ ਦੁਪਹਿਰੇ ਵੇਖ ਰਿਹਾ ਸਾਂ।

ਮਲਿਕ : ਤੁਹਾਡੀ ਜਾਤੀ ਲਾਇਬਰੇਰੀ ਜੇ ਹੈ ਤੇ ਉਹਦੇ ਵਿਚ ਕਿਤਾਬਾਂ ਦੀ ਤਾਅਦਾਦ ਕੀ ਹੈ?

ਰੰਧਾਵਾ : ਜੇ ਮੇਰੀ ਜਾਤੀ ਲਾਇਬਰੇਰੀ ਹੁੰਦੀ ਤਾਂ ਇਹਦੇ ਵਿਚ ਮੇਰੀਆਂ ਸਾਰੀਆਂ ਕਿਤਾਬਾਂ ਸਲਾਮਤ

ਹੁੰਦੀਆਂ ਤੇ ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਮੇਰੇ ਕੋਲ ਦਸ ਹਜ਼ਾਰ ਤੋਂ ਵੱਧ ਕਿਤਾਬਾਂ ਹੁੰਦੀਆਂ ਪਰ ਕੁਝ ਤੇ ਪੈਰ ਵਿਚ ਚੱਕਰ ਹੋਣ ਪਾਰੋਂ ਤੇ ਕੁਝ ਲਾਪ੍ਰਵਾਹ ਤਬੀਅਤ ਪਾਰੋਂ ਕੋਈ ਬਾਕਾਇਦਾ ਜਾਤੀ ਲਾਇਬਰੇਰੀ ਨਾ ਬਣ ਸਕੀ। ਕਿਤਾਬਾਂ ਖਰੀਦਣ ਦਾ ਤਾਲਬਇਲਮੀ ਦੇ ਜ਼ਮਾਨੇ ਤੋਂ ਚੱਲਿਆ ਆ ਰਿਹਾ ਏ ਤੇ ਜਦੋਂ ਕਿਤਾਬਾਂ ਵੀ ਬੜੀਆਂ ਸਸਤੀਆਂ ਤੇ ਜੇਬ ਖਰਚ ਵੀ ਖੁੱਲਾ ਸੀ। ਪਰ ਮੈਂ ਕਿਤਾਬਾਂ ਖਰੀਦ-ਖਰੀਦ ਕੇ ਜਮ੍ਹਾ ਕਰਦਾ ਰਹਿੰਦਾ ਹਾਂ ਤੇ ਸੱਜਣ-ਮਿੱਤਰ ਤਾਅਲਕ ਵਾਸਤੇ ਵਾਲੇ ਚੁੱਕ-ਚੁੱਕ ਕੇ ਲੈ ਜਾਂਦੇ ਨੇ। ਮੈਂ ਆਪੋਂ ਵੀ ਜਿਹੜੀ ਕਿਤਾਬ ਮੈਨੂੰ ਪਸੰਦ ਆਵੇ, ਚਾਹੁੰਦਾ ਹਾਂ ਕਿ ਬਾਜ਼ੌਕ ਦੋਸਤ ਵੀ ਪੜ੍ਹਨ। ਯਾਰਾਂ ਦੋਸਤਾਂ ਨੂੰ ਕਿਤਾਬਾਂ ਦਿੰਦਾ ਰਹਿੰਦਾ ਹਾਂ। ਕੁਝ ਆਪ ਵਾਪਿਸ ਨਹੀਂ ਕਰਦੇ, ਕੁਝ ਮੈਂ ਭੁੱਲ ਜਾਂਦਾ ਹਾਂ। ਪੰਜਾਬੀ ਉਰਦੂ ਦੀਆਂ ਚੋਖੀਆਂ ਕਿਤਾਬਾਂ ਮੈਂ ਆਪ ਲੋੜਵੰਦ ਤਾਲਬਇਲਮਾਂ ਨੂੰ ਦੇ ਦਿੰਦਾ ਹਾਂ। ਇਕ ਗੱਲ ਹੋਰ ਕਿ 1958 ਮਗਰੋਂ ਆਪਣਾ ਘਰ ਛੱਡ ਕੇ ਕੋਈ ਘਰ ਅਜਿਹਾ ਮਯੱਸਰ ਨਹੀਂ ਆਇਆ ਕਿ ਜਿਹਦੇ ਵਿਚ ਇਕ ਅੱਧਾ ਕਮਰਾ ਮੈਂ ਲਾਇਬਰੇਰੀ ਲਈ ਵਕਫ਼ ਕਰ ਸਕਾਂ। ਤਿੰਨ-ਚਾਰ ਬੁੱਕ ਸ਼ੈਲਫ ਬੈਠਣ ਵਾਲੇ ਕਮਰੇ ਵਿਚ ਹੈ ਨੇ ਜਿਹੜਾ ਲੋੜ ਵੇਲੇ ਬਾਹਰ ਦੇ ਪ੍ਰਾਹੁਣਿਆਂ ਲਈ ਸੌਣ ਦਾ ਕਮਰਾ ਬਣ ਜਾਂਦਾ ਏ। ਉਥੇ ਕਿਤਾਬ ਦੀ ਮਾਰਾ-ਮਾਰੀ ਬੜੀ ਸੌਖੀ ਏ, ਸਗੋਂ ਮੇਰੇ ਕੋਲ ਆਉਣ ਵਾਲੇ ਦੋ-ਤਿੰਨ ਯਾਰ ਜਦੋਂ ਦੋ-ਇਕ ਦਿਨ ਰਹਿ ਕੇ ਜਾਂਦੇ ਨੇ ਤੇ ਬਕਾਇਦਾ ਬੈਗ ਭਰ ਕੇ ਆਪਣੀ ਮਨਮਰਜ਼ੀ ਦੀਆਂ ਕਿਤਾਬਾਂ ਨਾਲ ਲੈ ਜਾਂਦੇ ਨੇ। ਮੈਂ ਉਨ੍ਹਾਂ ਖਾਲੀ ਹੁੰਦੇ ਹੋਏ ਬੁੱਕ ਸ਼ੈਲਫਾਂ ਨੂੰ ਭਰਦਾ ਬੁੱਢਾ ਹੋ ਗਿਆ ਹਾਂ। ਹੁਣ ਕੁਝ ਹੋਰ ਕਿਤਾਬਾਂ ਜਿਨ੍ਹਾਂ ਨੂੰ ਮੈਂ ਕਿਸੇ ਕੀਮਤ ਤੇ ਗਵਾਉਣਾ ਨਹੀਂ ਚਾਹੁੰਦਾ, ਮੇਰੇ ਸੌਣ ਵਾਲੇ ਕਮਰੇ ਵਿਚ ਮੇਰੀ ਮੰਜੀ ਦੇ ਨਾਲ ਪਈਆਂ ਹੋਈਆਂ ਨੇ। ਇਹ ਅਕਲ ਦਾ ਕੰਮ ਵੀ ਮੈਂ ਪਿਛਲੇ ਸਾਲ ਹੀ ਕੀਤਾ ਹੈ। ਹੁਣ ਜਿਹੜੀਆਂ ਕਿਤਾਬਾਂ ਮੈਂ ਆਪਣੇ ਸੌਣ ਵਾਲੇ ਕਮਰੇ ਵਿਚ ਆਪਣੇ ਸੀਨੇ ਨਾਲ ਲਾ ਕੇ ਰੱਖੀਆਂ ਹੋਈਆਂ ਨੇ, ਉਨ੍ਹਾਂ ਵਿਚ MENTOR PHILOSOPHERS ਦੀਆਂ ਛੇ ਕਿਤਾਬਾਂ ਦੀ ਸੀਰੀਜ਼ ਵਿਚੋਂ ਇਕ ਕਿਤਾਬ THE AGE OF ENLIGHTENMENT ਵੀ ਹੈ ਜਿਹਦੇ ਤੇ ਕੀਮਤ ਖਰੀਦ ਤਿੰਨ ਰੁਪਏ ਤੇ ਖਰੀਦਣ ਦਾ ਸਾਲ 1959 ਹੈ। ਇਸ ਸੈੱਟ ਦੀਆਂ ਬਾਕੀ ਪੰਜ ਕਿਤਾਬਾਂ THE AGE OF ADVENTURE, THE AGE OF DELIFE, THE AGE OF IDEALOGY, THE AGE OF REASON ਤੇ THE AGE OF ANALYSIS ਨੇ ਜਿਹੜੀਆਂ ਲੋੜਵੰਦ ਯਾਰ ਲੈ ਗਏ ਨੇ। ਇਕ ਕਿਤਾਬ ਜਿਹਦਾ ਉੱਤੇ ਜ਼ਿਕਰ ਹੈ ਮੈਂ ਸਾਂਭ ਲਈ ਹੈ ਕਿ ਚੋਰੀ ਨਾ ਹੋ ਜਾਵੇ। ਮੂਰਖ ਹੋਰ ਕਿਹਨੂੰ ਆਖਦੇ ਨੇ? ਹੁਣ ਵੀ ਮੇਰੇ ਕੋਲ ਦੋ-ਢਾਈ ਹਜ਼ਾਰ ਕਿਤਾਬਾਂ ਹੋਣਗੀਆਂ। ਆਈਸ਼ਾ ਦੀਆਂ ਸੈਂਕੜੇ ਕਿਤਾਬਾਂ ਇਸ ਤੋਂ ਅੱਡ ਨੇ, ਜਿਹੜੀਆਂ ਘਰ ਵਿਚ ਥਾਂ ਨਾ ਹੋਣ ਪਾਰੋਂ ਗੱਠੜੀਆਂ ਵਿਚ ਬੰਦ ਸਟੋਰ ਰੂਮ ਵਿਚ ਸਾਹ ਘੁੱਟੀਆਂ ਪਈਆਂ ਨੇ।

ਮਲਿਕ : ਅਦਬ ਦੀਆਂ ਸਿਨਫ਼ਾਂ ਦੇ ਹਿਸਾਬ ਨਾਲ ਕਿਤਾਬਾਂ ਦੀ ਤਾਅਦਾਦ?

ਰੰਧਾਵਾ : ਜਿਵੇਂ ਮੈਂ ਅਰਜ਼ ਕਰ ਚੁੱਕਿਆ ਹਾਂ ਕਿ ਅਦਬ ਮੇਰਾ ਪਹਿਲਾ ਇਸ਼ਕ ਹੈ, ਮੇਰੇ ਕੋਲ ਜਿਹੜੀਆਂ ਕਿਤਾਬਾਂ ਨੇ ਉਨ੍ਹਾਂ ਵਿਚ ਚੋਖੀਆਂ ਆਲਮੀ ਅਦਬ ਦੀਆਂ ਕਿਤਾਬਾਂ ਨੇ ਜਿਹੜੀਆਂ



ਅੰਗਰੇਜ਼ੀ ਜ਼ੁਬਾਨ ਵਿਚ ਨੇ। ਇਨ੍ਹਾਂ ਵਿਚ ਕਹਾਣੀ, ਨਾਵਲ, ਡਰਾਮਾ, ਸ਼ਾਇਰੀ ਹੈ, ਇਸ ਤੋਂ ਬਾਅਦ ਉਰਦੂ ਅਤੇ ਪੰਜਾਬੀ ਅਦਬ ਦੀਆਂ ਕਿਤਾਬਾਂ ਵੀ ਨੇ। ਇਨ੍ਹਾਂ ਵਿਚ ਸ਼ਾਇਰੀ, ਨਾਵਲ, ਕਹਾਣੀ ਤੇ ਫਿਰ ਵੱਖੋ-ਵੱਖ ਮਜ਼੍ਹਬਾਂ ਦੀਆਂ ਕਿਤਾਬਾਂ, ਫਿਰ ਪੰਜਾਬ ਦੀ ਤਾਰੀਖ, ਰਹਿਤਲ ਤੇ ਲੋਕ ਸ਼ਾਇਰੀ ਵਗ਼ੈਰਾ ਨੇ.

ਮਲਿਕ : ਕੁਝ ਅਜਿਹੀਆਂ ਕਿਤਾਬਾਂ ਦੇ ਨਾਂ ਜਿਹੜੀਆਂ ਤੁਸੀਂ ਖਰੀਦ ਕੇ ਪੜ੍ਹੀਆਂ?

ਰੰਧਾਵਾ : ਹਜ਼ਾਰਾਂ ਨਹੀਂ ਤੇ ਕਈ ਸੌ ਕਿਤਾਬਾਂ ਖਰੀਦ ਕੇ ਪੜ੍ਹੀਆਂ ਨੇ। ਹੁਣ ਕੀ ਬੁੱਕ ਸ਼ੈਲਫਾਂ ਦੇ ਸਾਹਮਣੇ ਬਹਿ ਕੇ ਇਨ੍ਹਾਂ ਦੇ ਨਾਵਾਂ ਦੀ ਫਹਰਿਸਤ ਬਣਾ ਕੇ ਕਾਗਜ਼ ਜ਼ਾਇਆ ਕਰਦਾ ਰਹਾਂ, ਬੇਕਾਰ ਗੱਲ ਏ।

ਮਲਿਕ : ਉਨ੍ਹਾਂ ਕਿਤਾਬਾਂ ਦੇ ਨਾਂ ਜਿਹੜੀਆਂ ਤੁਸੀਂ ਪੜ੍ਹਨਾ ਚਾਹੁੰਦੇ ਹੋ ਪਰ ਕਿਸੇ ਵਜ੍ਹਾ ਤੋਂ ਪੜ੍ਹ ਨਹੀਂ ਸਕੇ?

ਰੰਧਾਵਾ : ਉਨ੍ਹਾਂ ਸਾਰੀਆਂ ਕਿਤਾਬਾਂ ਦੇ ਨਾਂ ਜਿਹੜੀਆਂ ਮੈਂ ਪੜ੍ਹਨਾ ਚਾਹੁੰਦਾ ਹਾਂ, ਮੈਂ ਆਪ ਨਹੀਂ ਜਾਣਦਾ। ਦੁਨੀਆਂ ਦੇ ਹਰ ਮੁਲਕ ਵਿਚ ਜਿਹੜਾ ਅਦਬ ਲਿਖਿਆ ਗਿਆ ਹੈ, ਛਾਇਆ ਹੋਇਆ ਹੈ ਜਾਂ ਛਾਇਆ ਹੋਣ ਨੂੰ ਪਿਆ ਏ, ਉਹ ਸਾਰਾ ਮੈਂ ਪੜ੍ਹਨਾ ਚਾਹੁੰਦਾ ਹਾਂ। ਜਦੋਂ ਕਿ ਮੈਂ ਆਪ ਨਹੀਂ ਜਾਣਦਾ ਕਿ ਦੁਨੀਆਂ ਦੇ ਚੋਖੇ ਮੁਲਕਾਂ ਵਿਚ ਕੀ-ਕੀ ਲਿਖਿਆ ਗਿਆ ਏ, ਕੀ-ਕੀ ਛਾਇਆ ਹੋਇਆ ਹੈ? ਕੀ-ਕੀ ਛਾਇਆ ਹੋਣ ਨੂੰ ਪਿਆ ਹੈ? ਸਾਰਾ ਅਫ਼ਰੀਕੀ ਅਦਬ; ਸਾਰਾ ਏਸ਼ੀਆਈ ਅਦਬ, ਸਾਰਾ ਲਾਤੀਨੀ ਅਮਰੀਕੀ ਅਦਬ ਮੈਂ ਪੜ੍ਹਨ ਲਈ ਮੈਂ ਮਰਿਆ ਜਾ ਰਿਹਾ ਹਾਂ। ਜਿਨ੍ਹਾਂ ਦਾ ਪਤਾ ਨਾ ਹੋਵੇ, ਉਨ੍ਹਾਂ ਦੇ ਨਾਂ ਗਿਣਾਉਣਾ ਔਖਾ ਹੈ। ਜਿਹਦਾ ਪਤਾ ਨਹੀਂ ਉਹਨੂੰ ਜਾਨਣ ਦੀ ਤੜਪ ਕੀ ਇਕ ਇਨਸਾਨੀ ਸੱਧਰ ਨਹੀਂ? 'ਔਰ ਕਿਤਾਬ ਮਾਸ਼ੂਕ ਸੇ ਮਹਿੰਗੀ ਔਰ ਨਾਯਾਬ' (ਜੋ ਘੱਟ ਮਿਲੇ)।

ਮਲਿਕ : ਕੀ ਇਹ ਠੀਕ ਹੈ ਕਿ ਸਾਡੇ ਇਥੇ ਲਿਖਣ ਵਾਲੇ ਬਹੁਤੇ ਤੇ ਪੜ੍ਹਨ ਵਾਲੇ ਘੱਟ ਨੇ?

ਰੰਧਾਵਾ : ਖ਼ੈਰ ਅਜਿਹੀ ਵੀ ਗੱਲ ਨਹੀਂ ਹੈ।

ਮਲਿਕ : ਕੋਈ ਅਜਿਹੀ ਕਿਤਾਬ ਜਿਹਨੂੰ ਤੁਸਾਂ ਬਾਰ-ਬਾਰ ਪੜ੍ਹਿਆ ਹੋਵੇ?

ਰੰਧਾਵਾ : ਅਲਫ ਲੈਲਾ ਤੇ ਇਹਦੇ ਬਾਅਦ ਵਿਕਟਰ ਹਿਊਗੋ ਦਾ 'ਲਾ ਮਿਜ਼ਰੇਬਲ'

ਮਲਿਕ : ਲਿਖਣਾ ਕਦੋਂ ਸ਼ੁਰੂ ਕੀਤਾ ਤੇ ਕਿਉਂ? ਪਹਿਲੀ ਮਤਬੂਆ (ਛਪਿਆ ਹੋਇਆ) ਤਹਿਰੀਰ ਕੀ ਸੀ ਤੇ ਉਹ ਕਿਹੜੇ ਅਦਬੀ ਜਰੀਏ ਵਿਚ ਛਪੀ?

ਰੰਧਾਵਾ : 1951-1952 ਵਿਚਕਾਰ ਕਿਧਰੇ ਮੈਂ ਆਪਣੀ ਪਹਿਲੀ ਨਸਰੀ ਤੇ ਸ਼ਾਇਰੀ ਤਹਿਰੀਰ ਲਿਖੀ। ਕਿਉਂ ਦਾ ਜਵਾਬ ਸੌਖਾ ਹੈ। ਮੈਂ ਚਰਚ ਮਿਸ਼ਨ ਹਾਈ ਸਕੂਲ ਨਾਰੋਵਾਲ ਦੇ ਮੈਗਜ਼ੀਨ ਦੀ ਅਦਾਰਤ ਲਈ ਹੋਣ ਵਾਲੇ ਮੁਕਾਬਲੇ ਵਿਚ ਬੈਠਾ ਤੇ ਮਜ਼ਮੂਨ ਲਿਖਿਆ। ਇਸ ਮਜ਼ਮੂਨ ਨੂੰ ਅੱਵਲ ਠਹਿਰਾਇਆ ਗਿਆ ਤੇ ਮੈਨੂੰ ਸਕੂਲ ਮੈਗਜ਼ੀਨ ਦਾ ਐਡੀਟਰ ਬਣਾ ਦਿੱਤਾ ਗਿਆ। ਇਸੇ ਤਰ੍ਹਾਂ ਦਾ ਇਕ ਮੁਕਾਬਲਾ ਫਿਰ 1958 ਵਿਚ ਪੰਜਾਬ ਯੂਨੀਵਰਸਿਟੀ ਲਾਅ ਕਾਲਜ ਲਾਹੌਰ ਵਿਚ ਵੀ ਹੋਇਆ ਸੀ। ਜਿਹਦੇ ਵਿਚ ਮੇਰੇ ਮਜ਼ਮੂਨ ਨੂੰ ਅੱਵਲ ਠਹਿਰਾਇਆ ਤੇ ਮੈਨੂੰ 'ਅਲ ਮੀਜ਼ਾਨ' ਲਾਅ ਕਾਲਜ ਲਾਹੌਰ ਦੇ ਮੈਗਜ਼ੀਨ ਦੇ ਉਰਦੂ ਸੈਕਸ਼ਨ ਦਾ ਚੀਫ਼ ਐਡੀਟਰ ਬਣਾਇਆ ਜਾਣਾ ਸੀ। ਹੁਣ ਸਕੂਲ ਮੈਗਜ਼ੀਨ ਦਾ ਐਡੀਟਰ ਹੋਣ ਪਾਰੋਂ ਕੁਝ ਨਾ

ਕੁਝ ਮੈਂ ਵੀ ਮੈਗਜ਼ੀਨ ਵਿਚ ਲਿਖਣਾ ਸੀ। ਬਸ ਮੈਂ ਅਲਾਮਾ ਇਕਬਾਲ ਦੀ ਇਕ ਨਜ਼ਮ ਦੀ ਪੈਰੋਡੀ ਲਿਖ ਮਾਰੀ। ਜਿਹੜੀ ਸਕੂਲ ਮੈਗਜ਼ੀਨ ਵਿਚ ਸ਼ਾਮਲ ਹੋਈ। ਬਾਕਾਇਦਾ ਗ਼ਜ਼ਲ, ਨਜ਼ਮ ਜਾਂ ਕਹਾਣੀ ਕਾਲਜ ਮੈਗਜ਼ੀਨ ਵਿਚ ਸ਼ਾਇਆ ਹੋਈ।

ਮਲਿਕ : ਕੀ ਕਿਸੇ ਜਰੀਦੇ ਨੇ ਤੁਹਾਡੀ ਕੋਈ ਤਹਿਰੀਰ ਰੱਦ ਵੀ ਕੀਤੀ?

ਰੰਧਾਵਾ : ਸਕੂਲ ਮੈਗਜ਼ੀਨ ਵਾਲੀ ਨਜ਼ਮ ਤੇ ਮੁਹਤਰਮ ਨਿਗਰਾਮ ਨੂੰ ਇਤਰਾਜ਼ ਹੋਇਆ। ਇਹ ਸਾਡੇ ਫ਼ਾਰਸੀ ਤੇ ਉਰਦੂ ਦੇ ਉਸਤਾਦ ਸਨ ਤੇ ਮੌਲਵੀ ਸਾਹਿਬ ਅਖਵਾਉਂਦੇ ਸਨ। ਨਜ਼ਮ ਦੇ ਪਹਿਲੇ ਮਿਸਰੇ 'ਇਕ ਮੌਲਵੀ ਸਾਹਿਬ ਕੀ ਸੁਨਾਤਾ ਹੂੰ ਕਹਾਣੀ' ਤੇ ਹੀ ਭੜਕ ਉੱਠੇ। ਇਹ ਮਿਸਰਾ ਤੇ ਹਜ਼ਰਾਤ ਅਲਾਮਾ ਦਾ ਸੀ ਤੇ ਬਾਕੀ ਨਜ਼ਮ ਵਿਚ ਕੋਈ ਗੱਲ ਇਤਰਾਜ਼ ਵਾਲੀ ਨਹੀਂ ਸੀ। ਉਨ੍ਹਾਂ ਨੇ ਨਜ਼ਮ ਨੂੰ ਮੈਗਜ਼ੀਨ ਵਿਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ। ਨਜ਼ਮ ਦਾ ਵਜ਼ਨ ਤੇ ਮਿਆਰ ਵਗੈਰਾ ਠੀਕ ਸੀ ਤੇ ਫਿਰ ਮੈਂ ਮੈਗਜ਼ੀਨ ਦਾ ਐਡੀਟਰ ਵੀ ਸਾਂ। ਇਸ ਲਈ ਮੈਂ ਅੜ ਗਿਆ ਕਿ ਨਜ਼ਮ ਜ਼ਰੂਰ ਸ਼ਾਮਲ ਹੋਵੇਗੀ। ਮਾਮਲਾ ਹੈੱਡ ਮਾਸਟਰ ਸਾਹਿਬ ਤੱਕ ਗਿਆ। ਉਨ੍ਹਾਂ ਮੇਰੇ ਹੱਕ ਵਿਚ ਫੈਸਲਾ ਦਿੱਤਾ। ਨਜ਼ਮ ਮੈਗਜ਼ੀਨ ਵਿਚ ਸ਼ਾਮਲ ਹੋਈ। ਇਹ ਸੈਂਸਰ ਨਾਲ ਮੇਰਾ ਪਹਿਲਾ ਟਕਰਾ ਸੀ। ਫਿਰ ਸਾਰੀ ਉਮਰ ਇਹ ਟਕਰਾ ਚੱਲਦਾ ਰਹਿਣਾ ਸੀ। ਇਸ ਲਈ ਕਿ ਮੈਂ ਸਰਕਾਰੀ ਐਸਟੈਬਲਿਸ਼ਮੈਂਟ ਦੇ ਅਦੀਬਾਂ ਸ਼ਾਇਰਾਂ ਲਈ ਬਣਾਏ ਹੋਏ ਨਾ ਵਿਖਾਈ ਦੇਣ ਵਾਲੇ ਦਾਇਰਿਆਂ ਅੰਦਰ ਰਹਿ ਕੇ ਨਹੀਂ ਲਿਖਦਾ। ਆਜ਼ਾਦ ਇਨਸਾਨ ਹਾਂ ਤੇ ਇਕ ਆਜ਼ਾਦ ਇਨਸਾਨ ਵਾਂਗੂੰ ਲਿਖਦਾ ਹਾਂ। ਕੋਈ ਵੀ ਸਰਕਾਰੀ ਐਸਟੈਬਲਿਸ਼ਮੈਂਟ ਮੇਰੀਆਂ ਤਹਿਰੀਰਾਂ ਤੋਂ ਖ਼ੁਸ਼ ਨਹੀਂ ਰਹਿੰਦੀ। ਲਿਹਾਜ਼ਾ ਉਹ ਰਸਾਲੇ ਖਰੀਦੇ ਜਿਨ੍ਹਾਂ ਸਰਕਾਰ ਦੀ ਲਾਈਨ ਟੂ ਕਰਨੀ ਹੁੰਦੀ ਹੈ ਉਨ੍ਹਾਂ ਸ਼ੌਰੇ ਮੇਰੀ ਕੋਈ ਇੱਕ ਅੱਧ ਤਹਿਰੀਰ ਸ਼ਾਏ ਕਰਨ ਤੋਂ ਮਾਜਰਤ (ਉਜਰ) ਕਰ ਲਈ ਹੋਵੇ। ਤਹਿਰੀਰ ਰੱਦ ਕਰਨ ਵਾਲੀ ਗੱਲ ਸਿਆਸੀ ਹੋ ਸਕਦੀ ਹੈ। ਨਹੀਂ ਤੇ ਅਜਿਹੀ ਤਹਿਰੀਰ ਲਿਖੀ ਹੀ ਕਿਉਂ ਜਾਵੇ ਜਿਹੜੀ ਕੋਈ ਰੱਦ ਕਰੇ। ਤੇ ਜੇ ਤਹਿਰੀਰ ਰੱਦ ਹੀ ਹੋਣੀ ਹੋਵੇ ਤੇ ਫਿਰ ਲਿਖਣ ਤੋਂ ਤਾਇਬ (ਤੋਬਾ ਕਰਕੇ) ਹੋ ਕੇ ਕੱਪੜਾ ਜਾਂ ਘਿਉ ਵੇਚਣਾ ਚਾਹੀਦਾ ਹੈ। ਮੇਰੇ ਮਾਮਲੇ ਵਿਚ ਰੱਬ ਦੇ ਫਜ਼ਲ ਨਾਲ ਮੇਰੀਆਂ ਲੰਮੀਆਂ ਗ਼ੈਰ-ਹਾਜ਼ਰੀਆਂ ਪਾਰੋਂ ਐਡੀਟਰ ਹਜ਼ਰਾਤ ਰਿਜ ਤਾਹੀਂ ਹੋ ਜਾਂਦੇ ਨੇ। ਮੈਂ ਲਿਖਦਾ ਹੀ ਘੱਟ ਹਾਂ। ਕੀ ਤੁਸੀਂ ਯਕੀਨ ਕਰੋਗੇ ਕਿ ਭਾਰਤੀ ਪੰਜਾਬ ਦੇ ਕਈ ਰਸਾਲੇ ਤੇ ਆਪਣੇ ਇਥੇ ਦੇ ਚਾਰ-ਪੰਜ ਪੰਜਾਬੀ ਰਸਾਲਿਆਂ ਦੀ ਨਵੀਂ ਕਹਾਣੀ ਦੀਆਂ ਅਣਗਿਣਤ ਫਰਮਾਇਸ਼ਾਂ ਹੁੰਦਿਆਂ ਹੋਇਆਂ ਮੈਂ ਪੰਜ ਸਾਲ ਕਹਾਣੀ ਨਹੀਂ ਲਿਖੀ।

ਮਲਿਕ : ਕੀ ਤੁਸੀਂ ਬਾਕਾਇਦਗੀ ਨਾਲ ਰੋਜ਼ ਲਿਖਦੇ ਹੋ?

ਰੰਧਾਵਾ : ਮੈਂ ਬਾਕਾਇਦਗੀ ਨਾਲ ਰੋਜ਼ ਲਿਖਣ ਦਾ ਸੋਚ ਵੀ ਨਹੀਂ ਸਕਦਾ। ਬਾਕਾਇਦਗੀ ਨਾਲ ਪੜ੍ਹਦਾ ਜ਼ਰੂਰ ਹਾਂ। ਬਗ਼ੈਰ ਪੜ੍ਹਨੋਂ ਮੈਂ ਸੌਂ ਹੀ ਨਹੀਂ ਸਕਦਾ।

ਮਲਿਕ : ਕੀ ਤੁਸੀਂ ਆਪਣੇ ਕੰਮ ਦੀ ਰਫ਼ਤਾਰ ਤੇ ਮਿਆਰ ਤੋਂ ਮੁਤਮਈਅਨ ਹੋ?

ਰੰਧਾਵਾ : ਮੈਂ ਆਪਣੇ ਕੰਮ ਦੀ ਰਫ਼ਤਾਰ ਤੋਂ ਬਿਲਕੁਲ ਮੁਤਮਈਅਨ (ਸੰਤੁਸ਼ਟ) ਨਹੀਂ ਪਰ ਮਿਆਰ ਤਸੱਲੀ ਦਿੰਦਾ ਹੈ। ਹਾਂ ਪਰ ਇਸ ਵਿਚ ਹੋਰ ਬਿਹਤਰੀ ਦੇ ਅਮਕਾਨ ਲੱਭਦਾ ਰਹਿੰਦਾ ਹਾਂ। ਘੱਟ ਲਿਖਣ ਦੀ ਇਕ ਵਜ੍ਹਾ ਇਹ ਵੀ ਹੈ।



ਮਲਿਕ : ਬਾਕਾਇਦਾ ਲਿਖਣ ਦੇ ਰਾਹ ਵਿਚ ਕਿਹੜੀਆਂ-ਕਿਹੜੀਆਂ ਔਕੜਾਂ ਨੇ?

ਰੰਧਾਵਾ : ਬਾਕਾਇਦਾ ਲਿਖਣ ਦੇ ਰਾਹ ਵਿਚ ਰੁਕਾਵਟ ਮੈਂ ਆਪ ਹਾਂ। ਬਾਕਾਇਦਾ ਲਿਖਣ ਦੀ ਮਜਬੂਰੀ ਦਫ਼ਤਰੀ, ਸਹਾਫ਼ਤੀ ਜਾਂ ਮਸ਼ੀਨੀ ਕਿਸਮ ਦੀ ਮਜਬੂਰੀ ਹੈ। ਤਖ਼ਲੀਕੀ ਅਮਲ ਦਫ਼ਤਰੀ, ਸਹਾਫ਼ਤੀ ਜਾਂ ਮਸ਼ੀਨੀ ਅਮਲ ਨਹੀਂ।

ਮਲਿਕ : ਤੁਹਾਡੇ ਰੋਜ਼ਗਾਰ ਦਾ ਤੁਹਾਡੀਆਂ ਤਖ਼ਲੀਕੀ ਸਰਗਰਮੀਆਂ ਉੱਤੇ ਅਸਰ?

ਰੰਧਾਵਾ : ਸਾਡੇ ਇਥੇ ਤੇ ਤਖ਼ਲੀਕੀ ਸਰਗਰਮੀਆਂ ਹੀ ਰਿਜ਼ਕ ਦੀ ਭਾਲ ਦੁਆਲੇ ਘੁੰਮਦੀਆਂ ਨੇ ਤੇ ਕਮਰਸ਼ਿਅਲ ਰਾਈਟਰ ਵੀ ਮੈਂ ਕਦੀ ਨਹੀਂ ਬਣਨਾ ਚਾਹੁੰਦਾ। ਮੁਸਤਫ਼ਾ ਜੈਦੀ ਨੇ ਕਿਧਰੇ ਆਖਿਆ ਸੀ -

ਇਕ ਪੈਸਾ ਇਸ਼ਕ ਥਾ ਸੋ ਇਵਜ਼ ਮਾਂਗ ਮਾਂਗ ਕਰ
ਬਦਨਾਮ ਕਰ ਗਈ ਹੈ ਸੌਦਾਗਰੋਂ ਕੀ ਜਾਤ।

ਮੇਰੇ ਤਖ਼ਲੀਕੀ ਕੰਮ ਉੱਤੇ ਮੇਰੇ ਰੋਜ਼ਗਾਰ ਦਾ ਕੋਈ ਅਸਰ ਨਹੀਂ ਹੁੰਦਾ। ਨਾ ਮਸ਼ਬਤ ਤੌਰ ਤੇ ਨਾ ਮਨਫ਼ੀ ਤੌਰ ਤੇ।

ਮਲਿਕ : ਕੀ ਜਜ਼ਬਾਤੀ ਸਕੂਨ ਤਖ਼ਲੀਕੀ ਕੰਮ ਲਈ ਸ਼ਰਤ ਹੈ?

ਰੰਧਾਵਾ : ਜਜ਼ਬਾਤੀ ਸਕੂਨ ਤਖ਼ਲੀਕ ਮੁਆਵਿਨ (ਸਹਾਇਕ) ਤੇ ਮਦਦਗਾਰ ਤੇ ਹੈ, ਸ਼ਰਤ ਨਹੀਂ। ਦੁਨੀਆਂ ਦੀਆਂ ਅਕਸਰ ਵੱਡੀਆਂ ਤਖ਼ਲੀਕਾਂ ਜਜ਼ਬਾਤੀ ਸਕੂਲ ਦੀ ਥਾਂ ਜਜ਼ਬਾਤੀ ਜਵਾਰਭਾਟੇ ਤੋਂ ਜੰਮੀਆਂ ਨੇ।

ਮਲਿਕ : ਤੇ ਮਆਸ਼ੀ ਖ਼ੁਸ਼ਹਾਲੀ?

ਰੰਧਾਵਾ : ਮਆਸ਼ੀ ਖ਼ੁਸ਼ਹਾਲੀ ਬਸ ਐਨੀ ਕਿ ਅਦੀਬ ਸ਼ਾਇਰ ਨੂੰ ਕੁੱਲੀ, ਜੁੱਲੀ ਤੇ ਗੁੱਲੀ (ਮਕਾਨ, ਕੱਪੜਾ, ਰੋਟੀ) ਇੱਜ਼ਤ ਨਾਲ ਪਿਆ ਲੱਭੇ ਤੇ ਇਹ ਇਕ ਮਜ਼ੂਬ (ਸਭਿਆ) ਹਕੂਮਤ ਦੀ ਜ਼ਿੰਮੇਵਾਰੀ ਹੈ ਤੇ ਲੱਭਣਾ ਚਾਹੀਦਾ ਹੈ। ਦੁਨੀਆਂ ਦਾ ਚੋਖਾ ਅਦਬ ਅਦੀਬ ਦੀ ਮਆਸ਼ੀ ਖ਼ੁਸ਼ਹਾਲੀ ਦੀ ਥਾਂ ਮਆਸ਼ੀ ਬਦਹਾਲੀ ਤੋਂ ਨਿਕਲਿਆ ਹੈ।

ਮਲਿਕ : ਕੀ ਕੋਈ ਅਜਿਹੀ ਤਹਿਰੀਰ ਵੀ ਹੈ ਜਿਹਨੂੰ ਤੁਸੀਂ ਕੋਸ਼ਿਸ਼ ਕਰਕੇ ਵੀ ਮੁਕੰਮਲ ਨਾ ਕਰ ਸਕੇ?

ਰੰਧਾਵਾ : ਮੇਰਾ ਚੌਥਾ ਨਾਵਲ 'ਪੰਧ' ਜਿਹੜਾ ਮੈਂ 1981-1984 ਦੇ ਵਿਚਕਾਰ ਲਿਖ ਰਿਹਾ ਸਾਂ ਤੇ ਉਨ੍ਹਾਂ ਸਾਲਾਂ ਵਿਚ ਹੀ ਇਹ ਕਿਸ਼ਤਵਾਰ ਮਹੀਨਾਵਾਰ 'ਲਹਿਰਾਂ' ਲਾਹੌਰ ਵਿਚ ਛਪ ਰਿਹਾ ਸੀ, ਤਕਰੀਬਨ ਚੌਥਾ ਹਿੱਸਾ ਲਿਖਣ ਵਾਲਾ ਸੀ ਕਿ ਲਿਖਣ ਦਾ ਸਿਲਸਿਲਾ ਟੁੱਟ ਗਿਆ। ਹੁਣ ਤੱਕ ਮੁਕੰਮਲ ਨਹੀਂ ਹੋ ਸਕਿਆ। ਤਿੰਨ-ਚਾਰ ਵਾਰ ਕੋਸ਼ਿਸ਼ ਕੀਤੀ ਕਿ ਜਿਥੋਂ ਸਿਲਸਿਲਾ ਟੁੱਟਿਆ ਸੀ ਉਥੋਂ ਹੀ ਧਾਗਾ ਹੱਥ ਆ ਜਾਵੇ, ਪਰ ਨਹੀਂ। ਇਕ ਵਾਰ ਤੇ ਸੱਤਰ, ਅੱਸੀ ਵਰਕੇ ਲਿਖੇ ਪਰ ਫਿਰ ਪਾੜ ਦਿੱਤੇ। ਇਹ ਨਾਵਲ ਹਾਲੇ ਵੀ ਮੁਕੰਮਲ ਹੋਣ ਜੋਗਾ ਹੈ।

ਮਲਿਕ : ਕੋਈ ਅਜਿਹੀ ਤਹਿਰੀਰ ਜਿਹਦੇ ਦੌਰਾਨ ਤੁਹਾਡੀ ਜ਼ਿੰਦਗੀ ਦਾ ਕੋਈ ਅਹਿਮ ਵਾਕਿਆ ਹੋਇਆ ਹੋਵੇ?

ਰੰਧਾਵਾ : 2 ਫਰਵਰੀ 1984 ਦੀ ਸ਼ਾਮ ਜਦੋਂ ਅੱਬਾ ਜੀ ਇਕ ਦੋ ਦਿਨ ਬਿਮਾਰ ਰਹਿਣ ਮਗਰੋਂ ਸਾਨੂੰ ਛੱਡ ਕੇ ਅੱਲਾ ਮੀਆਂ ਕੋਲ ਤੁਰ ਗਏ। ਅੱਲਾ ਉਨ੍ਹਾਂ ਨੂੰ ਆਪਣੀ ਨੇੜਤਾ ਤੇ ਆਪਣੀਆਂ ਰਹਿਮਤਾਂ ਨਾਲ ਨਿਵਾਜ਼ੇ। ਮੈਂ ਆਪਣਾ ਇਕ ਅਹਿਮ ਨਾਵਲ 'ਸੂਰਜ ਗ੍ਰਹਿਣ' ਮੁਕੰਮਲ

ਕਰਕੇ 'ਪੰਧ' ਤੇ ਕੰਮ ਕਰ ਰਿਹਾ ਸਾਂ ਜਦੋਂ ਆਸਮਾਨ ਮੇਰੇ ਸਿਰ ਤੋਂ ਖੋਹ ਲਿਆ ਗਿਆ। ਉਥੋਂ ਹੀ 'ਪੰਧ' ਲਿਖਣ ਦਾ ਸਿਲਸਿਲਾ ਟੁੱਟਿਆ ਸੀ।

ਮਲਿਕ : ਕੀ ਤੁਹਾਡੀਆਂ ਤਹਿਰੀਰਾਂ ਤੁਹਾਡੀ ਸ਼ਖ਼ਸੀਅਤ ਦਾ ਪਤਾ ਦਿੰਦੀਆਂ ਨੇ?

ਰੰਧਾਵਾ : ਮੇਰੀਆਂ ਤਹਿਰੀਰਾਂ ਮੇਰੀ ਸ਼ਖ਼ਸੀਅਤ ਦਾ ਪਤਾ ਦਿੰਦੀਆਂ ਜਾਂ ਨਹੀਂ ਇਸਦਾ ਫੈਸਲਾ ਕਾਰੀ (ਪਾਠਕ) ਨੂੰ ਕਰਨਾ ਚਾਹੀਦਾ ਹੈ, ਮੈਨੂੰ ਨਹੀਂ। ਮੈਨੂੰ ਤੇ ਬੱਸ ਇਹ ਆਖਣਾ ਚਾਹੀਦਾ ਹੈ ਕਿ ਕਿਸੇ ਅਦੀਬ ਸ਼ਾਇਰ ਦੀਆਂ ਤਖ਼ਲੀਕਾਂ ਤੋਂ ਉਹਦੀ ਸ਼ਖ਼ਸੀਅਤ ਦਾ ਪਤਾ ਜ਼ਰੂਰ ਚੱਲਦਾ ਏ।

ਮਲਿਕ : ਕੀ ਤੁਸੀਂ ਲਿਖਣ ਲਈ ਕੋਈ ਖ਼ਾਸ ਵੇਲਾ ਜਾਂ ਥਾਂ ਮਿੱਥੀ ਹੋਈ ਹੈ?

ਰੰਧਾਵਾ : ਮੈਂ ਆਪਣੇ ਕਮਰੇ ਵਿਚ ਆਪਣੀ ਮੰਜੀ ਤੇ ਚੌਂਕੜੀ ਮਾਰ ਕੇ ਬਹਿੰਦਾ ਹਾਂ, ਅੱਗੇ ਆਪਣੇ ਮੈਂ ਸਿਰਹਾਣਾ ਰੱਖਦਾ ਹਾਂ। ਉਹਨਾਂ ਤੇ ਕਾਗਜ਼ ਰੱਖ ਕੇ ਰਾਤੀਂ ਗਿਆਰਾਂ ਵਜੇ ਤੋਂ ਸੁਬ੍ਹਾ ਚਾਰ ਵਜੇ ਤਾਈਂ ਲਿਖਦਾ ਹਾਂ। ਮੈਂ ਕੁਰਸੀ ਮੇਜ਼ ਤੇ ਬਹਿ ਕੇ ਨਹੀਂ ਲਿਖ ਸਕਦਾ, ਖ਼ਤ ਵੀ ਨਹੀਂ ਕਿ ਮੈਂ ਕੁਰਸੀ ਮੇਜ਼ ਦਾ ਬੰਦਾ ਨਹੀਂ ਹਾਂ। ਚਾਰ ਸਾਲ ਪਹਿਲਾਂ ਆਇਸ਼ਾ ਨੇ ਮੇਰੇ ਜਨਮ ਦਿਹਾੜੇ ਤੇ ਮੈਨੂੰ ਇਕ ਬੜਾ ਵਧੀਆ ਰਾਈਟਿੰਗ ਡੈਸਕ ਤੋਹਫ਼ੇ ਵਿਚ ਦਿੱਤਾ। ਫਿਰ ਧੱਕੋ-ਧੱਕੀਂ ਇਹਨੂੰ ਮੇਰੇ ਨਿੱਕੇ ਜਿਹੇ ਨੱਕੋ-ਨੱਕ ਭਰੇ ਹੋਏ ਕਮਰੇ ਵਿਚ ਰਖਵਾ ਵੀ ਦਿੱਤਾ। ਇਹਦੇ 'ਤੇ ਇਹ ਆਲਾ ਦਰਜ਼ੇ ਦਾ ਟੇਬਲ ਲੈਂਪ ਤੇ ਹੋਰ ਸ਼ੈਆਂ ਰੱਖੀਆਂ। ਮੇਰਾ ਦਿਲ ਵੀ ਕੀਤਾ ਕਿ ਆਇਸ਼ਾ ਦੀ ਖਾਹਿਸ਼ ਤੇ ਡਾਕਟਰ ਦੇ ਹੁਕਮ ਪਾਰੋਂ ਟੇਬਲ ਲੈਂਪ ਦੇ ਚਾਨਣ ਵਿਚ ਕੁਝ ਲਿਖਾਂ, ਪਰ ਹੋ ਨਾ ਸਕਿਆ। ਲਿਖਣਾ ਤਾਂ ਦੂਰ ਦੀ ਗੱਲ ਹੈ ਮੈਂ ਤੇ ਕੁਰਸੀ ਤੇ ਬਹਿ ਕੇ ਖ਼ੁਸ਼ਦਿਲੀ ਨਾਲ ਪੜ੍ਹ ਵੀ ਨਹੀਂ ਸਕਦਾ। ਪੜ੍ਹ ਤੇ ਮੈਂ ਮੰਜੀ ਤੇ ਬਹਿ ਕੇ ਵੀ ਨਹੀਂ ਸਕਦਾ, ਪੜ੍ਹਦਾ ਤੇ ਮੈਂ ਮੰਜੀ ਤੇ ਲੇਟ ਕੇ ਹਾਂ। ਕੁਝ ਅਜਿਹਾ ਹੀ ਮਾਮਲਾ ਦਿਨ ਨੂੰ ਕੰਮ ਕਰਨ ਦਾ ਵੀ ਹੈ। ਮੈਂ ਦਿਨ ਨੂੰ ਕੰਮ ਨਹੀਂ ਕਰ ਸਕਦਾ। ਹਾਂ ਦਿਨ ਚੜ੍ਹੇ ਤਾਈਂ ਕੰਮ ਕਰਦਾ ਰਹਿ ਸਕਦਾ ਹਾਂ। ਕਦੇ ਕੋਈ ਇਕ ਅਧ ਨਜ਼ਮ, ਦੋ-ਚਾਰ ਗ਼ਜ਼ਲਾਂ ਜਾਂ ਦੋ ਇਕ ਕਹਾਣੀਆਂ ਜੇ ਦਿਨ ਵਿਚ ਲਿਖ ਲਈਆਂ ਹੋਣ ਤਾਂ ਮੈਂ ਆਖ ਨਹੀਂ ਸਕਦਾ। ਯਾਦ ਕਰਨਾ ਆਂ ਤਾਂ ਮੈਂ ਆਪਣੀ ਪਹਿਲੀ ਨਜ਼ਮ 1951 ਵਿਚ ਆਪਣੇ ਪਿੰਡ ਵਿਚ ਆਪਣੀ ਹਵੇਲੀ ਤੇ ਆਪਣੇ ਘਰ ਦੇ ਵਿਚਕਾਰ ਖਲੋਤੇ ਆਪਣੇ ਗੱਡੇ ਤੇ ਬਹਿ ਕੇ ਸੋਚੀਂ ਤੇ ਲਿਖੀ ਸੀ। ਉਹ ਮੰਜ਼ਰ ਅੱਜ ਵੀ ਮੇਰੀਆਂ ਅੱਖਾਂ ਵਿਚ ਜ਼ਿੰਦਾ ਹੈ। ਗਰਮੀਆਂ ਦੀ ਸ਼ਾਮ ਦੇ ਮਾਲਟੇ ਰੰਗ ਦਾ ਸੂਰਜ ਲਹਿੰਦੇ ਵਿਚ ਪੰਡੋਰੀ ਪਿੰਡ ਦੇ ਕੋਲ ਵਾਲੀ ਥੇਹ ਤੇ ਉੱਗੀਆਂ ਹੋਈਆਂ ਖਜੂਰਾਂ ਦੇ ਵਿਚਕਾਰੋਂ ਜੱਸੜ ਮਕਾਨਾਂ ਤੇ ਨਿਓਂ ਰਿਹਾ ਸੀ, ਚੜ੍ਹਦੇ ਵਿਚ ਦਰਬਾਰ ਸਾਹਿਬ ਕਰਤਾਰਪੁਰ ਦਾ ਚਿੱਟਾ ਗੁਬੰਦ ਤੇ ਸੁਨਹਿਰੀ ਕਲਸ ਸੁਰਖ਼ਰੂ ਹੋ ਕੇ ਲਿਸ਼ਕ ਰਿਹਾ ਸੀ ਤੇ ਮੇਰੇ ਸਾਹਮਣੇ ਦੂਰ ਤਾਈਂ ਖਿਲਰੀਆਂ ਹੋਈਆਂ ਕਮਾਦ, ਜਵਾਰ ਤੇ ਕਣਕ ਦੀਆਂ ਪੈਲੀਆਂ ਗੂੜ੍ਹੀਆਂ ਹਰੀਆਂ ਹੋ ਰਹੀਆਂ ਸਨ। ਉਸ ਵੇਲੇ ਮੈਂ ਗੱਡੇ ਤੇ ਬਹਿ ਕੇ ਰਿਆਜ਼ੀ (ਇਕ ਕਿਸਮ ਦੀ ਪੜ੍ਹਾਈ) ਦੀ ਆਪਣੀ ਕਾਪੀ ਦੇ ਇਕ ਵਰਕੇ ਤੇ ਉਸ ਨਜ਼ਮ ਦੇ ਸੱਤ-ਅੱਠ ਸ਼ਿਅਰ ਲਿਖੇ ਸਨ। ਜ਼ਿੰਦਗੀ ਵਿਚ ਅਜਿਹੇ ਮੰਜਰ ਤੇ ਬੜੀ ਵਾਰ ਵੇਖੇ ਪਰ ਗੱਡੇ ਦੇ ਬਹਿ ਕੇ ਲਿਖਣ ਵਾਲੀ ਅਯਾਸ਼ੀ ਫੇਰ ਨਾ ਲੱਭੀ।

ਮਲਿਕ : ਕੀ ਤੁਸੀਂ ਖ਼ਾਸ ਕਿਸਮ ਦੀ ਸਟੇਸ਼ਨਰੀ (ਕਾਗਜ਼, ਕਲਮ ਵਗੈਰਾ) ਵਰਤਦੇ ਹੋ?



ਰੰਧਾਵਾ : ਮੈਂ ਆਪਣੇ ਆਪ ਨੂੰ ਲਿਖਣ ਵਿਚ ਕੋਈ ਅਜਿਹੀ ਖ਼ਾਸ ਸਟੇਸ਼ਨਰੀ ਵਰਤਨ ਦਾ ਪਾਬੰਦ ਵੀ ਨਹੀਂ ਕੀਤਾ। ਹਾਂ ਚੰਗੇ ਕਲਮ ਨਾਲ ਚੰਗੇ ਕਾਗਜ਼ ਤੇ ਲਿਖਣਾ ਚੰਗਾ ਲੱਗਦਾ ਹੈ। ਪਿਛਲੇ ਤੀਹ-ਪੈਂਤੀ ਸਾਲ ਤੋਂ ਮੈਂ ਰੇਡੀਓ ਬਾਂਡ ਕਾਗਜ਼ ਤੇ ਆਲਾ ਕਿਸਮ ਦੇ ਪਾਰਕਰ ਕਲਮ ਨਾਲ ਲਿਖਦਾ ਰਿਹਾ ਹਾਂ। ਹੁਣ ਕੋਈ ਇਕ ਦੋ ਸਾਲ ਤੋਂ ਰੇਡੀਓ ਬਾਂਡ ਨਹੀਂ ਹੈ। ਫਿਰ ਵੀ ਕੋਸ਼ਿਸ਼ ਕਰਦਾ ਹਾਂ ਕਿ ਚੰਗੇ ਕਾਗਜ਼ ਤੇ ਲਿਖਾਂ। ਹੁਣ ਕਲਮ ਦੀ ਥਾਂ ਡੇਢ-ਦੋ ਰੁਪਏ ਵਾਲੇ ਬਾਲ ਪਵਾਇੰਟ ਨਾਲ ਲਿਖਦਾ ਹਾਂ। ਚੰਗੇ ਕਲਮ ਦਾ ਜ਼ਖੀਰਾ ਹੁਣ ਵੀ ਮੇਰੇ ਕੋਲ ਹੈ, ਜਿਨ੍ਹਾਂ ਵਿਚੋਂ ਕਿਸੇ ਇਕ ਨਾਲ ਕਦੇ-ਕਦਾਈਂ ਕਿਸੇ ਪਿਆਰੇ ਨੂੰ ਖ਼ਤ ਲਿਖ ਲੈਂਦਾ ਹਾਂ। ਸੈਫਰਜ਼ ਤੇ ਪਾਰਕਰ ਦੇ ਬਾਲ ਪਵਾਇੰਟ ਵੀ ਵਰਤਦਾ ਹਾਂ ਪਰ ਚਿੱਠੀ ਲਿਖਣ ਵਿਚ ਜਾਂ ਇਕ ਅੱਧ ਗ਼ਜ਼ਲ ਲਿਖਣ ਲਈ। ਲੰਮਾ ਕੰਮ ਤੇ ਇਸ ਬਾਲ ਪਵਾਇੰਟ ਨਾਲ ਹੀ ਕਰਦਾ ਹਾਂ। ਜਿਹੜੇ ਅੱਧੀ ਦਰਜਨ ਕੋਲ ਰੱਖਦਾ ਹਾਂ। ਇਕ ਤੋਂ ਬਾਅਦ ਦੂਜਾ ਵਰਤਦਾ ਜਾਵਾਂ ਤੇ ਗੀਡ਼ਿਲ ਦਾ ਮਸਲਾ ਸਿਰ ਪੀੜ ਨਾ ਬਣੇ।

ਮਲਿਕ : ਤਹਿਰੀਰਾਂ ਛਪਵਾਉਣ ਤੋਂ ਪਹਿਲਾਂ ਇਨ੍ਹਾਂ ਬਾਰੇ ਯਾਰਾਂ ਤੋਂ ਮਸ਼ਵਰਾ ਵੀ ਲੈਂਦੇ ਹੋ?

ਰੰਧਾਵਾ : ਤਹਿਰੀਰਾਂ ਛਪਣ ਲਈ ਟੋਰਨ ਤੋਂ ਪਹਿਲਾਂ ਤੇ ਮੈਂ ਯਾਰਾਂ ਨਾਲ ਕਦੇ ਮਸ਼ਵਰਾ ਭਲੇ ਦਿਨਾਂ ਵਿਚ ਨਹੀਂ ਕੀਤਾ ਸੀ, ਹੁਣ ਕੀ ਕਰਾਂਗਾ? ਉਂਝ ਵੀ ਮੈਂ ਸ਼ੁਰੂ ਤੋਂ ਹੀ ਬੇ-ਉਸਤਾਦ ਕਿਸਮ ਦਾ ਬੰਦਾ ਹਾਂ। ਹਾਂ ਕੋਈ ਗ਼ਜ਼ਲ ਨਜ਼ਮ ਜਾਂ ਕਹਾਣੀ ਯਾਰਾਂ ਵਿਚ ਛਪਣ ਤੋਂ ਪਹਿਲਾਂ ਪੜ੍ਹ ਦਿੰਦਾ ਹਾਂ। 1965 ਵਿਚ ਪਾਕ-ਹਿੰਦ ਜੰਗ ਦੇ ਛੇਤੀ ਮਗਰੋਂ ਜਦੋਂ ਮੇਰਾ ਵਿਆਹ ਹੋਇਆ, ਆਪਣੀ ਹਰ ਤਹਿਰੀਰ ਉਸੇ ਸੁਬ੍ਹਾ ਆਇਸ਼ਾ ਨੂੰ ਸੁਣਾਉਂਦਾ ਹਾਂ ਜਿਸ ਰਾਤ ਉਹ ਮੁਕੰਮਲ ਕੀਤੀ ਹੁੰਦੀ ਏ। ਆਇਸ਼ਾ ਮੇਰੀ ਪਹਿਲੀ ਸਾਮਾ (ਸੁਣਨ ਵਾਲੀ) ਤੇ ਕਾਰੀ (ਪੜ੍ਹਨ ਵਾਲੀ) ਵੀ ਹੈ ਤੇ ਪਹਿਲੀ ਨਕਾਦ ਵੀ। ਅਜੇ ਕੱਲ੍ਹ ਸ਼ਾਮੀਂ ਮੈਂ ਉਹਨੂੰ ਤੁਹਾਡੇ ਸਵਾਲਨਾਮੇ ਦਾ ਪਹਿਲਾ ਸਵਾਲ ਤੇ ਉਹਦਾ ਜਵਾਬ ਸੁਣਾਇਆ ਸੀ। ਜਿਹਨੂੰ ਸੁਣ ਕੇ ਆਇਸ਼ਾ ਦੀਆਂ ਅੱਖਾਂ ਚਮਕੀਆਂ ਸਨ। ਮੇਰੀ ਪਹਿਲੀ ਕਾਰੀ ਤੇ ਪਹਿਲੀ ਨਕਾਦ (ਪੜਚੋਲੀਆ) ਹੋਣ ਪਾਰੋਂ ਉਹਨੇ ਮੇਰੀ ਪੰਜਾਬੀ ਨਜ਼ਮਾਂ ਦੀ ਪਹਿਲੀ ਕਿਤਾਬ 'ਸ਼ੀਸ਼ਾ ਇਕ ਲਿਸ਼ਕਾਰੇ ਦੋ' ਮਤਬੂਆ 1966 ਦਾ ਦੀਬਾਰਾ ਲਿਖਿਆ ਸੀ ਤੇ ਖ਼ੌਰੇ ਇਸ ਪਾਰੋਂ ਈ ਮੈਂ 101 ਅਫ਼ਰੀਕੀ ਨਜ਼ਮਾਂ ਦੇ ਤਰਜਮੇ ਦੀ ਆਪਣੀ ਕਿਤਾਬ 'ਕਾਲਾ ਪੈਂਡਾ' ਮਤਬੂਆ 1988 ਆਇਸ਼ਾ ਦੀ ਭੇਂਟ ਕੀਤੀ ਸੀ।

ਮਲਿਕ : ਨਕਾਦਾਂ ਦੀ ਨਜ਼ਰ ਵਿਚ ਤੁਹਾਡੀ ਇਨਫਰਾਦੀਤ ਦੀ ਬੁਨਿਆਦ ਕੀ ਹੈ?

ਰੰਧਾਵਾ : ਇਹ ਸਵਾਲ ਨਕਾਦਾਂ ਤੋਂ ਪੁੱਛਣਾ ਚਾਹੀਦਾ ਹੈ।

ਮਲਿਕ : ਅੱਜਕੱਲ ਕੀ ਲਿਖ ਰਹੇ ਓ?

ਰੰਧਾਵਾ : ਆਪਣੀਆਂ ਚਾਰ-ਪੰਜ ਕਿਤਾਬਾਂ ਛਪਣ ਦੀ ਉਡੀਕ ਤੇ ਦੋ ਨਾਵਲਾਂ ਤੇ ਕੰਮ ਕਰ ਰਿਹਾ ਹਾਂ।

ਮਲਿਕ : ਲਿਖਦਿਆਂ ਹੋਇਆਂ ਸਾਹਮਣੇ ਆਮ ਕਾਰੀ ਹੁੰਦਾ ਹੈ, ਉਸ ਵੇਲੇ ਦੇ ਲਿਖਾਰੀ ਜਾਂ ਨਕਾਦ?

ਰੰਧਾਵਾ : ਤਖ਼ਲੀਕ ਦੇ ਵੇਲੇ ਮੇਰੇ ਸਾਹਮਣੇ ਨਾ ਤੇ ਕਾਰੀ ਹੁੰਦਾ ਹੈ ਨਾ ਨਕਾਦ ਤੇ ਨਾ ਉਸ ਵੇਲੇ ਦੇ ਲਿਖਾਰੀ। ਹਾਂ ਕਿਧਰੇ ਸਿਰ ਵਿਚ ਕਾਰੀ ਜ਼ਰੂਰ ਹੁੰਦਾ ਹੋਵੇਗਾ, ਪੂਰੀ ਦੁਨੀਆਂ ਦੇ ਉਸਤਾਦ

ਲਿਖਾਰੀ ਤੇ ਉਨ੍ਹਾਂ ਦਾ ਫ਼ਨ ਮਿਆਰ ਵਗੈਰਾ। ਨਕਾਦ ਤੇ ਦੂਰ-ਦੂਰ ਤਾਈਂ ਨਹੀਂ ਹੁੰਦਾ।

ਮਲਿਕ : ਕੀ ਤੁਹਾਡੇ ਪੜ੍ਹਨ ਵਾਲੇ ਖ਼ਤ ਪੱਤਰ ਰਾਹੀਂ ਵੀ ਤੁਹਾਡੀਆਂ ਤਹਿਰੀਰਾਂ ਤੇ ਰਾਏ ਦਿੰਦੇ ਨੇ?

ਰੰਧਾਵਾ : ਮੇਰੇ ਚੋਖੇ ਪੜ੍ਹਨ ਵਾਲੇ ਤੇ ਖ਼ਤ ਪੱਤਰ ਰਾਹੀਂ ਹੀ ਮੇਰੀਆਂ ਤਹਿਰੀਰਾਂ ਤੇ ਆਪਣੀ ਰਾਏ ਦਿੰਦੇ ਨੇ। ਕਿਉਂ ਜੇ ਉਹ ਮੇਰੇ ਤਾਈਂ ਅੱਪੜ ਹੀ ਚਿੱਠੀਆਂ ਰਾਹੀਂ ਸਕਦੇ ਨੇ। ਮੈਂ ਮੁਲਕ ਦੇ ਅੰਦਰ ਰਹਿਣ ਵਾਲਿਆਂ ਤੋਂ ਬਹੁਤਾ ਬਾਹਰ ਰਹਿਣ ਵਾਲੇ ਕਾਰੀਆਂ ਦੀ ਗੱਲ ਕਰ ਰਿਹਾ ਹਾਂ। ਜਦੋਂ ਮੇਰੀ ਕੋਈ ਤਹਿਰੀਰ ਉਨ੍ਹਾਂ ਦੇ ਮੁਲਕ ਵਿਚ ਉਨ੍ਹਾਂ ਤਾਈਂ ਅੱਪੜਦੀ ਹੈ ਤੇ ਚਿੱਠੀਆਂ ਰਾਹੀਂ ਮੇਰੇ ਤੀਕਰ ਆਪਣੀ ਗਰਮਜੋਸ਼ੀ ਅਪੜਾਉਂਦੇ ਨੇ। ਮੇਰੀ ਕੋਈ ਤਹਿਰੀਰ ਜਦੋਂ ਪਾਕਿਸਤਾਨ ਵਿਚ ਛਾਇਆ ਹੁੰਦੀ ਹੈ ਤੇ ਛੇਤੀ ਹੀ ਉਹ ਤਹਿਰੀਰ ਭਾਰਤੀ ਪੰਜਾਬ, ਕੈਨੇਡਾ, ਅਮਰੀਕਾ, ਬਰਤਾਨੀਆ ਤੇ ਦੂਜੇ ਮੁਲਕਾਂ ਵਿਚ ਛਪ ਕੇ ਰੀਪਰੋਡਿਊਸ ਹੋ ਜਾਂਦੀ ਏ, ਜਿੱਥੇ-ਜਿੱਥੇ ਸਾਡੇ ਪੰਜਾਬੀ ਰਸਾਲੇ ਅਪੜਦੇ ਨੇ ਤੇ ਜਿੱਥੇ ਜਿੱਥੇ ਦੇ ਪੰਜਾਬੀ ਰਸਾਲੇ ਛਪਦੇ ਨੇ। ਸਿਰਫ਼ ਭਾਰਤੀ ਪੰਜਾਬ ਵਿਚ ਕਈ-ਕਈ ਯੂਨੀਵਰਸਿਟੀਆਂ ਵਿਚ ਮੇਰੀਆਂ ਕਿਤਾਬਾਂ ਪੜ੍ਹਾਈਆਂ ਜਾਂਦੀਆਂ ਨੇ। ਇਸੇ ਹਿਸਾਬ ਨਾਲ ਮੇਰੇ ਕਾਰੀਆਂ ਦਾ ਹਲਕਾ ਹੈ ਜਿਨ੍ਹਾਂ ਵਿਚੋਂ ਚੋਖੇ ਮੈਨੂੰ ਲਿਖਦੇ ਨੇ। 1961 ਵਿਚ ਮੇਰਾ ਪਹਿਲਾ ਨਾਵਲ 'ਦੀਵਾ ਤੇ ਦਰਿਆ' ਮਹੀਨਾਵਾਰ ਪੰਜਾਬੀ ਅਦਬ ਲਾਹੌਰ ਨੇ ਛਾਪਿਆ। ਉਸ ਮਗਰੋਂ ਇਹ ਨਾਵਲ ਰੋਜ਼ਨਾਮਾ 'ਅੰਜ਼ਾਮ' ਪਿਸ਼ਾਵਰ ਨੇ ਕਿਸ਼ਤਵਾਰ ਛਾਪਿਆ। ਫਿਰ ਇਹ ਨਾਵਲ ਭਾਰਤੀ ਪੰਜਾਬ ਵਿਚ ਤਰਜਮਾ ਹੋ ਕੇ ਗੁਰਮੁਖੀ ਵਿਚ ਛਪਿਆ ਤੇ ਕਾਰੀਆਂ ਦੀਆਂ ਚਿੱਠੀਆਂ ਦਾ ਇਕ ਸਿਲਸਿਲਾ ਉਸੇ ਨਿਸਬਤ ਨਾਲ ਤੁਰ ਪਿਆ। ਹੁਣ 33 ਸਾਲ ਮਗਰੋਂ ਸੱਯਦ ਅਮਜਦ ਅਲਤਾਫ਼ ਨੇ ਇਸ ਹੀ ਨਾਵਲ ਦਾ ਉਰਦੂ ਤਰਜਮਾ ਲਾਹੌਰ ਦੇ ਮਹੀਨਾਵਾਰ 'ਅਲਾਮਤ' ਵਿਚ ਸ਼ਾਇਆ ਕੀਤਾ ਤੇ ਉਰਦੂ ਤਬਕੇ ਵਲੋਂ ਬਹੁਤ ਸਾਰੀਆਂ ਚਿੱਠੀਆਂ ਮਿਲੀਆਂ।

1981 ਵਿਚ ਮੇਰਾ ਦੂਜਾ ਨਾਵਲ 'ਦੋਆਬਾ' ਛਪਿਆ। ਭਾਰਤੀ ਪੰਜਾਬ ਦੇ ਦੋ ਸ਼ਹਿਰਾਂ ਅੰਮ੍ਰਿਤਸਰ ਅਤੇ ਜਲੰਧਰ ਵਿਚ ਵੱਖੋ-ਵੱਖ ਪਬਲਿਸ਼ਰਾਂ ਨੇ ਇਕੋ ਵੇਲੇ ਇਸ ਨਾਵਲ ਦੇ ਦੋ ਵੱਖਰੇ ਤਰਜਮੇ ਛਾਪ ਦਿੱਤੇ। ਉਸ ਮਗਰੋਂ ਮਸ਼ਹੂਰ ਅਦੀਬ ਤੇ ਸ਼ਾਇਰ ਰਵਿੰਦਰ ਰਵੀ ਨੇ ਇਹਦਾ ਤਰਜਮਾ ਕੈਨੇਡਾ ਵਿਚ ਕੀਤਾ। ਜਿੱਥੇ ਮਸ਼ਹੂਰ ਹਫ਼ਤਾਵਾਰ 'ਇੰਡੋ ਕੈਨੇਡੀਅਨ ਟਾਇਮਜ਼' ਵੈਨਕੂਵਰ ਨੇ ਕਿਸ਼ਤਵਾਰ ਛਾਪਿਆ। ਸਿਰਫ਼ 'ਦੋਆਬਾ' ਕੈਨੇਡਾ ਵਿਚ ਛਪਣ ਤੇ ਮੈਨੂੰ ਸੈਂਕੜਿਆਂ ਚਿੱਠੀਆਂ ਕੈਨੇਡਾ, ਅਮਰੀਕਾ ਤੇ ਬਰਤਾਨੀਆ ਤੋਂ ਮਿਲੀਆਂ।

ਮਲਿਕ : ਕੀ ਤੁਸੀਂ ਕਾਰੀਆਂ ਦੀਆਂ ਚਿੱਠੀਆਂ ਦਾ ਜਵਾਬ ਦਿੰਦੇ ਹੋ?

ਰੰਧਾਵਾ : ਚਿੱਠੀ ਦਾ ਜਵਾਬ ਲਿਖਣਾ ਤੇ ਇੱਕ ਇਖਲਾਖੀ (ਨੈਤਿਕ) ਫਰਜ਼ ਹੈ, ਫਿਰ ਕਾਰੀਆਂ ਦੀਆਂ ਤਾਰੀਫ਼ੀ ਚਿੱਠੀਆਂ ਦਾ ਜਵਾਬ ਨਾ ਦੇਣਾ ਤੇ ਸ਼ੁਕਰੀਆ ਅਦਾ ਨਾ ਕਰਨਾ ਬੜੀ ਨਾਸ਼ੁਕਰੀ ਦੀ ਗੱਲ ਹੈ। ਪਰ ਇਹ ਕੰਮ ਆਪ ਇਕ ਕੁਲ ਵਕਤੀ ਕੰਮ ਹੈ ਜਿਹੜਾ ਮਹਿੰਗਾ ਵੀ ਹੈ। ਫਿਰ ਵੀ ਮੈਂ ਮੁਲਕ ਦੇ ਅੰਦਰ ਤੇ ਮੁਲਕੋਂ ਬਾਹਰ ਕਾਰੀਆਂ ਦੀਆਂ ਚਿੱਠੀਆਂ ਦੇ ਜਵਾਬ ਦੇਣ ਦੀ ਪੂਰੀ-ਪੂਰੀ ਕੋਸ਼ਿਸ਼ ਕਰਦਾ ਹਾਂ। ਇਕ ਮਸਲਾ ਹੈ ਕਿ ਜੇ ਚਿੱਠੀ ਦਾ ਜਵਾਬ ਬੱਸ ਦੋ ਤਿੰਨ ਦਿਨਾਂ ਦੇ ਅੰਦਰ-ਅੰਦਰ ਨਾ ਦੇ ਦੇਵਾਂ ਤਾਂ ਬਹੁਤੀ ਵਾਰ ਅਜਿਹੀਆਂ ਚਿੱਠੀਆਂ ਮੇਰੀ ਮੇਜ਼ ਦੀਆਂ ਕਿਤਾਬਾਂ ਥੱਲੇ ਆ ਕੇ ਗਾਇਬ ਹੋ ਜਾਂਦੀਆਂ ਨੇ ਤੇ ਭੁੱਲ ਵੀ ਜਾਂਦੀਆਂ



ਨੇ। ਇਸ ਪਾਰੋਂ ਕੁਝ ਜ਼ਰੂਰੀ ਚਿੱਠੀਆਂ ਦੇ ਜਵਾਬ ਵੀ ਰਹਿ ਜਾਂਦੇ ਨੇ। ਮੁੱਦਤ ਬਾਅਦ ਜਦੋਂ ਕੋਈ ਚਿੱਟੀ ਕਿਤਾਬਾਂ ਸਿੱਧੀਆਂ ਪੁੱਠੀਆਂ ਕਰਨ ਮਗਰੋਂ ਢੇਰ 'ਚੋਂ ਨਿਕਲਦੀ ਹੈ ਤੇ ਮੈਨੂੰ ਲੱਗਦਾ ਹੈ ਕਿ ਜਵਾਬ ਲਿਖ ਚੁੱਕਿਆ ਹਾਂ।

ਮਲਿਕ : ਕਾਰੀਆਂ ਦੀ ਜਾਇਜ਼ ਤਨਕੀਦ ਤੇ ਤੁਹਾਡਾ ਰੱਦੇ ਅਮਲ ਕੀ ਹੁੰਦਾ ਹੈ?

ਰੰਧਾਵਾ : ਕਾਰੀਆਂ ਦੀ ਜਾਇਜ਼ ਤਨਕੀਦ ਸਿਰ ਮੱਥੇ ਤੇ।

ਮਲਿਕ : ਨਾਜਾਇਜ਼ ਤਨਕੀਦ ਤੇ?

ਰੰਧਾਵਾ : ਤੇ ਨਾਜਾਇਜ਼ ਤਨਕੀਦ ਵੀ।

ਮਲਿਕ : ਕੀ ਕਿਸੇ ਤਹਿਰੀਰ ਦੇ ਛਪਣ ਮਗਰੋਂ ਵੀ ਤੁਹਾਨੂੰ ਇਹਦੇ ਵਿਚ ਹੋਰ ਬੇਹਤਰੀ ਦੇ ਅਮਕਾਨ ਨਜ਼ਰ ਆਏ?

ਰੰਧਾਵਾ : ਲਿਖਣ ਦੇ ਮਾਮਲੇ ਵਿਚ ਤੇ ਮੈਂ ਪ੍ਰਫੈਕਨਿਸ਼ਟਸਟ ਹੋਣਾ ਚਾਹੁੰਦਾ ਹਾਂ ਤੇ ਖੌਰੇ ਕਿਸੇ ਹੱਦ ਤੀਕਰ ਇਹਦੇ ਵਿਚ ਕਾਮਯਾਬ ਵੀ ਹਾਂ। ਫਿਰ ਵੀ ਅਜਿਹੀ ਕਿਹੜੀ ਤਹਿਰੀਰ ਹੈ ਸਿਵਾਏ ਸਹੀਫੀਆਂ ਦੇ, ਜਿਹਦੇ ਵਿਚ ਹੋਰ ਬਿਹਤਰੀ ਦੇ ਕੁਝ ਨਾ ਕੁਝ ਅਮਕਾਨ ਨਾ ਹੋਵਣ।

ਮਲਿਕ : ਕਾਰੀਆਂ ਦੀ ਨਜ਼ਰ ਵਿਚ ਤੁਹਾਡੀ ਸਭ ਤੋਂ ਚੰਗੀ ਤਹਿਰੀਰ?

ਰੰਧਾਵਾ : ਇਹ ਸਵਾਲ ਕਾਰੀਆਂ ਤੋਂ ਪੁੱਛਿਆ ਜਾਣਾ ਚਾਹੀਦਾ ਹੈ।

ਮਲਿਕ : ਤੁਹਾਡੀ ਨਜ਼ਰ ਵਿਚ ਤੁਹਾਡੀ ਸਭ ਤੋਂ ਚੰਗੀ ਤਹਿਰੀਰ?

ਰੰਧਾਵਾ : ਘੁਮਿਆਰਨ ਨੂੰ ਤੇ ਆਪਣੇ ਸਾਰੇ ਘੜੇ ਹੀ ਪਿਆਰੇ ਹੁੰਦੇ ਨੇ। ਕਿਸੇ ਵਿਚ ਕੋਈ ਮਾੜਾ ਜਿਹਾ ਚਿੱਬ ਹੋਵੇ ਵੀ ਤੇ ਉਹਨੂੰ ਕਦੋਂ ਦਿਸਦਾ ਹੈ।

ਮਲਿਕ : ਤੁਹਾਡਾ ਪਸੰਦੀਦਾ ਨਕਾਦ ਤੇ ਪਸੰਦ ਦੀ ਵਜ੍ਹਾ?

ਰੰਧਾਵਾ : ਨਕਾਦ ਹਜ਼ਰਾਤ ਬਾਰੇ ਮੇਰਾ ਇਲਮ ਨਾ ਹੋਣ ਦੇ ਬਰਾਬਰ ਹੈ। ਮੇਰੇ ਦਿਲ ਵਿਚ ਪਸੰਦੀਦਾ ਨਕਾਦ ਦੀ ਥਾਂ ਖਾਲੀ ਪਈ ਹੋਈ ਹੈ।

ਮਲਿਕ : ਤੁਹਾਡੀ ਸ਼ਖ਼ਸੀਅਤ ਜਾਂ ਫਨ ਬਾਰੇ ਕਿਸੇ ਕਾਰੀ ਜਾਂ ਨਕਾਦ ਦਾ ਇਕ ਫਿਕਰਾ ਜਿਹੜਾ ਤੁਹਾਨੂੰ ਬੜਾ ਪਸੰਦ ਆਇਆ?

ਰੰਧਾਵਾ : ਫ਼ੈਜ਼ ਅਹਿਮਦ ਫ਼ੈਜ਼ ਮੇਰੀ ਪੰਜਾਬੀ ਸ਼ਾਇਰੀ ਦੇ ਮਜਮੂਏ 'ਰਤ ਦੇ ਚਾਰ ਸਫ਼ਰ' ਦਾ ਦੀਬਾਚਾ ਲਿਖਦਿਆਂ ਹੋਇਆ ਆਖਦੇ ਨੇ "ਅਫ਼ਜ਼ਲ ਅਹਿਸਨ ਰੰਧਾਵਾ ਕੀ ਸ਼ਖ਼ਸੀਅਤ ਮੇਂ ਪੰਜਾਬ ਕੇ ਸਰ ਬੁਲੰਦ ਕਿਸਾਨ ਕਾ ਇਫ਼ਤਖਾਰ (ਫਖ਼ਰ, ਮਾਣ) ਵੀ ਨਮਾਇਆ ਹੈ ਔਰ ਏਕ ਦਰਦਮੰਦ ਇਨਸਾਨ ਕਾ ਇੰਕਸਾਰ ਭੀ. ਵੋਹ ਨਜ਼ਰਆਤੀ ਤੌਰ ਪਰ ਹਰ ਮਜ਼ਲੂਮ ਕਾ ਹਾਮੀ ਹੈ ਔਰ ਹਰ ਜ਼ੁਲਮ ਕਾ ਹਰੀਫ਼ (ਵਿਰੋਧੀ)। ਅਫ਼ਜਲ ਅਹਿਸਨ ਕੀ ਸ਼ਾਇਰੀ ਏਕ ਮੌਹਜ਼ਬ ਜ਼ਿਹਨ ਔਰ ਮੁਸੱਫ਼ਾ (ਸਾਫ਼) ਦਿਲ ਕੀ ਤਖ਼ਲੀਕ ਹੈ। ਇਸ ਮੇਂ ਸਦਾਕਤ (ਸੱਚਾਈ) ਕੀ ਲਗਨ ਭੀ ਹੈ, ਦਿਆਨਤ ਕੀ ਦਮਕ ਭੀ, ਅਵਾਮੀ ਸ਼ਾਇਰੀ ਕੀ ਲੋਚ ਭੀ ਔਰ ਜਦੀਦੀਅਤ ਕੀ ਉਚੱਜ ਭੀ। ਯਹ ਸ਼ਾਇਰੀ ਅਹਿਲੇ ਦਿਲ ਔਰ ਅਹਿਲੇ ਜ਼ੌਕ ਲੋਗੋਂ ਕੇ ਲੀਏ ਹੈ।

ਮੁਹੰਮਦ ਸਲੀਮ ਅਲ ਰਹਿਮਾਨ ਮੇਰੇ ਨਾਲ ਆਪਣੀ 26 ਫਰਵਰੀ 1994 ਈ. ਦੀ ਚਿੱਠੀ ਵਿਚ ਲਿਖਦੇ ਨੇ – 'ਆਪ ਕੇ ਫਿਕਸ਼ਨ ਕੋ ਮੈਂ ਸ਼ੌਕ ਸੇ ਪੜ੍ਹਤਾ ਹੂੰ। ਕਭੀ ਕਭੀ ਦਿਲ ਚਾਹਤਾ ਹੈ ਕਿ ਆਪ ਕਾ ਲਿਖਾ ਹੂਆ, ਸਾਰੇ ਕਾ ਸਾਰਾ ਫਿਕਸ਼ਨ ਉਰਦੂ ਮੇਂ ਤਰਜਮਾ ਕਰਕੇ ਛਾਪ

ਦੀਆ ਜਾਏ ਤਾਂ ਕਿ ਉਰਦੂਦਾਨ ਤਬਕੇ ਕੋ ਬਾਲਖ਼ਸੂਮ ਭਾਰਤ ਮੇਂ ਆਬਾਦ ਉਰਦੂਦਾਨ ਤਬਕੇ ਕੋ ਪਤਾ ਚਲੇ ਕਿ ਅਫ਼ਜ਼ਲ ਅਹਿਸਨ ਕਿਸ ਪਾਏ ਕੇ ਅਫਸਾਨਾ ਨਿਗਾਰ ਹੈ।'

ਮਲਿਕ : ਕੀ ਕਦੇ ਕਿਸੇ ਕਾਰੀ ਜਾਂ ਨਕਾਦ ਨੇ ਤੁਹਾਡੀ ਨਾਜਾਇਜ਼ ਤਾਰੀਫ਼ ਵੀ ਕੀਤੀ?

ਰੰਧਾਵਾ : ਹੋ ਸਕਦਾ ਹੈ ਕਦੇ ਕਿਸੇ ਨੇ ਕਰ ਦਿੱਤੀ ਹੋਵੇ ਪਰ ਮੈਂ ਤੇ ਆਪਣੀ ਜਾਇਜ਼ ਤੇ ਮਾੜੀ ਜਿਹੀ ਤਾਰੀਫ਼ ਤੇ ਵੀ ਸ਼ਰਮਿੰਦਾ ਹੋ ਜਾਂਦਾ ਹਾਂ। 'ਆਪਣੀ ਕਦਰ ਆਪ ਪਛਾਣਦਾ ਹਾਂ।'

ਮਲਿਕ : ਕੀ ਕੁਝ ਅਜਿਹੀਆਂ ਗੱਲਾਂ ਵੀ ਨੇ ਜਿਹੜੀਆਂ ਤੁਸੀਂ ਲਿਖਣਾ ਚਾਹੁੰਦੇ ਹੋ ਪਰ ਲਿਖ ਨਹੀਂ ਸਕਦੇ?

ਰੰਧਾਵਾ : ਜਿਹੜੀਆਂ ਗੱਲਾਂ ਮੈਂ ਲਿਖਣਾ ਚਾਹੁੰਦਾ ਹਾਂ, ਲਿਖ ਹੀ ਲੈਂਦਾ ਹਾਂ। ਗੱਲ ਕਰਨ ਦੇ ਹਜ਼ਾਰਾਂ ਢੰਗ।

ਮਲਿਕ : ਲਿਖਦਿਆਂ ਹੋਇਆ ਤੁਸੀਂ ਕਿਸ ਕੈਫੀਅਤ ਵਿਚ ਹੁੰਦੇ ਹੋ? ਖੁਸ਼ੀ, ਚਿੜਚਿੜਾਪਨ ਜਾਂ ਸਕੂਨ?

ਰੰਧਾਵਾ : ਇਹ ਤੇ ਮੈਂ ਕਦੇ ਨੋਟਿਸ ਹੀ ਨਹੀਂ ਕੀਤਾ। ਕਿਸ ਤਰ੍ਹਾਂ ਆਖਾਂ ਕਿ ਖੁਸ਼ ਹੁੰਦਾ ਹਾਂ ਜਾਂ ਸਕੂਨ ਵਿਚ। ਚਿੜਚਿੜਾਪਨ ਤਾਂ ਖ਼ੈਰ ਨਹੀਂ ਹੁੰਦਾ। ਮੇਰੇ ਤਜਰਬੇ ਮੁਜਬ ਤੇ ਤਖਲੀਕ ਦਾ ਅਮਲ ਕਰਬ ਦਾ ਅਮਲ ਹੈ, ਬੇਚੈਨੀ ਦਾ ਅਮਲ ਏ। ਕੋਈ ਨਜ਼ਮ, ਗ਼ਜ਼ਲ, ਕਹਾਣੀ ਜਾਂ ਨਾਵਲ ਦਾ ਇਕ ਅੱਧ ਬਾਬ ਲਿਖ ਕੇ ਜਿਹਦੇ ਨਾਲ ਦਿਲ ਮਤਮ ਹੁੰਦਾ ਹੈ, ਖੁਸ਼ੀ ਆਉਂਦੀ ਹੈ, ਸਕੂਨ ਲੱਭਦਾ ਹੈ। ਬੱਚਾ ਜੰਮ ਰਹੀ ਜ਼ਨਾਨੀ ਖੁਸ਼ ਤੇ ਸਕੂਨ ਵਿਚ ਨਹੀਂ ਹੁੰਦੀ। ਹਾਂ ਜੰਮਣ ਦੇ ਅਮਲ ਤੋਂ ਖ਼ੈਰੀਅਤ ਨਾਲ ਲੰਘਣ ਤੇ ਆਪਣੀ ਬੀਮਾਰੀ ਦਾ ਨਤੀਜਾ ਮਿਲਣ ਮਗਰੋਂ ਖੁਸ਼ ਤੇ ਸਕੂਨ ਵਿਚ ਜ਼ਰੂਰ ਹੋ ਜਾਂਦੀ ਹੈ।

ਮਲਿਕ : ਕੀ ਕਦੇ ਹੱਡਵਰਤੀ ਲਿਖਣ ਦਾ ਖ਼ਿਆਲ ਵੀ ਆਇਆ?

ਰੰਧਾਵਾ : ਮੈਂ ਹੱਡਵਰਤੀ ਤੇ ਸਫ਼ਰਨਾਮਿਆਂ ਦੇ ਸਵਾਦ ਨੂੰ ਫਿਕਸ਼ਨ ਵਿਚ ਵਰਤ ਲੈਣ ਦਾ ਆਦੀ ਹਾਂ। ਇਸੇ ਲਈ ਬਹੁਤ ਫਿਰਨ ਤੁਰਨ ਦੇ ਬਾਵਜੂਦ ਮੈਂ ਕੋਈ ਸਫ਼ਰਨਾਮਾ ਨਹੀਂ ਲਿਖਿਆ ਨਾ ਹੀ ਹੱਡਵਰਤੀ ਲਿਖਣ ਦਾ ਮੇਰਾ ਕੋਈ ਇਰਾਦਾ ਏ।

ਮਲਿਕ : ਕੀ ਤੁਸੀਂ ਡਾਇਰੀ ਲਿਖਦੇ ਹੋ?

ਰੰਧਾਵਾ : ਮੈਂ ਡਾਇਰੀ ਨਹੀਂ ਲਿਖਦਾ, ਡਾਇਰੀ ਰੱਖਦਾ ਜ਼ਰੂਰ ਹਾਂ ਪਰ 'ਉਹਦੇ ਤੇ ਨਵੀਂ ਗ਼ਜ਼ਲ, ਨਵੀਂ ਨਜ਼ਮ ਲਿਖ ਲੈਂਦਾ ਹਾਂ।'

ਮਲਿਕ : ਚੰਗੀ ਤੇ ਵਧੀਆ ਤਹਿਰੀਰ ਦੀ ਤਾਰੀਫ਼?

ਰੰਧਾਵਾ : ਮੁਕੰਮਲ, ਪ੍ਰਫੈਕਟ ਤੇ ਪੁਰ ਤਾਸ਼ੀਰ ਅਜਿਹੀ ਕਿ ਦਿਲ ਦਾ ਪਾਣੀ ਅੱਖਾਂ ਵਿਚ ਆਣ ਚੜ੍ਹੇ।

ਮਲਿਕ : ਕੀ ਤੁਹਾਡੀਆਂ ਤਹਿਰੀਰਾਂ ਆਪਣੇ ਦਰਦ ਦੇ ਹਵਾਲੇ ਨਾਲ ਪਛਾਣੀਆਂ ਜਾ ਸਕਦੀਆਂ ਨੇ?

ਰੰਧਾਵਾ : ਕਿਉਂ ਨਹੀਂ।

ਮਲਿਕ : ਕੀ ਤੁਹਾਡੀ ਕੋਈ ਤਹਿਰੀਰ ਅਜਿਹੀ ਵੀ ਹੈ ਜਿਹਦੇ ਨਾਲ ਤੁਹਾਡਾ ਨਾਂ ਨਾ ਦਿੱਤਾ ਗਿਆ ਹੋਵੇ, ਫਿਰ ਵੀ ਕਾਰੀ ਉਹਨੂੰ ਤੁਹਾਡੀ ਤਹਿਰੀਰ ਹੀ ਸਮਝਣ?

ਰੰਧਾਵਾ : ਮੇਰੀਆਂ ਚੋਖੀਆਂ ਤਹਿਰੀਰਾਂ।



ਮਲਿਕ : ਅੱਜ ਤੋਂ ਪੰਝੀ ਵਰ੍ਹੇ ਪਹਿਲਾਂ ਦੇ ਅਦਬ ਤੇ ਅੱਜ ਦੇ ਅਦਬ ਵਿਚ ਫ਼ਰਕ?

ਰੰਧਾਵਾ : ਅੱਜ ਤੋਂ ਪੰਝੀ ਕੁ ਵਰ੍ਹੇ ਪਹਿਲਾਂ ਅਦਬ ਐਨਾ ਸਸਤਾ ਤੇ ਬੇਰੰਗ ਨਹੀਂ ਸੀ। ਜਿੰਨਾ ਹੁਣ ਅਖ਼ਬਾਰਾਂ ਦੇ ਰੰਗਦਾਰ ਛਾਪਿਆਖਾਨਿਆਂ ਤੇ ਰੰਗਦਾਰ ਐਡੀਸ਼ਨਾਂ ਨੇ ਬਣਾ ਦਿੱਤਾ ਹੈ। ਅੱਜ ਤੋਂ ਪੰਝੀ ਵਰ੍ਹੇ ਪਹਿਲਾ ਅਦਬ ਕੁਝ ਸਿਹਤਵੰਦ ਵੀ ਸੀ ਤੇ ਵੈਸਾਖੀਆਂ ਤੋਂ ਬਗ਼ੈਰ ਵੀ, ਕੁਝ ਤੁਰ ਲੈਂਦਾ ਸੀ। ਅਜੇ ਚੱਲਦੇ ਸਿੱਕੇ ਨਹੀਂ ਸਨ ਜਿਹੋ ਜਿਹੇ ਹੁਣ ਨੇ। ਪੰਝੀ ਵਰ੍ਹੇ ਪਹਿਲਾਂ ਅਦਬ ਸੇਲ ਲੱਗੀ ਹੋਈ ਹੱਟੀ ਦੀ ਕੋਈ ਜਿਨਸ ਨਹੀਂ ਸੀ ਜਿਹੜੀ ਅੱਧੇ ਮੁੱਲ ਤੇ ਲੱਭ ਜਾਂਦੀ। ਰਾਤੋਂ ਰਾਤੀਂ ਲੋਕ ਅਮੀਰ, ਪੰਝੀ ਵਰ੍ਹੇ ਪਹਿਲਾ ਵੀ ਬਣਦੇ ਵੇਖੇ ਪਰ ਰਾਤੋਂ ਰਾਤ ਅਦੀਬ ਸ਼ਾਇਰ ਤੇ ਉਹ ਵੀ ਸਾਹਬੇ ਕਿਤਾਬ, ਪੰਝੀ ਵਰ੍ਹੇ ਪਹਿਲਾਂ ਜਾਂ ਬਣਦੇ ਹੀ ਨਹੀਂ ਸਨ ਜਾਂ ਬਹੁਤ ਹੀ ਘੱਟ, ਕੋਈ ਇੱਕਾ-ਦੁੱਕਾ, ਜਿਹੜਾ ਕਿਸੇ ਲੋੜਵੰਦ ਸ਼ਾਇਰ, ਅਦੀਬ ਦਾ ਮਸੌਦਾ ਖਰੀਦ ਕੇ ਆਪਣੇ ਨਾਂ ਤੋਂ ਛਪਵਾ ਲੈਂਦਾ।

ਮਲਿਕ : ਅਦਬ ਤੋਂ ਅੱਡ ਤੁਹਾਡੀਆਂ ਦਿਲਚਸਪੀਆਂ?

ਰੰਧਾਵਾ : ਫੋਟੋਗ੍ਰਾਫੀ, ਜਹਾਨਗਰਦੀ, ਫਿਰਨਾ-ਤੁਰਨਾ

ਮਲਿਕ : ਕੀ ਤੁਸੀਂ ਮਾਫ਼ੋਕ ਅਲਫਿਤਰਤ ਦੇ ਵਜੂਦ ਨੂੰ ਮੰਨਦੇ ਓ?

ਰੰਧਾਵਾ : ਜੀ ਹਾਂ।

ਮਲਿਕ : ਪਕਿਸਤਾਨੀ ਅਦਬ ਤੋਂ ਕੀ ਮੁਰਾਦ ਹੈ?

ਰੰਧਾਵਾ : ਜਿਹੜਾ ਅਦਬ ਪਾਕਿਸਤਾਨੀ ਅਦੀਬ ਲਿਖੇਗਾ, ਪਾਕਿਸਤਾਨੀ ਅਦਬ ਅਖਵਾਏਗਾ।

ਮਲਿਕ : ਤੁਹਾਡੀ ਨਜ਼ਰ ਵਿਚ ਸਾਡੇ ਮਸਲਿਆਂ ਦਾ ਉਪਾਅ?

ਰੰਧਾਵਾ : ਸਵਾਲ ਨਿਖੜਵਾਂ ਨਹੀਂ ਕਿ ਸਾਡੇ ਤੋਂ ਮੁਰਾਦ 'ਅਸੀਂ ਲਿਖਾਰੀ' ਜਾਂ 'ਅਸੀਂ ਆਮ ਲੋਕ'। ਖ਼ੈਰ ਸਾਡੇ ਤੋਂ ਮੁਰਾਦ ਜੋ ਵੀ ਹੋਵੇ, ਗੱਲ ਤੇ ਸਾਡੇ ਮਸਲਿਆਂ ਦੀ ਹੀ ਹੈ ਤੇ ਸਾਨੂੰ ਪਹਿਲਾਂ ਤੇ ਆਪਣੇ ਮਸਲੇ ਮਿੱਥਣੇ ਪੈਣਗੇ ਫਿਰ ਉਨ੍ਹਾਂ ਦਾ ਉਪਾਅ ਲੱਭਣ ਲਈ ਤੁਰਨਾ ਪਵੇਗਾ। ਸਾਨੂੰ ਆਪਣੀਆਂ ਤਰਜੀਆਤ ਮਿੱਥਣੀਆਂ ਪੈਣਗੀਆਂ ਜਿਹੜੀ ਅਸੀਂ ਹੁਣ ਤੱਕ ਨਹੀਂ ਕਰ ਸਕੇ। ਮੈਨੂੰ ਇਹਦੇ ਤੇ ਆਪਣਾ ਇਕ ਉਰਦੂ ਸ਼ਿਅਰ ਯਾਦ ਆ ਰਿਹਾ ਹੈ

'ਅਫ਼ਜ਼ਲ ਅਹਿਸਨ! ਲਉ ਸਵਾ ਨੇਜ਼ੇ ਪੈ ਸੂਰਜ ਆ ਗਿਆ, ਤੁਮ ਤੋਂ ਤੈਅ ਕਰ ਭੀ ਨਾ ਪਾਏ ਆਪਣੀ ਤਰਜੀਆਤ ਕੋ।'

ਤੇ ਸਾਨੂੰ ਤਰਜੀਆਤ ਮਿੱਥ ਕੇ ਦਿਆਨਤਦਾਰੀ ਨਾਲ ਕੋਸ਼ਿਸ਼ ਕਰਨੀ ਹੋਵੇਗੀ.... ਫ਼ਰਦ ਤੇ ਰਿਆਸਤ ਦੋਵਾਂ ਨੂੰ। ਦਿਆਨਤਦਾਰੀ ਨਾਲ ਹਰ ਇੱਕ ਨੂੰ ਉਹਦੇ ਹਿੱਸੇ ਦਾ ਦੁੱਧ ਪਾਣਾ ਪਵੇਗਾ, ਪਾਣੀ ਨਹੀਂ। ਅਖ਼ੀਰ ਤਲਾਅ ਦੁੱਧ ਨਾਲ ਭਰ ਜਾਵੇਗਾ, ਪਰ ਅਸੀਂ ਤੇ ਨਿਰਾ ਆਪਣੇ ਹਿੱਸੇ ਦੇ ਦੁੱਧ ਦੀ ਥਾਂ ਪਾਣੀ ਪਾ ਰਹੇ ਹਾਂ ਤਲਾਅ ਵਿਚ .... ਤੇ ਰੱਬ ਦੀ ਉਡੀਕ ਵਿਚ ਹਾਂ ਕਿ ਉਹ ਕੰਮ ਬਣਾਉਣ ਵਾਲਾ ਹੈ, ਇਸ ਪਾਣੀ ਨਾਲ ਭਰੇ ਤਲਾਅ ਨੂੰ ਸੁਬ੍ਹਾ ਤਾਈਂ ਦੁੱਧ ਦਾ ਕਰ ਦੇਵੇਗਾ। ਅਸੀਂ ਆਪਣੇ ਆਪ ਨੂੰ ਧੋਖਾ ਦੇ ਰਹੇ ਹਾਂ, ਆਪਣੇ ਮੁਲਕ ਨੂੰ ਧੋਖਾ ਦੇ ਰਹੇ ਹਾਂ, ਇਥੋਂ ਤੀਕਰ ਕਿ ਆਪਣੇ ਰੱਬ ਨੂੰ ਵੀ ਧੋਖਾ ਦੇ ਰਹੇ ਹਾਂ।

ਮਲਿਕ : ਕੀ ਇਹ ਠੀਕ ਹੈ ਕਿ ਚੋਖਾ ਇਲਮ, ਲਿਖਣ ਦੇ ਰਾਹ ਵਿਚ ਰੁਕਾਵਟ ਬਣ ਸਕਦਾ ਏ?

ਰੰਧਾਵਾ : ਇਹ ਠੀਕ ਹੈ। ਇਸ ਲਈ ਤੇ ਇਲਮੋਂ ਬਸ ਕਰੀਂ ਓ ਯਾਰਾਂ।

ਮਲਿਕ : ਕੁਝ ਪਾਉਣ ਲਈ ਕੁਝ ਨਾ ਕੁਝ ਗਵਾਉਣਾ ਵੀ ਪੈਂਦਾ ਹੈ। ਤੁਹਾਡਾ ਕੋਈ ਅਜਿਹਾ ਤਜਰਬਾ?

ਰੰਧਾਵਾ : ਤੁਹਾਡੇ ਇਸ ਸਵਾਲ ਦਾ ਸੌਖਾ ਜਵਾਬ ਤੇ ਇਹ ਹੈ ਕਿ ਮੁੱਲ ਭਰੇ ਬਗ਼ੈਰ ਤੁਸੀਂ ਕੋਈ ਵੀ ਸ਼ੈਅ ਨਹੀਂ ਖਰੀਦ ਸਕਦੇ। ਇਹ ਜਾਤੀ ਤਜਰਬਾ ਹੀ ਹੈ।

ਮਲਿਕ : ਅੱਜਕੱਲ ਦੀ ਸਮਾਜੀ ਤੇ ਸਿਆਸੀ ਸੂਰਤੇਹਾਲ ਬਾਰੇ ਤੁਹਾਡੀ ਰਾਏ?

ਰੰਧਾਵਾ : ਸਾਡੀ ਕੋਈ ਇਕ ਤੰਦ ਤੇ ਨਹੀਂ ਵਿਗੜੀ ਹੋਈ, ਪੂਰੀ ਤਾਣੀ ਵਿਗੜੀ ਹੋਈ ਹੈ। ਠੀਕ ਹੁੰਦਿਆਂ-ਹੁੰਦਿਆਂ ਵੇਲਾ ਲੱਗੇਗਾ। ਦਿਲ ਮਾੜਾ ਨਹੀਂ ਕਰਨਾ। ਫਿਰ ਆਪਣੇ ਇਕ ਸ਼ਿਅਰ ਤੇ ਗੱਲ ਖ਼ਤਮ ਕਰਨਾ।

ਰੋਸ਼ਨੀ ! ਰੋਸ਼ਨੀ ! ਏ ਚਸ਼ਮਾ ਓ ਨੂਰ ਵ ਨਕਹਤ (ਖੁਸ਼ਬੂ)
ਜ਼ਿੰਦਗੀ ਰਾਤ ਕੇ ਸਹਿਰਾਓਂ ਮੇਂ ਆ ਠਹਿਰੀ ਹੈ।

ਮਲਿਕ : ਕਹਾਣੀ ਤੁਹਾਡੇ ਜ਼ਿਹਨ ਵਿਚ ਕਿਵੇਂ ਤੋੜ ਚੜ੍ਹਦੀ ਹੈ?

ਰੰਧਾਵਾ : ਕਹਾਣੀਆਂ ਆਏ ਦਿਨ ਸਾਡੇ ਤੇ ਵਾਪਰਦੀਆਂ ਨੇ। ਸਾਡੇ ਆਲੇ ਦੁਆਲੇ ਲੋਕਾਂ ਤੇ ਵਾਪਰਦੀਆਂ ਨੇ। ਲੋਕਾਂ ਤੇ ਵਾਪਰੀ ਹੋਈ ਅਸੀਂ ਉਨ੍ਹਾਂ ਤੋਂ ਸੁਣਦੇ ਹਾਂ, ਪੜ੍ਹਦੇ ਹਾਂ। ਕਹਾਣੀਆਂ ਸਾਡੇ ਮਾਹੌਲ, ਸਾਡੇ ਸਮਾਜ, ਸਾਡੇ ਕਾਨੂੰਨ, ਸਾਡੇ ਇਨਸਾਫ ਦੇ ਵਿਹੜਿਆਂ ਵਿਚ ਵਾਲ ਖਿਲਾਰੀ, ਬੇਸੁੱਧ, ਫੱਟੜ, ਪਾਟੇ ਲੀੜਿਆਂ ਵਿਚ, ਭੈੜੇ ਹਾਲ ਡਿੱਗਦੀਆਂ ਢਹਿੰਦੀਆਂ ਬੇਚੈਨ ਰੂਹਾਂ ਵਾਂਗੂੰ ਠੇਡੇ ਖਾਂਦੀਆਂ ਪਈਆਂ ਨੇ। ਉਹ ਸਾਡਾ ਪੱਲਾ ਫੜਦੀਆਂ ਨੇ... ਉਹ ਸਾਡਾ ਰਾਹ ਡੱਕਦੀਆਂ ਨੇ। ਸਾਡੇ ਵਿਚ ਖੁੱਭਦੀਆਂ ਨੇ। ਸਾਡੀਆਂ ਅੱਖਾਂ ਵਿਚ ਜੰਮ ਜਾਂਦੀਆਂ ਨੇ। ਸਾਡੇ ਦਿਲ ਵਿਚ ਲਹਿ ਜਾਂਦੀਆਂ ਨੇ। ਅਖ਼ੀਰ ਜ਼ਿਹਨ ਵਿਚ ਪਏ ਰੰਗਦਾਰ ਪੀਹੜਿਆਂ ਤੇ ਰਾਣੀਆਂ ਵਾਂਗੂੰ ਜਾ ਬਹਿੰਦੀਆਂ ਨੇ.... ਬੈਠੀਆਂ ਰਹਿੰਦੀਆਂ ਨੇ...... ਬੈਠੀਆਂ ਹੀ ਰਹਿੰਦੀਆਂ ਨੇ। ਫਿਰ ਉਨ੍ਹਾਂ ਵਿਚੋਂ ਕੋਈ ਅਚਨਚੇਤ, ਇਕ ਦਿਨ, ਦਿਲ ਦਾ ਬੂਹਾ ਖੜਕਾਉਂਦੀ ਹੈ ਤੇ ਆਖਦੀ ਹੈ, "ਮੈਨੂੰ ਲਿਖ" ਮੈਂ ਕਹਾਣੀ ਨੂੰ ਲਿਖਣ ਲਈ ਝਾੜਨਾ ਹਾਂ, ਚੁੰਮਦਾ ਹਾਂ ਤੇ ਉਹਨੂੰ ਲਿਖਣ ਲਈ ਸੋਚਦਾ ਹਾਂ। ਫਿਰ ਉਹ ਕਹਾਣੀ ਮੇਰੇ ਜ਼ਿਹਨ ਵਿਚ ਖਿਲਰਦੀ ਹੈ, ਪਸਰਦੀ ਹੈ, ਹੱਥ ਪੈਰ ਖੋਲ੍ਹਦੀ ਹੈ.... ਉਸ ਕਹਾਣੀ ਦੀ ਸਾਰੀ ਤਫ਼ਸੀਲ, ਉਹਦਾ ਤਾਣਾ ਪੇਟਾ .... ਤੇ। ਇਹ ਅਮਲ ਜਾਰੀ ਰਹਿੰਦਾ ਹੈ, ਕਦੇ ਹਫ਼ਤੇ, ਕਦੇ ਮਹੀਨੇ ਤੇ ਕਦੀਂ ਸਾਲ। ਇਹ ਸਾਰਾ ਅਮਲ ਸਿਰਫ਼ ਇਸ ਲਈ ਨਹੀਂ ਕਿ ਕਹਾਣੀ ਕੀ ਹੋਵੇਗੀ ਸਗੋਂ ਇਸ ਲਈ ਵੀ ਕਿ ਕਹਾਣੀ ਕਿਵੇਂ ਹੋਵੇਗੀ। ਕਹਾਣੀ ਦਾ ਮੁੱਢ, ਇਹਦਾ ਅੰਤ, ਇਹਦਾ ਮਾਹੌਲ, ਇਹਦੀ ਫ਼ਿਜ਼ਾ। ਗਰਜ਼ ਕਹਾਣੀ ਦੇ ਸਾਰੇ ਹਿੱਸੇ ਜ਼ਿਹਨ ਵਿਚ ਪੱਕਦੇ ਰਹਿੰਦੇ ਨੇ। ਇਥੋਂ ਤੱਕ ਕਿ ਇਹਦੇ ਫ਼ਿਕਰੇ ਵੀ। ਇਹ ਇਸ ਤਰ੍ਹਾਂ ਲਿਖਿਆ ਜਾਵੇ? ਜਾਂ ਇਸ ਤਰ੍ਹਾਂ ਲਿਖਿਆ ਜਾਵੇ ਜਾਂ ਕਿਸ ਤਰ੍ਹਾਂ ਲਿਖਿਆ ਜਾਵੇ? ਤੇ ਫਿਰ ਉਹ ਠੀਕ ਟੋਨ ਲੱਭ ਜਾਂਦੀ ਹੈ ਤੇ ਮੈਂ ਬਹਿ ਕੇ ਕਹਾਣੀ ਲਿਖ ਦਿੰਦਾ ਹਾਂ। ਮੈਂ ਕਹਾਣੀ ਇਕੋ ਬੈਠਕ ਵਿਚ ਪੂਰੀ ਕਰ ਲੈਂਦਾ ਹਾਂ। ਦੂਜੀ ਕਹਾਣੀ ਦਾ ਮੈਂ ਚੰਗੇ ਅਰਸੇ ਮਗਰੋਂ ਸੋਚਦਾ ਹਾਂ।

ਮਲਿਕ : ਤੁਹਾਡੀ ਤਕਨੀਕ?

ਰੰਧਾਵਾ : ਉੱਤੇ ਜਦੋਂ ਮੈਂ ਟੋਨ ਦੀ ਗੱਲ ਕਰ ਰਿਹਾ ਸਾਂ ਤੇ ਅਸਲ ਵਿਚ ਮੈਂ ਤਕਨੀਕ ਦੇ ਬਾਰੇ ਹੀ ਗੱਲ



ਕਰ ਰਿਹਾ ਸਾਂ। ਕਹਾਣੀ ਲਈ ਤਕਨੀਕ ਇਕ ਬੜਾ ਅਹਿਮ ਮਾਮਲਾ ਹੈ। ਕਹਾਣੀ ਲਿਖਣ ਦਾ ਢੰਗ ਹੀ ਅਸਲ ਵਿਚ ਕਹਾਣੀ ਦੇ ਮਿਆਲ ਦਾ ਫੈਸਲਾ ਕਰਦਾ ਹੈ। ਦੁਨੀਆਂ ਦੀਆਂ ਵੱਡੀਆਂ ਕਹਾਣੀਆਂ ਸਿਰਫ਼ ਇਸ ਲਈ ਵੱਡੀਆਂ ਨਹੀਂ ਕਿ ਉਨ੍ਹਾਂ ਵਿਚ ਬਿਆਨ ਕੀਤੀਆਂ ਗਈਆਂ ਕਹਾਣੀਆਂ ਵੱਡੀਆਂ ਹੁੰਦੀਆਂ ਨੇ। ਸਗੋਂ ਇਸ ਲਈ ਵੱਡੀਆਂ ਬਣਦੀਆਂ ਨੇ ਕਿ ਉਨ੍ਹਾਂ ਨੂੰ ਲਿਖਿਆ ਬੜੇ ਢੰਗ ਨਾਲ ਗਿਆ ਹੁੰਦਾ ਹੈ। ਜਿੰਨੀ ਕਹਾਣੀ ਵਿਚ ਕਹਾਣੀ ਨੂੰ ਅਹਿਮੀਅਤ ਹਾਸਲ ਹੈ, ਓਨੀ ਹੀ ਸਗੋਂ ਉਸ ਤੋਂ ਵੀ ਵੱਧ ਚੋਖੀ ਤਕਨੀਕ ਅਹਿਮ ਹੁੰਦੀ ਹੈ। ਮੈਂ ਹਰ ਕਹਾਣੀ ਲਈ ਹਰ ਵਾਰ ਨਵਾਂ ਢੰਗ, ਨਵੀਂ ਤਕਨੀਕ ਅਖ਼ਤਿਆਰ ਕਰਨਾ ਚਾਹੁੰਦਾ ਹਾਂ ਤੇ ਇਹਦੇ ਲਈ ਲੰਮੇ ਸੋਚ ਵਿਚਾਰ ਦੀ ਲੋੜ ਪੈਂਦੀ ਹੈ। ਆਪਣੀਆਂ ਕਹਾਣੀਆਂ ਦੇ ਦੂਜੇ ਮਜਮੂਏ 'ਮੁੰਨਾ ਕੋਹ ਲਾਹੌਰ' ਮਤਬੂਆ 1989 ਈ. ਵਿਚ ਮੈਂ ਤਕਨੀਕ ਦੇ ਕੁਝ ਨਵੇਂ ਤਜਰਬੇ ਕੀਤੇ ਸਨ।

ਮਲਿਕ : ਤੁਹਾਡੀ ਕੋਈ ਕਹਾਣੀ ਜਾਂ ਕਿਰਦਾਰ ਅਜਿਹਾ ਵੀ ਏ ਜਿਹੜਾ ਤੁਹਾਡੀ ਪਕੜ ਤੋਂ ਤਿਲਕ ਕੇ ਕੁਝ ਦਾ ਕੁਝ ਹੋ ਗਿਆ?

ਰੰਧਾਵਾ : ਮੇਰੀਆਂ ਕਹਾਣੀਆਂ ਤੇ ਨਾਵਲਾਂ ਵਿਚ ਕਈ ਕਿਰਦਾਰ ਅਜਿਹੇ ਨੇ ਜਿਹੜੇ ਮੈਨੂੰ ਫੜ ਕੇ ਖਲੋ ਜਾਂਦੇ ਨੇ ਤੇ ਮੈਨੂੰ ਬਾਰ-ਬਾਰ ਆਖਦੇ ਨੇ ਕਿ 'ਸਾਨੂੰ ਅਜਿਹੀ ਮੌਤ ਨਾ ਦਿਉ। ਸਾਡਾ ਅੰਤ ਇੰਝ ਨਾ ਕਰੋ।' ਤੇ ਮੈਂ ਬਿਲਕੁਲ ਅਖ਼ੀਰ ਵੇਲੇ ਇਨ੍ਹਾਂ ਵਿਚ ਕੁਝ ਤਬਦੀਲੀ ਕਰਕੇ ਇਨ੍ਹਾਂ ਨੂੰ ਬਦਲ ਦਿੰਦਾ ਹਾਂ। ਨਾਵਲ 'ਦੋਆਬਾ' ਵਿਚ ਮੈਂ ਅਖ਼ੀਰ ਤੇ ਸੌਦਾਗਰ ਸਿੰਘ ਦੇ ਹੱਥੋਂ ਡਾਂਗ ਸੁਟਾ ਕੇ ਉਹਦੀ ਬੁਜ਼ਦਿਲੀ ਤੇ ਹਰਾਮ ਮੌਤ ਨੂੰ ਇਕ ਬਹਾਦਰ ਮੌਤ ਵਿਚ ਬਦਲ ਦਿੱਤਾ। ਇਨਸਾਨ ਨੂੰ ਡਿੱਗਦਾ ਹੋਇਆ ਮੈਂ ਵੇਖ ਹੀ ਨਹੀਂ ਸਕਦਾ। ਬੁਰੇ ਤੋਂ ਬੁਰੇ ਕਿਰਦਾਰ ਵਿਚ ਵੀ ਮੈਨੂੰ ਚੰਗਿਆਈ ਦੀ ਭਾਲ ਰਹਿੰਦੀ ਏ ਤੇ ਕਈ ਵਾਰੀ ਮੈਂ ਇਸ ਨੂੰ ਐਨ ਆਖ਼ਰੀ ਘੜੀ ਵਿਚ ਉਸ ਕਿਰਦਾਰ ਵਿਚ ਖੋਜ ਵੀ ਲੈਂਦਾ ਹਾਂ। ਸਿਰਫ਼ 'ਦੋਆਬਾ' ਦਾ ਗੰਡਾ ਸਿੰਘ ਇਸ ਤੋਂ ਵਾਂਝਿਆ ਹੋਇਆ ਸੀ। ਨਾਵਲ 'ਸੂਰਜ ਗ੍ਰਹਿਣ' ਦੀ ਸਾਹਿਬਾ ਅਜਿਹੀ ਇਨਸਾਨੀ ਸ਼ਕਲ ਦੀ ਹੱਕਦਾਰ ਮੈਂ ਪਹਿਲਾਂ ਨਹੀਂ ਸੋਚੀ ਸੀ ਜਿਹੜੀ ਮੈਂ ਉਹਨੂੰ ਆਖ਼ਰੀ ਘੜੀ ਵਿਚ ਦੇ ਦਿੱਤੀ। ਮੇਰੇ ਨਾਲ ਕਿਸੇ ਕਿਰਦਾਰ ਦੇ ਹੱਥੋਂ ਤਿਲਕ ਕੇ ਕੁਝ ਦਾ ਕੁਝ ਹੋ ਜਾਣ ਦਾ ਮਾਮਲਾ ਘੱਟ ਹੀ ਹੁੰਦਾ ਹੈ। ਕਿ ਮੈਂ ਕਿਰਦਾਰਾਂ ਤੇ ਆਪਣੀ ਪਕੜ ਤਗੜੀ ਰੱਖਦਾ ਹਾਂ। ਮੇਰੇ ਨਾਲ ਮਸਲਾ ਤੇ ਇਹ ਹੁੰਦਾ ਹੈ ਕਿ ਮੇਰੇ ਕੁਝ ਕਿਰਦਾਰ ਮੈਨੂੰ Haunt ਕਰਦੇ ਰਹਿੰਦੇ ਨੇ।

ਮਲਿਕ : ਨਾਮਵਰ ਅਮਰੀਕੀ ਕਹਾਣੀਕਾਰ ਕੈਥਰਾਈਨ ਐਨ ਪੋਰਟਰ ਆਖਦੀ ਹੈ ਕਿ ਹਰ ਕਹਾਣੀ ਦਾ ਮੁੱਢ ਉਹਦੇ ਅੰਤ ਤੋਂ ਹੁੰਦਾ ਹੈ ਕਿਉਂ ਜੇ ਜਦੋਂ ਤੱਕ ਅੰਤ ਦਾ ਤਸੱਵਰ ਵਾਜ਼ੇ ਨਾ ਹੋਵੇ ਕਹਾਣੀ ਨਹੀਂ ਬਣਦੀ। ਉਨ੍ਹਾਂ ਦਾ ਇਹ ਆਖਣਾ ਕਿਸ ਹੱਦ ਤੀਕ ਠੀਕ ਏ?

ਰੰਧਾਵਾ : ਕਹਾਣੀ ਇੱਕ ਮੁਖਤਸਰ ਹੁੰਦੀ ਹੈ। ਇਹਦਾ ਖਿਲਾਰ ਬਹੁਤ ਮੁਖਤਸਰ ਹੁੰਦਾ ਹੈ ਪਰ ਬਹੁਤ ਜੁੜਿਆ ਹੋਇਆ। ਹਰ ਫ਼ਿਕਰਾ ਇਕ ਦੂਜੇ ਨੂੰ ਅੱਗੇ ਵਧਾਉਂਦਾ ਏ। ਚੰਗੀ ਕਹਾਣੀ ਦੀ ਇਕ ਤਾਰੀਫ਼ ਇਹ ਵੀ ਕਿ ਕੋਈ ਫ਼ਿਕਰਾ ਕੱਟਿਆ ਨਾ ਜਾ ਸਕੇ। ਇਸ ਲਈ ਜਦੋਂ ਤੁਸੀਂ ਕਹਾਣੀ ਸ਼ੁਰੂ ਕਰਦੇ ਹੋ ਤੇ ਉਹਦੇ ਅੰਤ ਬਾਰੇ ਵੀ ਤੈਅ ਕਰ ਚੁੱਕੇ ਹੁੰਦੇ ਹੋ, ਪਰ ਇਹ ਅੰਤ ਜਾਂ ਅਖ਼ੀਰ ਕਈ ਵਾਰੀ ਬਦਲ ਵੀ ਸਕਦਾ ਹੈ। ਕਹਾਣੀ ਲਈ ਉਹਦਾ ਨੁਕਤਾ ਆਗਾਜ਼ ਵੀ ਓਨਾ ਹੀ ਅਹਿਮ, ਉਹਦੀ ਉਠਾਨ ਵੀ ਓਨੀ ਅਹਿਮ, ਜ਼ਿੰਨਾ ਉਹਦਾ ਅੰਤ ਅਹਿਮ ਹੁੰਦਾ

ਹੈ। ਅੰਤ ਤੋਂ ਮੁਰਾਦ ਜੇ Climax ਲਈਏ ਤੇ ਇਸ ਕਹਾਣੀਕਾਰ ਬੀਬੀ ਦਾ ਆਖਿਆ ਇਸ ਲਈ ਠੀਕ ਹੈ ਕਿ ਸਾਰੀ ਕਹਾਣੀ climax ਦੇ ਦੁਆਲੇ ਉਣੀ ਜਾਂਦੀ ਹੈ। ਕਹਾਣੀ ਨੂੰ ਇਕੱਠਾ compact ਹੋਣਾ ਚਾਹੀਦਾ ਏ। ਇਸ ਲਈ ਕਹਾਣੀ ਦਾ ਹਰ ਹਿੱਸਾ ਅਹਿਮ ਹੁੰਦਾ ਹੈ ਤੇ ਇਹੋ ਜਿਹਾ ਧਿਆਨ ਮੰਗਦਾ ਹੈ।

ਮਲਿਕ : ਕੀ ਇਹ ਸੱਚ ਹੈ ਕਿ ਜ਼ਨਾਨੀਆਂ ਆਪਣੀਆਂ ਕਹਾਣੀਆਂ ਵਿਚ ਮਰਦ ਕਿਰਦਾਰਾਂ ਨਾਲ ਪੂਰਾ-ਪੂਰਾ ਇਨਸਾਫ਼ ਨਹੀਂ ਕਰ ਸਕਦੀਆਂ?

ਰੰਧਾਵਾ : ਇਹ ਸਾਰਾ ਸੱਚ ਤੇ ਨਹੀਂ ਹੋ ਸਕਦਾ ਤੇ ਜੇ ਇਹਨੂੰ ਪੂਰਾ ਸੱਚ ਮੰਨ ਵੀ ਲਿਆ ਜਾਵੇ ਤੇ ਇਹ ਵੀ ਮੰਨਣਾ ਪਵੇਗਾ ਕਿ ਮਰਦ ਹਜ਼ਰਾਤ ਆਪਣੀਆਂ ਕਹਾਣੀਆਂ ਵਿਚ ਜ਼ਨਾਨਾ ਕਿਰਦਾਰਾਂ ਨਾਲ ਪੂਰਾ-ਪੂਰਾ ਇਨਸਾਫ਼ ਨਹੀਂ ਕਰ ਸਕਦੇ ਸਗੋਂ ਜ਼ਨਾਨੀਆਂ ਤੇ ਇਕ ਪੈਰ ਅਗਾਂਹ ਜਾਂਦੀਆਂ ਨੇ ਜਦੋਂ ਉਹ ਇਹ ਆਖਦੀਆਂ ਨੇ ਕਿ ਮਰਦ ਹਜ਼ਰਾਤ ਤੇ ਜ਼ਨਾਨੀਆਂ ਬਣਕੇ ਸੋਚ ਹੀ ਨਹੀਂ ਸਕਦੇ।

ਮਲਿਕ : ਹੈਮਿੰਗਵੇ ਆਖਦੇ ਨੇ ਕਿ ਸਭ ਤੋਂ ਚੰਗੀ ਤਖ਼ਲੀਕ ਉਸ ਵੇਲੇ ਵਜੂਦ ਵਿਚ ਆਉਂਦੀ ਹੈ ਜਦੋਂ ਫਨਕਾਰ ਇਸ਼ਕ ਵਿਚ ਪੈਂਦਾ ਹੈ। ਤੁਹਾਡਾ ਕੀ ਖ਼ਿਆਲ ਹੈ?

ਰੰਧਾਵਾ : ਹੈਮਿੰਗਵੇ ਨਾ ਵੀ ਫ਼ਰਮਾਉਂਦੇ ਤੇ ਇਹ ਇਕ ਅਜ਼ਲੀ (ਸਦਾ ਰਹਿਣ ਵਾਲਾ) ਅਬਦੀ (ਅਮਰ) ਸੱਚ ਹੈ ਕਿ ਜਦੋਂ ਫਨਕਾਰ ਇਸ਼ਕ ਕਰ ਰਿਹਾ ਹੁੰਦਾ ਹੈ ਤੇ ਉਹ ਆਪਣੇ ਆਪ ਦੇ ਨਵੇਂ ਪੱਖ (Dimension) ਡਿਸਕਵਰ (Discover) ਕਰ ਰਿਹਾ ਹੁੰਦਾ ਹੈ। ਉਹ ਜਹਾਨ ਦੇ ਭੇਦਾਂ ਤੋਂ ਵਾਕਿਫ਼ ਹੋ ਰਿਹਾ ਹੁੰਦਾ ਹੈ। ਉਹ ਜਹਾਨ ਦੀ ਰੂਹ ਨਾਲ ਗੁੱਡੀ ਗੁੱਡੇ ਦੀ ਪੀਂਘ ਝੂਟ ਰਿਹਾ ਹੁੰਦਾ ਹੈ। ਤਖ਼ਲੀਕ ਦੇ ਛੁਪੇ ਬੂਹੇ ਉਹਦੇ ਸਾਹਮਣੇ ਸਾਫ਼ ਉੱਘੜ ਆਉਂਦੇ ਨੇ ਤੇ ਉਨ੍ਹਾਂ ਬੂਹਿਆਂ ਨੂੰ ਖੋਲ੍ਹਣ ਵਾਲਾ ਅਸਮ (ਪਾਪ ਗੁਨਾਹ) ਆਜ਼ਮ (ਮਹਾਨ) ਉਹਦੇ ਵੱਸ ਵਿਚ, ਉਹਦੀਆਂ ਉਂਗਲੀਆਂ ਵਿਚ ਆ ਚੁੱਕਿਆ ਹੁੰਦਾ ਹੈ। ਅੱਖਾਂ ਅੱਗੋਂ ਸਾਰੇ ਪਰਦੇ ਹੱਟ ਗਏ ਹੁੰਦੇ ਨੇ। ਮਜੱਸਮ ਹੁਸਨ, ਮਜੱਸਮ ਸੱਚ ਉਹਦੇ ਸਾਹਮਣੇ ਹੁੰਦਾ ਹੈ। ਅੰਦਰ ਦੇ ਪੰਘਰ ਕੇ ਖ਼ੂਨ ਹੁੰਦੇ ਪੱਥਰ ਦੀ ਸਿਆਹੀ ਵਿਚ ਦਿਲ ਦੇ ਖ਼ੂਨ ਦੀ ਸੁਰਖ਼ੀ ਦੇ ਰਲਣ ਨਾਲ ਉਹ scarlet ਸੱਚ ਲਿਖਦਾ ਹੈ ਜਿਹੜਾ ਅਬਦੀ ਹੁੰਦਾ ਹੈ।

ਮਲਿਕ : ਕੁਰਤ ਅਲ ਐਨ ਹੈਦਰ ਨੂੰ ਕਹਾਣੀਕਾਰੀ ਵਿਚ Trend setter ਮੰਨਿਆ ਜਾਂਦਾ ਹੈ। ਕੀ ਇਸ Trend ਤੋਂ ਤੁਸੀਂ ਵੀ ਮਤਾਸਰ ਹੋਏ?

ਰੰਧਾਵਾ : ਕੁਰਤ ਅਲ ਐਨ ਹੈਦਰ ਨੇ ਦੋ ਨਸਲਾਂ ਨੂੰ ਮਤਾਸਰ ਕੀਤਾ ਏ। ਮੈਂ ਉਨ੍ਹਾਂ ਦਾ ਕਾਰੀ ਰਿਹਾ ਹਾਂ। ਉਹ ਉਰਦੂ ਕਹਾਣੀ ਵਿਚ Trend setter ਹੋਣਗੇ ਤੇ ਅਕਸਰ ਉਰਦੂ ਦੇ ਅਦੀਬ ਆਏ ਦਿਨ ਉਨ੍ਹਾਂ ਦੀ ਚੋਰੀ ਵਿਚ ਫੜੇ ਵੀ ਹੁੰਦੇ ਨੇ। ਉਹ ਆਪ ਵੀ ਅਜਿਹਿਆਂ ਦੀ ਚੰਗੀ ਖ਼ਬਰ ਲੈਂਦੇ ਨੇ। ਪਰ ਪੰਜਾਬੀ ਕਹਾਣੀ ਤੇ ਨਾਵਲ ਕੁਰਤ ਅਲ ਐਨ ਹੈਦਰ ਦੇ 'ਜਹਾਨ ਦੀਗਰ' ਤੇ ਹਿੰਦੋਸਤਾਨ ਦੀ ਮੁਸਲਿਮ ਅਸ਼ਰਾਫੀਆ ਦੀਆਂ ਪੱਕੀਆਂ ਸੜਕਾਂ ਤੇ ਸਫਰ ਨਹੀਂ ਕਰਦੀ ਸਗੋਂ ਪੰਜਾਬ ਦੀਆਂ ਪੈਲੀਆਂ ਦੀਆਂ ਕੱਚੀਆਂ ਵੱਟਾਂ ਤੇ ਪਗਡੰਡੀਆਂ ਤੇ ਨੰਗੇ ਪੈਰੀਂ ਤੁਰ ਰਹੀ ਹੈ ਜਿਹੜੀ ਹਾਲੀਆਂ ਦੇ ਨੰਗੇ ਸਿਰ ਦੁੱਖਾਂ ਦੀ ਗੱਲ ਕਰਦੀ ਏ ਤੇ ਜਦੋਂ ਇਹ ਕਹਾਣੀ ਤੇ ਨਾਵਲ ਕਦੇ ਭੁੱਲ ਕੇ ਸ਼ਹਿਰ ਵਿਚ ਵੀ ਵੜਦੇ ਨੇ ਤੇ ਲੋਇਰ ਮਿਡਲ ਕਲਾਸ ਦੇ ਮਹੌਲਿਆਂ ਤੋਂ ਅੱਗੇ ਨਹੀਂ ਲੰਘਦੇ। ਮੇਰੇ ਨੇੜੇ ਕੁਰਤ ਅਲ ਐਨ ਹੈਦਰ ਦਾ ਅਸਰ ਪੰਜਾਬੀ



ਕਹਾਣੀ ਤੇ ਨਾਵਲ ਤੇ ਲੱਭਣਾ ਪੰਜਾਬੀ ਅਦਬ ਨਾਲ ਜ਼ਿਆਦਤੀ ਹੈ।

ਮਲਿਕ : ਜੇਮਜ਼ ਜਵਾਲਨਤੀ ਤੇ ਕਾਫ਼ਕਾ ਬਾਰੇ ਇਕ ਅੰਗਰੇਜ਼ ਨਕਾਦ ਆਖਦੇ ਨੇ ਕਿ ਇਨ੍ਹਾਂ ਦੋਵਾਂ ਨੇ ਬਿੱਲੀ ਵਾਂਗੂੰ ਆਪਣੀ-ਆਪਣੀ ਪਲੇਟ ਚੱਟ ਕੇ ਸਾਫ਼ ਕਰ ਦਿੱਤੀ ਸੀ। ਫਿਰ ਸਾਡੇ ਇਥੇ ਉਨ੍ਹਾਂ ਦੀ ਨਕਲ ਕਰਨ ਦੀ ਕੀ ਤੁਕ?

ਰੰਧਾਵਾ : ਮਗਰਬ ਪ੍ਰਸੱਤੀ ਦਾ ਮਹੱਜਬ ਸੌਦਾ।

ਮਲਿਕ : ਅੰਗਰੇਜ਼ੀ ਦੇ ਇਕ ਮਾਰੂਫ (ਮਸ਼ਹੂਰ) ਨਾਵਲ ਨਿਗਾਰ ਆਖਦੇ ਨੇ ਕਿ ਨਾਇਨਸਾਫ਼ੀ ਦੇ ਖ਼ਿਲਾਫ਼ ਰੱਦੇ ਅਮਲ ਕਈ ਵਾਰੀ ਅਜ਼ੀਮ ਅਦਬ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਸਾਡੇ ਇਥੇ ਇਹਦੀ ਕੋਈ ਮਸਾਲ?

ਰੰਧਾਵਾ : ਫ਼ੈਜ਼ ਅਹਿਮਦ ਫ਼ੈਜ਼। ਸਿੰਧੀ ਪੰਜਾਬੀ ਨਾਵਲ ਕਹਾਣੀ। ਆਖ਼ਰੀ ਮਾਰਸ਼ਲ ਲਾਅ ਦੇ ਦੌਰ ਵਿਚ ਤਖ਼ਲੀਕ ਹੋਣ ਵਾਲਾ ਉਹ ਅਦਬ ਜਿਹੜਾ ਕਿਸੇ ਤਾਰੀਫ਼ ਤੇ ਮਿਲੇ (ਇਨਾਮ) ਦੀ ਗ਼ਰਜ਼ ਤੋਂ ਬਗ਼ੈਰ ਲਿਖਿਆ ਗਿਆ ਤੇ ਉਹ ਵੀ ਜਿਹੜਾ ਅਜੇ ਸਾਹਮਣੇ ਨਹੀਂ ਆਇਆ।

ਮਲਿਕ : ਹੈਮਿੰਗਵੇ ਨੇ ਆਪਣੇ ਨਾਵਲਾਂ ਵਿਚ ਅਲਾਮਤ ਨਿਗਾਰੀ ਦੇ ਹਵਾਲੇ ਨਾਲ ਇਕ ਸਵਾਲ ਦਾ ਜਵਾਬ ਦਿੰਦਿਆਂ ਆਖਿਆ ਸੀ, ਮੈਂ ਏਸ ਮੌਜ਼ੂ ਤੇ ਗੱਲ ਕਰਨਾ ਪਸੰਦ ਨਹੀਂ ਕਰਦਾ, ਕਿਉਂ ਜੇ ਮੇਰਾ ਕੰਮ ਨਾਵਲ ਲਿਖਣਾ ਹੈ, ਉਨ੍ਹਾਂ ਦੀ ਵਜਾਹਤ ਕਰਨਾ ਨਹੀਂ ਤੇ ਜੇ ਵਜ਼ਾਹਤ ਦਾ ਕੰਮ ਵੀ ਮੈਂ ਸਾਂਭ ਲਵਾਂ ਤੇ ਵਿਚਾਰੇ ਨਕਾਦਾਂ ਦੀ ਗੱਲ ਕੌਣ ਸੁਣੇਗਾ? ਖ਼ੈਰ ਮੈਂ ਇਹ ਚਾਹੁੰਦਾ ਹਾਂ ਕਿ ਲੋਕੀ ਮੇਰੇ ਨਾਵਲਾਂ ਨੂੰ ਅਲਾਮਤ ਦੀ ਭਾਲ ਲਈ ਨਾ ਪੜ੍ਹਨ, ਸਗੋਂ ਸਿਰਫ਼ ਆਪਣੇ ਜ਼ੌਕ (ਅਨੰਦ) ਮਤਾਲਿਆ ਦੀ ਤਸਕੀਨ (ਤਸੱਲੀ) ਲਈ ਪੜ੍ਹਨ। ਤੁਹਾਡੇ ਖ਼ਿਆਲ ਵਿਚ ਹੈਮਿੰਗਵੇ ਦਾ ਇਹ ਬਿਆਨ ਅਲਾਮਤ ਨਗਾਰੀ ਦੇ ਹੱਕ ਵਿਚ ਹੈ ਜਾਂ ਇਹਦੇ ਖਿਲਾਫ਼?

ਰੰਧਾਵਾ : ਹੈਮਿੰਗਵੇ ਦੇ ਇਸ ਜਵਾਬ ਤੇ ਗੱਲ ਤੇ ਚੰਗੇ ਤਰੀਕੇ ਨਾਲ ਇਸ ਸਵਾਲ ਦੇ Verbatant ਨੂੰ ਪੜ੍ਹ ਕੇ ਤੇ ਇਸ ਸਾਰੀ ਗੱਲਬਾਤ ਤੋਂ ਪੂਰੀ ਜਾਣਕਾਰੀ ਮਗਰੋਂ ਹੀ ਹੋ ਸਕਦੀ ਏ। ਫਿਰ ਵੀ ਜਿਹੜਾ ਜਵਾਬ ਤੁਸੀਂ ਉਨ੍ਹਾਂ ਦਾ ਨਕਲ ਕੀਤਾ ਏ ਉਹਦੇ ਵਿਚ ਅਲਾਮਤ ਨਗਾਰੀ ਦੇ ਖ਼ਿਲਾਫ਼ ਤੇ ਕੁਝ ਨਜ਼ਰ ਨਹੀਂ ਆਉਂਦਾ ਤੇ ਅਲਾਮਤ ਨਗਾਰੀ ਦੇ ਹੱਕ ਵਾਲੀ ਵੀ ਅਜਿਹੀ ਕੋਈ ਗੱਲ ਨਹੀਂ। ਗੱਲ ਤੇ ਸਿਰਫ਼ ਐਨੀ ਹੈ ਕਿ ਅਦੀਬ ਦੀ ਤਖ਼ਲੀਕ ਨੂੰ ਹੀ ਆਪਣੀ ਗੱਲ ਸ਼ੁਰੂ ਕਰਨੀ ਚਾਹੀਦੀ ਹੈ, ਅਦੀਬ ਨੂੰ ਨਹੀਂ। ਅਦੀਬ ਦਾ ਉੱਕਾ ਇਹ ਕੰਮ ਨਹੀਂ ਕਿ ਉਹ ਆਪਣੀ ਕਹਾਣੀ ਜਾਂ ਨਾਵਲ ਛਪਣ ਮਗਰੋਂ ਤਸ਼ਰੀਹ (ਵਿਆਖਿਆ) ਤੇ ਤਫਸੀਰ (ਵਰਨਣ) ਬਿਆਨ ਕਰਦਾ ਫਿਰੇ। ਅਦੀਬ ਨੇ ਜੋ ਕੁਝ ਆਖਣਾ ਹੁੰਦਾ ਹੈ ਉਹ ਆਪਣੀ ਤਖ਼ਲੀਕ ਵਿਚ ਹੀ ਆਖਦਾ ਹੈ।

ਮਲਿਕ : ਅਲਾਮਤ ਨਗਾਰੀ ਤੇ ਤਜਰੀਦੀਅਤ ਦਾ ਸਫ਼ਰ ਤੈਅ ਕਰਨ ਮਗਰੋਂ ਕਹਾਣੀ ਹੁਣ ਫ਼ੇਰ ਹਕੀਕਤ ਨਗਾਰੀ ਵਲ ਪਰਤ ਰਹੀ ਹੈ। ਜੇ ਅਖ਼ੀਰ ਇਹ ਵੀ ਹੋਣਾ ਸੀ ਤੇ ਐਨੇ ਲੰਮੇ ਪੈਂਡੇ ਦਾ ਕੀ ਤੁੱਕ?

ਰੰਧਾਵਾ : ਜ਼ਿਹਨੀ ਅਵਾਰਾਗਰਦੀ ਵਿਚ ਨਵਾਂ ਤਜ਼ਰਬਾ।

**(ਲਿਪੀਅੰਤਰ - ਪਾਲ ਸਿੰਘ ਵੱਲਾ)**

# ਹਰਭਜਨ ਸਿੰਘ ਹੁੰਦਲ ਕਾਵਿ ਦਾ ਬਿੰਬ ਵਿਧਾਨ

- ਸਤਿੰਦਰ ਕੌਰ

ਸਰਚ ਸਕਾਲਰ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ

ਹਰਭਜਨ ਸਿੰਘ ਹੁੰਦਲ ਸਮਕਾਲੀ ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਸਮਰਪਿਤ ਅਤੇ ਸਮਾਜਿਕ ਪ੍ਰਤੀਬੱਧਤਾ ਵਾਲਾ ਸ਼ਾਇਰ ਹੈ। ਹੁੰਦਲ ਪੰਜਾਬੀ ਕਾਵਿ-ਜਗਤ ਵਿਚ ਇਕ ਨਿਵੇਕਲੀ ਪਹਿਚਾਣ ਵਾਲਾ ਸਿਰਜਕ ਹੈ। ਉਸਨੇ ਕੇਵਲ ਕਾਵਿਕ ਰਚਨਾ ਹੀ ਨਹੀਂ ਕੀਤੀ ਸਗੋਂ ਸਾਹਿਤ ਦੇ ਹੋਰ ਖੇਤਰਾਂ ਜਿਵੇਂ ਵਾਰਤਕ, ਸੰਪਾਦਨਾ ਅਤੇ ਕਾਵਿ-ਅਨੁਵਾਦ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ। ਸਾਹਿਤਕ ਹਲਕਿਆਂ ਵਿਚ ਉਸ ਦੀ ਪਹਿਚਾਣ ਕਾਵਿ-ਰਚਨਾ ਕਰਕੇ ਹੀ ਹੋਈ ਹੈ। ਉਸਦੇ ਵਿਚਾਰਾਂ 'ਤੇ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਭਾਵ ਹੈ। ਰੁਪਿੰਦਰਪਾਲ ਸਿੰਘ ਸੰਧੂ ਦੇ ਸ਼ਬਦਾਂ ਵਿਚ "ਹੁੰਦਲ ਨੇ ਕੇਵਲ ਕਵਿਤਾ ਲਿਖੀ ਹੀ ਨਹੀਂ, ਸਗੋਂ ਕਵਿਤਾ ਨੂੰ ਜੀਵਿਆ ਹੈ।"[1] ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ।

ਹੁੰਦਲ ਨੂੰ ਕਵਿਤਾ ਦੇ ਸੁਹਜਵਾਦੀ, ਸੰਕੇਤਕ ਤੇ ਸੂਖ਼ਮਤਾ ਆਦਿ ਗੁਣਾਂ ਦੀ ਭਲੀ ਪ੍ਰਕਾਰ ਜਾਣਕਾਰੀ ਹੀ ਨਹੀਂ ਸਗੋਂ ਉਹ ਉੱਚਤਮ ਕਲਾਤਮਕ ਪੂਰਨਤਾ ਨੂੰ ਪ੍ਰਾਪਤ ਕਰਨ ਲਈ ਦ੍ਰਿੜ ਸਾਧਕ ਵੀ ਹੈ। ਉਸਨੂੰ ਕਵਿਤਾ ਵਿਚ ਬਿੰਬਾਂ ਅਤੇ ਪ੍ਰਤੀਕਾਂ ਦੀ ਵਰਤੋਂ ਦੀ ਮਹੱਤਤਾ ਦਾ ਪੂਰਾ ਗਿਆਨ ਹੈ। ਭਾਵਾਂ ਅਤੇ ਵਿਚਾਰਾਂ ਦਾ ਜਿੰਨਾ ਸਫ਼ਲ ਤੇ ਸਹਿਜ ਪ੍ਰਗਟਾਵਾ ਬਿੰਬਾਂ ਤੇ ਪ੍ਰਤੀਕਾਂ ਦੁਆਰਾ ਹੋ ਸਕਦਾ ਹੈ, ਉਹ ਓਨਾ ਕਿਸੇ ਹੋਰ ਸਾਹਿਤਕ ਵਿਧੀ ਨਾਲ ਨਹੀਂ ਹੋ ਸਕਦਾ। ਬਿੰਬ ਕਾਵਿ ਦੀ ਸੁੰਦਰਤਾ ਵਿਚ ਵਾਧਾ ਹੀ ਨਹੀਂ ਕਰਦੇ ਸਗੋਂ ਕਾਵਿ ਦੇ ਭਾਵ ਨੂੰ ਦ੍ਰਿਸ਼ ਬਣਾ ਕੇ ਉਸਦਾ ਸੰਚਾਰ ਵੀ ਕਰਦੇ ਹਨ।

ਹੁੰਦਲ ਕਾਵਿ ਦੇ ਬਿੰਬ ਵਿਧਾਨ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਅਨਿਵਾਰੀ ਹੈ ਕਿ ਅਸਲ ਵਿਚ ਬਿੰਬ ਹੈ ਕੀ? ਬਿੰਬ ਸ਼ਬਦ ਅੰਗਰੇਜ਼ੀ ਭਾਸ਼ਾ ਦੇ 'Image' ਦਾ ਸਮਾਨਾਰਥੀ ਹੈ। ਇਮੇਜ (Image) ਸ਼ਬਦ ਦੀ ਵਿਉਂਤਪਤੀ ਲੈਟਿਨ ਦੇ ਇਮੇਗੋ (Imago) ਜਾਂ ਇਮੇਜੀਨਮ (Imaginum) ਤੋਂ ਹੋਈ ਹੈ ਜੋ ਕਿ ਇਮਿਟਰੀ (Imitari) ਜਾਂ ਇਮਿਟੇਟ (Imitate) ਨਾਲ ਸੰਬੰਧਿਤ ਹੈ। ਇਮਿਟੇਟ ਨੂੰ ਅਨੁਕ੍ਰਿਤੀ, ਦ੍ਰਿਸ਼ ਗ੍ਰਹਿਣ ਦਾ ਨਾਇਕ ਮੰਨਿਆ ਜਾਂਦਾ ਹੈ।[2] ਫਿਰ ਵੀ ਬਿੰਬ ਦਾ ਅਰਥ ਅਕਸ, ਪ੍ਰਤੀਛਾਇਆ, ਰੂਪ, ਤਸਵੀਰ ਆਦਿ ਲਿਆ ਜਾਂਦਾ ਹੈ।

ਵੱਖ-ਵੱਖ ਚਿੰਤਕਾਂ ਨੇ ਇਸ ਨੂੰ ਆਪਣੇ ਤਰੀਕੇ ਨਾਲ ਪਰਿਭਾਸ਼ਤ ਕੀਤਾ ਹੈ। ਆਕਸਫੋਰਡ ਸ਼ਬਦ ਕੋਸ਼ ਅਨੁਸਾਰ ਬਿੰਬ ਕਿਸੇ ਵਿਅਕਤੀ ਜਾਂ ਵਸਤੂ ਦੇ ਬਾਹਰੀ ਰੂਪ ਦੀ ਬਨਾਉਟੀ ਨਕਲ, ਅਨੁਕਰਨ, ਪ੍ਰਤੀਛਾਇਆ ਜਾਂ ਚਿੱਤਰ ਹੈ। ਕਿਸੇ ਵਸਤੂ ਦੀ ਗੋਚਰ ਪ੍ਰਤੀਮੂਰਤੀ ਹੈ। ਕਿਸੇ ਵਸਤੂ ਦਾ ਮਾਨਸਿਕ ਪ੍ਰਤੀਰੂਪ, ਪ੍ਰਤੀਕਿਰਤ, ਪ੍ਰਤੀਕ ਜਾਂ ਪ੍ਰਤੀਬਿੰਬ, ਗੋਚਰ ਜਾਂ ਅਲੰਕਾਰਕ ਚਿੱਤਰ ਹੁੰਦਾ ਹੈ।[3] ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਇੰਗਲਿਸ਼ ਲੈਂਗੁਏਜ਼ ਅਨੁਸਾਰ ਬਿੰਬ ਕਿਸੇ ਵੀ ਵਸਤੂ ਦਾ ਪ੍ਰਤੀਨਿਧ ਹੈ। ਬਿੰਬ ਨੂੰ ਕਿਸੇ ਸੰਵੇਦਨਾਤਮਕ ਅਨੁਭੂਤੀ ਦਾ ਪੁਨਰ ਨਿਰਮਾਣ ਅਰਥਾਂ ਵਿਚ ਵੀ ਲਿਆ ਜਾਂਦਾ ਹੈ।[4]

ਹਿੰਦੀ ਸਾਹਿਤ ਕੋਸ਼ ਦੇ ਅਨੁਸਾਰ ਬਿੰਬ ਦਾ ਅਰਥ ਪ੍ਰਤਿਮਾ, ਬਿੰਬ ਵਿਧਾਨ, ਉਪਮਾ ਦਾ ਪੰਜਵਾਂ ਪ੍ਰਕਾਰ ਹੈ।[5] ਡਾ. ਨਗੇਂਦਰ ਅਨੁਸਾਰ, "ਕਾਵਿ ਬਿੰਬ ਸ਼ਬਦਾਰਥ ਦੇ ਮਾਧਿਅਮ ਨਾਲ ਕਲਪਨਾ ਦੁਆਰਾ ਨਿਰਮਤ ਇਕ ਅਜਿਹੀ ਚੀਜ਼ ਹੈ, ਜਿਸ ਦੇ ਮੂਲ ਵਿਚ ਭਾਵ ਦੀ ਪ੍ਰੇਰਨਾ ਰਹਿੰਦੀ ਹੈ।"[6]

ਪੰਜਾਬੀ ਸਾਹਿਤ ਵਿਚ ਕਾਵਿ ਬਿੰਬ ਦੇ ਸਿਧਾਂਤ ਤੇ ਭਾਵੇਂ ਘੱਟ ਚਰਚਾ ਹੋਈ ਹੈ ਪਰ ਕਾਫ਼ੀ ਚਿੰਤਕਾਂ ਨੇ ਬਿੰਬ ਨੂੰ ਆਪਣੀ ਵਿਚਾਰ ਚਰਚਾ ਦਾ ਵਿਸ਼ਾ ਜ਼ਰੂਰ ਬਣਾਇਆ ਹੈ। ਡਾ. ਅਤਰ ਸਿੰਘ ਅਨੁਸਾਰ,



"ਭਾਸ਼ਾ ਤੇ ਬਿੰਬ ਵਿਧਾਨ ਅਸਾਨ ਵਿਚ ਉਹ ਰੂਹ ਹਨ, ਜਿਨ੍ਹਾਂ ਵਿਚ ਅਸੀਂ ਆਪਣੇ ਅਨੁਭਵ ਦੀ ਵਿਲੱਖਣਤਾ ਤੋਂ ਚੇਤੰਨ ਵੀ ਹੁੰਦੇ ਹਾਂ ਅਤੇ ਜਿਨ੍ਹਾਂ ਵਿਚ ਇਸ ਨੂੰ ਵਿਅਕਤ ਵੀ ਕਰਦੇ ਹਾਂ।"[7]

ਡਾ. ਪ੍ਰੇਮ ਪ੍ਰਕਾਸ਼ ਅਨੁਸਾਰ, "ਕਾਵਿ-ਬਿੰਬ ਸ਼ਬਦਾਂ ਨਾਲ ਸਿਰਜੇ ਹੋਏ ਚਿੱਤਰ ਹਨ, ਜਿਹੜੇ ਇੰਦਰਿਆਵੀ ਆਦੇਸ਼ ਤੇ ਜੋਸ਼ ਨੂੰ ਪ੍ਰਤੀਕਰਮਾਂ ਦੀ ਸ਼ਕਲ ਵਿਚ, ਪਾਠਕਾਂ ਦੀ ਚੇਤਨਾ ਵਿਚ ਉਜਾਗਰ ਕਰਦੇ ਹਨ ਅਤੇ ਕਾਵਿ-ਆਨੰਦ ਪੈਦਾ ਕਰਦੇ ਹਨ।"[8]

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਕਾਵਿ-ਬਿੰਬ ਸ਼ਬਦਾਂ ਦਾ ਬਣਿਆ ਇਕ ਸੁਹਜਮਈ ਸ਼ਬਦ ਚਿੱਤਰ ਹੈ। ਇਸ ਨਾਲ ਅਦਿੱਖ ਵਿਚਾਰ ਸਪੱਸ਼ਟ ਹੋ ਕੇ ਸਾਡੇ ਸਾਹਮਣੇ ਪੇਸ਼ ਹੁੰਦੇ ਹਨ। ਬਿੰਬ ਪਾਠਕ ਦੀ ਇੰਦਰਿਆਵੀ ਚੇਤਨਾ ਨੂੰ ਵੀ ਝੰਜੋੜਦਾ ਹੈ ਅਤੇ ਆਵੇਗ, ਸੰਵੇਦਨਾ ਤੇ ਭਾਵਨਾਵਾਂ ਬਿੰਬ ਦੀਆਂ ਮੁੱਖ ਲੋੜਾਂ ਹਨ।

ਹੁੰਦਲ ਪੇਂਡੂ ਪਿਛੋਕੜ ਵਾਲਾ ਕਵੀ ਹੈ। ਉਹ ਪਿੰਡ ਵਿਚ ਜੰਮਿਆ ਪਲਿਆ ਹੋਣ ਕਰਕੇ ਉਸਦੀ ਬਿੰਬਾਵਲੀ ਪੇਂਡੂ ਜਨ-ਜੀਵਨ ਵਾਲੀ ਹੈ। ਇਸ ਦੇ ਨਾਲ ਹੀ ਇਕ ਖ਼ਾਸ ਵਿਚਾਰਧਾਰਾ ਨਾਲ ਜੁੜੇ ਹੋਣ ਕਰਕੇ ਹੁੰਦਲ ਕਾਵਿ ਵਿਚ ਬਿੰਬ ਸੰਘਰਸ਼ਾਂ ਦੇ ਅਨੁਭਵਾਂ ਵਿਚੋਂ ਆਏ ਹਨ। ਉਸਨੇ ਖ਼ੁਦ ਸਿੱਧੇ ਤੌਰ ਤੇ ਸੰਘਰਸ਼ਾਂ ਵਿਚ ਭਾਗ ਲਿਆ ਜਿਸਦੇ ਫਲਸਰੂਪ ਅਨੁਭਵਾਂ ਰਾਹੀਂ ਉਹ ਆਪਣੀ ਕਵਿਤਾ ਵਿਚ ਮੌਲਿਕ ਬਿੰਬਾਂ ਦੀ ਸਿਰਜਣਾ ਕਰ ਸਕਿਆ ਹੈ। ਵਿਚਾਰਧਾਰਾ ਸੁਭਾਵਿਕ ਹੀ ਹਰੇਕ ਕਵੀ ਦੀ ਬਿੰਬਾਵਲੀ ਨੂੰ ਪ੍ਰਭਾਵਿਤ ਕਰਦੀ ਹੈ। ਹਰਭਜਨ ਸਿੰਘ ਹੁੰਦਲ ਵੀ ਜਿਸ ਵਿਚਾਰਧਾਰਾ ਨਾਲ ਜੁੜਿਆ ਉਸ ਵਿਚਾਰਧਾਰਾ ਦੀ ਬਿੰਬਾਵਲੀ ਉਸਦੀ ਕਵਿਤਾ ਵਿਚ ਵੇਖਣ ਨੂੰ ਮਿਲਦੀ ਹੈ। ਉਸ ਦੇ ਬਿੰਬ ਸਮਾਜਿਕ ਹਨ, ਉਹ ਕਿਸੇ ਦਿੱਬ ਲੋਕ ਤੋਂ ਕਾਫ਼ੀ ਦੂਰ ਹਨ। ਹੁੰਦਲ ਕਵਿਤਾ ਨੂੰ ਲੋਕ ਚੇਤਨਾ ਅਤੇ ਕ੍ਰਾਂਤੀ ਦਾ ਸਭ ਤੋਂ ਵੱਡਾ ਹਥਿਆਰ ਮੰਨਦਾ ਹੈ। ਇਸ ਸੰਦਰਭ ਵਿਚ ਨਿਮਨ ਸਤਰਾਂ ਵਿਚਾਰਨਯੋਗ ਹਨ –

ਕਵੀ ਮਰ ਸਕਦਾ ਹੈ, ਪਰ ਕਵਿਤਾ ਨਹੀਂ
ਕਿੰਝ ਕਤਲ ਕਰੋਗੇ, ਕਵਿਤਾ ਨੂੰ ਤੁਸੀਂ
ਅਦਾਲਤ ਚੁੱਪ ਸੀ
ਤੇ ਇਕ ਪ੍ਰਸ਼ਨ ਨੱਚਦਾ ਪਿਆ ਸੀ
ਕਵੀ ਦੇ ਬੁੱਲਾਂ ਤੇ।[9]

ਉਪਰੋਕਤ ਸਤਰਾਂ ਵਿਚ 'ਅਦਾਲਤ', 'ਪ੍ਰਸ਼ਨ ਦਾ ਨੱਚਣਾ' ਆਦਿ ਬਿੰਬ ਕਵਿਤਾ ਦੀ ਸ਼ਕਤੀ ਨੂੰ ਪ੍ਰਗਟ ਕਰਦੇ ਹਨ। ਜਿੱਥੇ ਇਸ ਕਵਿਤਾ ਵਿਚ ਦ੍ਰਿਸ਼ ਬਿੰਬ ਖੜ੍ਹਾ ਹੁੰਦਾ ਹੈ। ਉਥੇ ਅਦਾਲਤ ਉਨ੍ਹਾਂ ਲੋਕਾਂ ਦਾ ਬਿੰਬ ਹੈ ਜੋ ਕਵਿਤਾ ਦਾ ਮੂੰਹ ਬੰਦ ਕਰਨਾ ਚਾਹੁੰਦੇ ਹਨ। ਹੁੰਦਲ ਨੇ ਇਨ੍ਹਾਂ ਸਤਰਾਂ ਦਾ ਮੌਲਿਕ ਬਿੰਬ ਸਿਰਜਿਆ ਹੈ। ਜਿਸ ਘਟਨਾ ਨੂੰ ਉਸਨੇ ਹੱਡੀਂ ਹੰਢਾਇਆ ਉਸਨੂੰ ਬਿੰਬਾਂ ਰਾਹੀਂ ਰੂਪਮਾਨ ਕੀਤਾ।

'ਬੇਦਾਵਾ' ਨਾਂ ਦੀ ਕਵਿਤਾ ਵਿਚ ਕਵੀ ਚਿੜੀਆਂ ਤੇ ਬਾਜਾਂ ਦੇ ਬਿੰਬ ਦੀ ਵਰਤੋਂ ਕਰਦਾ ਹੋਇਆ ਇਕ ਅਜਿਹੇ ਪਾਤਰ ਦੀ ਪੇਸ਼ਕਾਰੀ ਕਰਦਾ ਹੈ ਜੋ ਪ੍ਰਸਥਿਤੀਆਂ ਦੇ ਦਬਾਅ ਅੱਗੇ ਡੋਲਦਾ ਨਹੀਂ।

ਉਹ ਤਾਂ ਜਦ ਵੀ
ਗੱਲ ਕਰਦਾ ਸੀ
ਚਿੜੀਆਂ ਦੀ ਹੀ
ਗੱਲ ਕਰਦਾ ਸੀ।
ਅੰਦਰਖਾਤੇ ਅਸੀਂ ਤਾਂ ਉਸਨੂੰ
ਕਈ ਵਾਰ ਸਮਝਾ ਚੁੱਕੇ ਸਾਂ।

ਆਪਣੇ ਵਲੋਂ
ਸਾਰੀ ਵਾਹ ਹੀ ਲਾ ਚੁੱਕੇ ਸਾਂ।
ਅਸੀਂ ਤਾਂ ਉਸਨੂੰ
ਆਖ ਰਹੇ ਸੀ
ਇਸ ਧਰਤੀ 'ਤੇ
ਚਿੜੀਆਂ ਵੀ ਤੇ ਬਾਜ
ਇਕੱਠੇ ਰਹਿ ਸਕਦੇ ਨੇ।[10]

'ਪਿੱਛੇ ਰਹਿ ਗਏ ਦੀ ਜ਼ੁਬਾਨੀ' ਕਵਿਤਾ ਵਿਚ ਕਈ ਮੌਲਿਕ ਬਿੰਬਾਂ ਦੀ ਸਿਰਜਣਾ ਕਰਦਾ ਪ੍ਰਤੀਤ ਹੁੰਦਾ ਹੈ।

ਤੇ ਦਾਤਰੀਆਂ ਰੰਬੇ ਬਣਾਉਂਦਾ
ਰੱਤੂ ਲੁਹਾਰ
ਹੁਣ ਰਾਤ ਦਿਨ ਜਿੰਦਰੇ ਹੀ ਜਿੰਦਰੇ
ਬਣਾਈ ਜਾਂਦਾ ਹੈ।
ਪਤਾ ਨਹੀਂ ਏਨੇ ਜੰਦਰੇ ਘਰਾਂ ਨੂੰ
ਲੱਗਣੇ ਹਨ ਕਿ ਜ਼ੁਬਾਨਾਂ ਨੂੰ।[11]

ਡਾ. ਕਰਮਜੀਤ ਸਿੰਘ 'ਕਵਿਤਾ ਦੀ ਤਲਾਸ਼' ਦੀ ਭੂਮਿਕਾ ਵਿਚ ਹੁੰਦਲ ਦੀ ਬਿੰਬਾਵਲੀ ਸੰਬੰਧੀ ਲਿਖਦਾ ਹੈ-

"ਹੁੰਦਲ ਦੇ ਗੀਤਾਂ, ਗ਼ਜ਼ਲਾਂ ਤੇ ਕਵਿਤਾਵਾਂ ਵਿਚ ਵਿਚਾਰ ਨੂੰ ਪਹਿਲ ਹੈ, ਇਸ ਲਈ ਪਾਠਕ ਦਾ ਧਿਆਨ ਇਸ ਵਿਚਾਰ ਨੂੰ ਗ੍ਰਹਿਣ ਕਰਦਾ ਤੁਰਿਆ ਜਾਂਦਾ ਹੈ। ਉਸਨੂੰ ਪਤਾ ਹੀ ਨਹੀਂ ਲੱਗਦਾ ਕਿ ਜਿਸ ਆਸਰੇ ਹੁੰਦਲ ਉਨ੍ਹਾਂ ਨੂੰ ਆਪਣੇ ਨਾਲ ਤੋਰ ਕੇ ਲੈ ਗਿਆ ਹੈ, ਉਹ ਉਸਦੀ ਮੌਲਿਕ ਸਿਰਜਣਾ ਹੈ ਤੇ ਵੱਖਰੀ ਸ਼ਬਦ-ਘਾੜਤ। ਪਰ ਥੋੜ੍ਹੇ ਜਿਹੇ ਧਿਆਨ ਨਾਲ ਵੇਖਿਆ ਪਤਾ ਲੱਗ ਜਾਂਦਾ ਹੈ ਕਿ ਉਸਦੀ ਹਰ ਸਤਰ ਕੋਈ ਬਿੰਬ ਸਿਰਜ ਰਹੀ ਹੁੰਦੀ ਹੈ।"[12]

ਪ੍ਰਗਤੀਵਾਦੀ ਪ੍ਰਤੀਬੱਧਤਾ ਦਾ ਕਵੀ ਹੋਣ ਦੇ ਨਾਤੇ ਹੁੰਦਲ ਕ੍ਰਾਂਤੀਕਾਰੀ ਬਿੰਬ, ਇਨਕਲਾਬੀ ਬਿੰਬ, ਇਤਿਹਾਸਕ ਬਿੰਬ ਅਤੇ ਭਾਵਨਾਤਮਕ ਬਿੰਬਾਂ ਦੀ ਵਰਤੋਂ ਕਰਦਾ ਦਿਖਾਈ ਦਿੰਦਾ ਹੈ। ਪ੍ਰਗਤੀਵਾਦੀ ਕਵੀ ਹਮੇਸ਼ਾ ਹੀ ਦੇਸ਼, ਦੁਨੀਆਂ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਹਾਲਤਾਂ ਬਾਰੇ ਵਿਚਾਰ ਚਰਚਾ ਕਰਦੇ ਹਨ, ਜਿਸ ਸਦਕਾ ਉਹ ਆਪਣੀ ਕਵਿਤਾ ਵਿਚ ਘਟਨਾਵਾਂ ਨੂੰ ਜਿਉਂ ਦਾ ਤਿਉਂ ਨਹੀਂ ਪੇਸ਼ ਕਰਦੇ ਬਲਕਿ ਉਹਨਾਂ ਘਟਨਾਵਾਂ ਦੀ ਪੜਚੋਲ ਕਰਕੇ ਆਪਣੇ ਸ਼ਬਦ ਚਿੱਤਰਾਂ ਤੇ ਬਿੰਬਾਂ ਰਾਹੀਂ ਉਸਨੂੰ ਇਕ ਲੜੀ ਵਿਚ ਪਰੋ ਦਿੰਦਾ ਹੈ। 'ਜੰਗਨਾਮਾ ਪੰਜਾਬ' ਵਿਚ ਹੁੰਦਲ ਆਪਣੇ ਰਾਜਨੀਤਕ ਅਨੁਭਵ ਰਾਹੀਂ ਨਾ-ਬਰਾਬਰੀ ਅਤੇ ਦੇਸ਼ ਦੀ ਮਾੜੀ ਹਾਲਤ ਉੱਪਰ ਵਿਅੰਗ ਕਰਕੇ ਬਿੰਬਾਂ ਰਾਹੀਂ ਪੇਸ਼ ਕਰਦਾ ਲਿਖਦਾ ਹੈ -

ਦਿੱਲੀ ਬੜੀ ਚਲਾਕ ਹੁਸ਼ਿਆਰ ਬਿੱਲੀ,
ਸਦਾ ਮਾਰਦੀ ਵੇਖ ਲਓ ਡੰਡੀਆਂ ਜੀ,
ਇਸ ਨੂੰ ਸਾਰੇ ਪ੍ਰਦੇਸ਼ ਨੇ ਇੰਝ ਲੱਗਦੇ,
ਹੋਣ ਜਿਵੇਂ ਵਪਾਰੀ ਦੀਆਂ ਮੰਡੀਆਂ ਜੀ।
ਸ਼ਾਹ ਮੁਹੰਮਦਾ ਦੇਸ਼ ਨੂੰ ਅੱਗ ਲੱਗੀ,
ਪਾਈਆਂ ਜਾਣ ਕੇ ਇਸ ਤਰ੍ਹਾਂ ਵੰਡੀਆਂ ਜੀ।[13]



ਇਸ ਕਵਿਤਾ ਵਿਚ 'ਦਿੱਲੀ' ਨੂੰ ਦੇਸ਼ ਦੀ ਰਾਜਨੀਤਿਕ ਸੱਤਾ ਦੇ ਬਿੰਬ ਰੂਪ ਵਿਚ ਵਰਤਿਆ ਗਿਆ ਹੈ। 'ਬਿੱਲੀ' ਜੋ ਕਿ ਇਕ ਚਲਾਕ ਜਾਨਵਰ ਹੈ ਉਸਨੂੰ ਦੇਸ਼ ਦੇ ਭ੍ਰਿਸ਼ਟਾਚਾਰੀ ਲੀਡਰਾਂ ਦੇ ਬਿੰਬ ਰੂਪ ਵਿਚ ਵਰਤਿਆ ਗਿਆ ਹੈ। 'ਅੱਗ' ਦੇਸ਼ ਵਿਚ ਹੋ ਰਹੇ ਫਿਰਕੂ ਦੰਗੇ ਫਸਾਦਾਂ ਦਾ ਪ੍ਰਤੀਕ ਹੈ। 'ਸ਼ਾਹ ਮੁੰਹਮਦਾ' ਜਿਸ ਨੇ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਦਾ' ਲਿਖਿਆ ਉਸਨੂੰ ਬਿੰਬ ਰੂਪ ਵਿਚ ਵਰਤ ਕੇ ਹੁੰਦਲ ਨੇ ਇਕ ਨਵਾਂ ਸਾਹਿਤਕ ਬਿੰਬ ਸਿਰਜਿਆ ਹੈ।

ਪ੍ਰੋ. ਨਵਜੋਤ ਕੌਰ ਅਨੁਸਾਰ, "ਹੁੰਦਲ ਕਾਵਿ ਵਿਚ ਬਿੰਬ ਥਾਂ ਪੁਰ ਥਾਂ ਨਹੀਂ ਮਿਲਦੇ, ਕਿਉਂਕਿ ਬੁਨਿਆਦੀ ਤੌਰ 'ਤੇ ਉਹ ਬਿੰਬਵਾਦੀ ਕਵੀ ਨਹੀਂ ਹੈ। ਪਰ ਉਸਦੀ ਸਮੁੱਚੀ ਰਚਨਾ ਵਿਚ ਬਿੰਬ ਸਿਰਜਣਾ ਅਸਲੋਂ ਅਲੋਪ ਵੀ ਨਹੀਂ ਹੋਏ।"[14] ਅਚੇਤ ਹੀ ਸਹੀ ਹੁੰਦਲ ਕਾਵਿ ਵਿਚ ਬਿੰਬਾਂ ਦੀ ਭਰਮਾਰ ਹੈ। ਹੁੰਦਲ ਆਪਣੀ ਰਚਨਾ ਵਿਚ ਘਸੇ ਪੁਰਾਣੇ ਹੋਏ ਬਿੰਬਾਂ ਨੂੰ ਕੋਈ ਸਥਾਨ ਨਹੀਂ ਦਿੰਦਾ ਸਗੋਂ ਉਸ ਲਈ ਤਾਂ ਤਾਜ਼ੇ-ਮੌਲਿਕ ਬਿੰਬਾਂ ਦੀ ਹੀ ਅਹਿਮੀਅਤ ਹੈ।

ਘਸਿਆਂ ਬਿੰਬਾਂ ਦੇ ਵਿਚ ਉਸਨੂੰ
ਭੋਰਾ ਵੀ ਵਿਸ਼ਵਾਸ ਨਹੀਂ ਸੀ
ਇਹਨਾਂ ਰਾਹੀਂ ਆਪਣੇ ਦਿਲ ਦੀ ਗੱਲ ਕਹਿਣ ਦੀ
ਉਸਨੂੰ ਕੋਈ ਆਸ ਨਹੀਂ ਸੀ।[15]

ਹਰਭਜਨ ਸਿੰਘ ਹੁੰਦਲ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਅਥਾਹ ਮੋਹ ਹੈ। 'ਜੰਗਲ ਦਾ ਬਾਦਸ਼ਾਹ' ਵਿਚ ਇੰਦਰਾ ਗਾਂਧੀ ਤੇ ਸੰਜੇ ਗਾਂਧੀ ਦੀ ਚੜ੍ਹਤ, 'ਆਦਮ ਕੱਦ ਸ਼ੀਸ਼ਾ' ਵਿਚ ਮੁਖੌਟਾਧਾਰੀ ਸਮਕਾਲੀਆਂ ਤੇ ਕੀਤੇ ਵਿਅੰਗ ਵਿਚ ਕਵੀ ਨੇ ਲੂੰਬੜੀ ਦਾ ਬਿੰਬ ਵਰਤ ਕੇ ਸਾਰੀ ਅਵਸਥਾ ਨੂੰ ਰੂਪਮਾਨ ਕੀਤਾ ਹੈ -

ਲੂੰਬੜੀ ਚਾਤਰ ਬੜੀ ਸੀ
ਤੇ ਅੰਗੂਰਾਂ ਦੀ ਸ਼ੌਕੀਨ
ਸਾਰਾ ਜੰਗਲ ਖ਼ੂਬ ਉਸਨੂੰ ਜਾਣਦਾ
ਏਨੀਆਂ ਤੈਹਾਂ ਸੀ ਉਸ ਦੀ ਚਤਰਾਈ ਦੀਆਂ
ਕਿ ਭੇਦ ਉਸਦਾ ਨਾਂ ਕਿਸੇ ਪੂਰਾ ਕਦੇ ਵੀ ਜਾਣਿਆ।[16]

'ਜੰਗਨਾਮਾ ਪੰਜਾਬ' ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਹੁੰਦਲ ਨੇ ਭਾਵੁਕ ਬਿੰਬਾਂ ਰਾਹੀਂ ਪੇਸ਼ ਕੀਤਾ ਹੈ। 'ਉਲਝੀਆਂ ਤੰਦਾਂ', 'ਘੁੱਗ ਵੱਸਦੇ', 'ਕਿਲਕਾਰੀਆਂ' ਆਦਿ ਬਿੰਬ ਉਸਨੇ ਘਟਨਾ ਨੂੰ ਸਪੱਸ਼ਟ ਰੂਪ ਵਿਚ ਬਿਆਨਣ ਲਈ ਵਰਤੇ ਹਨ।

ਮਾਰ ਇੰਦਰਾ ਉਲਝੀਆਂ ਹੋਰ ਤੰਦਾਂ,
ਉਲਟਾ ਪਈਆਂ ਮੁਸੀਬਤਾਂ ਭਾਰੀਆਂ ਜੀ।
ਘੁੱਗ ਵੱਸਦੇ ਘਰਾਂ ਨੂੰ ਸਾੜ ਦਿੱਤਾ,
ਵਿਧਵਾ ਰੋਂਦੀਆਂ ਫਿਰਦੀਆਂ ਨਾਰੀਆਂ ਜੀ।
ਟਾਇਰ ਚਾੜ੍ਹ ਕੇ, ਸਿਰਾਂ ਨੂੰ ਅੱਗ ਲਾਉਂਦੇ,
ਪਿੱਛੋਂ ਮਾਰਦੇ ਦੁਸ਼ਟ ਕਿਲਕਾਰੀਆਂ ਜੀ।
ਸ਼ਾਹ ਮੁਹੰਮਦਾ ਵੇਖ ਕੇ ਕਤਲ ਹੁੰਦੇ,
ਫੌਜਾਂ ਚੁੱਪ ਖਲੋਤੀਆਂ ਸਾਰੀਆਂ ਜੀ।[17]

ਡਾ. ਰਘਬੀਰ ਸਿੰਘ ਅਨੁਸਾਰ, "ਬਿੰਬਾਂ ਤੇ ਚਿੰਨ੍ਹਾਂ ਰਾਹੀਂ ਪੰਜਾਬ ਦੀ ਵਰਤਮਾਨ ਸਥਿਤੀ ਦਾ

ਨਿਰੂਪਣ ਕਰਦਾ ਹੋਇਆ ਉਹ ਆਪਣੀ ਗੱਲ ਨੂੰ ਬਿਲਕੁਲ ਅਮੂਰਤ ਨਹੀਂ ਬਣਾਉਂਦਾ, ਸਗੋਂ ਠੋਸ ਹਵਾਲੇ ਦਿੰਦਿਆਂ ਹੋਇਆ ਦੋਸ਼ੀਆਂ ਉੱਤੇ ਉਂਗਲ ਵੀ ਧਰਦਾ ਹੈ। ਪੰਜਾਬ ਦੇ ਵਰਤਮਾਨ ਦੁਖਾਂਤ ਲਈ ਉਹ ਸਿਆਸਤਦਾਨ ਜ਼ਿੰਮੇਵਾਰ ਹਨ, ਜੋ ਆਪਣੇ ਸਵਾਰਥ ਲਈ ਵੱਡੇ ਦਰਬਾਰ ਵਿਚ ਪੂਛ ਹਿਲਾਉਂਦੇ ਰਹੇ ਹਨ।[18]

ਹੁੰਦਲ ਕਾਵਿ ਵਿਚ ਬਿੰਬ ਵੇਖ ਕੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਸਦੀ ਕਵਿਤਾ ਕਲਾਤਮਕ ਪੱਖੋਂ ਕਾਫ਼ੀ ਮਜ਼ਬੂਤ ਹੈ। ਉਸ ਦੀਆਂ ਕਵਿਤਾਵਾਂ ਨੂੰ ਧਿਆਨ ਨਾਲ ਪੜ੍ਹਨ ਦੇਖਣ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਉਸਨੇ ਹਰ ਸਤਰ ਵਿਚ ਕਿਸੇ ਨਾ ਕਿਸੇ ਬਿੰਬ ਦੀ ਸਿਰਜਣਾ ਕੀਤੀ ਹੈ।

ਹੱਥੀਂ ਵੀ ਕੁਝ ਬੀਜੀ ਦੇ ਨੇ, ਸੁਪਨੇ ਸੁਹਜ ਉਮੰਗਾਂ,
ਬੈਠ ਰਹੀਂ ਨਾ ਆਸਾਂ ਲਾ ਕੇ, ਸੁਰਖ ਸਵੇਰੇ ਉੱਤੇ।[19]

ਜਾਂ

ਇਨਕਲਾਬ ਖੇਤਾਂ ਵਿਚ ਉੱਗੀ
ਆਪ ਮੁਹਾਰੀ ਖੁੰਬ ਨਹੀਂ,
ਸਿਰ ਤਲੀ 'ਤੇ ਰੱਖ ਕੇ
ਗਲੀਆਂ ਵਿਚ ਨਿਕਲ ਆਉਣ ਦਾ ਉਪਰਾਲਾ ਹੈ।[20]

ਪਹਿਲੀ ਉਦਾਹਰਣ ਵਿਚ 'ਸੁਹਜ ਉਮੰਗਾਂ' ਅਤੇ 'ਸੁਰਖ ਸਵੇਰਾ' ਸਮਾਜਵਾਦੀ ਯੁੱਗ ਦੇ ਪ੍ਰਤੀਕ ਹਨ। 'ਹੱਥੀਂ ਬੀਜਣਾ' ਸੰਘਰਸ਼ ਦਾ ਸੱਦਾ ਹੈ। ਦੂਸਰੀ ਉਦਾਹਰਣ ਵਿਚ ਕ੍ਰਾਂਤੀਕਾਰੀ ਬਿੰਬਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। 'ਸਿਰ ਤਲੀ 'ਤੇ ਰੱਖਣਾ' ਬਾਬਾ ਦੀਪ ਸਿੰਘ ਦੀ ਸ਼ਹੀਦੀ ਦੀ ਯਾਦ ਦਿਵਾਉਂਦਾ ਹੈ ਜੋ ਸੰਘਰਸ਼ ਤੇ ਕੁਰਬਾਨੀ ਦਾ ਬਿੰਬ ਸਿਰਜਦਾ ਹੈ। 'ਖੁੰਭ' ਦਾ ਬਿੰਬ ਪੇਸ਼ ਕਰਕੇ ਹੁੰਦਲ ਸਮਾਜਵਾਦੀ ਕ੍ਰਾਂਤੀ ਦੇ ਮਹੱਤਵ ਨੂੰ ਪੇਸ਼ ਕਰਦਾ ਹੈ।

ਹੁੰਦਲ ਕਾਵਿ ਵਿਚ ਸਾਹਿਤਕ ਤੇ ਸਭਿਆਚਾਰਕ ਬਿੰਬ ਵੀ ਦੇਖਣ ਨੂੰ ਮਿਲਦੇ ਹਨ। ਬੁੱਲ੍ਹੇ ਸ਼ਾਹ, ਵਾਰਸ ਸ਼ਾਹ, ਸ਼ਾਹ ਹੁਸੈਨ ਆਦਿ ਸਾਹਿਤਕਾਰਾਂ ਨੂੰ ਉਹ ਆਪਣੀ ਕਵਿਤਾ ਵਿਚ ਬਿੰਬ ਰੂਪ ਵਿਚ ਪ੍ਰਗਟ ਕਰਦਾ ਹੈ। ਉਹ ਬਿੰਬ ਪੰਜਾਬੀ ਸਾਹਿਤ ਵਿਚੋਂ ਇਕੱਠੇ ਕਰਦਾ ਹੈ –

ਜੇ ਹੈ ਤੂੰ ਚੁੱਪ ਦਰਸ਼ਕ ਰਹਿਣਾ,
ਸਾਰਾ ਕੁਝ ਢਹਿ ਜਾਵੇਗਾ।
ਕਿਸੇ ਬੂਹੇ 'ਚੋਂ 'ਬੁੱਲ੍ਹਾ' ਆ ਕੇ,
ਆਪਣੀ ਕਾਫ਼ੀ ਗਾਵੇਗਾ।
ਹੌਲੀ ਹੌਲੀ ਸਾਂਝੇ ਘਰ 'ਚੋਂ,
'ਵਾਰਸ' ਵਰਗੇ ਖਿਸਕਣਗੇ।
'ਨਾਓਂ ਹੁਸੈਨਾ ਜਾਤ ਜੁਲਾਹਾ'
ਕਿਹੜਾ ਸੱਚ ਸੁਣਾਵੇਗਾ।[21]

'ਗੁਰੂ ਅਰਜਨ ਦੇਵ', 'ਗੁਰੂ ਤੇਗ ਬਹਾਦਰ', 'ਯਾਰੜੇ ਦਾ ਸੱਥਰ' ਆਦਿ ਕਵਿਤਾਵਾਂ ਵਿਚ ਕਵੀ ਨੇ ਪੰਜਾਬੀ ਜੀਵਨ ਤੇ ਸਭਿਆਚਾਰਕ ਵਿਰਸੇ ਵਿਚੋਂ ਆਪਣੇ ਬਿੰਬ ਤੇ ਪ੍ਰਤੀਕ ਚੁਣੇ ਹਨ ਅਤੇ ਨਾਲ ਹੀ ਉਨ੍ਹਾਂ ਦੇ ਪੈਰੋਕਾਰਾਂ ਨੂੰ ਚੁਣੌਤੀ ਵੀ ਦਿੱਤੀ ਹੈ ਕਿ ਉਹ ਸਮੇਂ ਦੇ ਸੱਚ ਨੂੰ ਪਛਾਨਣ ਅਤੇ ਸਮਾਜਿਕ ਵਿਕਾਸ ਵਿਚ ਆਪਣਾ ਯੋਗਦਾਨ ਪਾਉਣ।

ਗੁਰੂ ਅਰਜਨ ਦੀ ਸ਼ਹੀਦੀ



ਬੀਤ ਚੁੱਕੇ ਦੀ ਕਹਾਣੀ ਨਹੀਂ ਹੈ
ਇਹ ਕਹਾਣੀ
ਰੋਜ਼ ਸਾਡੇ ਹਿਰਦਿਆਂ ਚੋਂ
ਲੰਘਦੀ ਹੈ
ਇਹ ਕਹਾਣੀ
ਰੋਜ਼ ਸਾਡੇ ਜਜ਼ਬਿਆਂ ਨੂੰ ਰੰਗਦੀ ਹੈ
ਇਹ ਕਹਾਣੀ ਤਾਂ ਪੁਰਾਣੀ ਨਹੀਂ ਹੈ।[22]

ਜਾਂ

ਜਿਸ ਧਰਤੀ ਨੂੰ
ਤੇਗ ਬਹਾਦਰ ਨਾਲ ਲਹੂ ਦੇ
ਸਿੰਜਦਾ ਹੈ
ਉਸ ਮਿੱਟੀ 'ਚੋਂ ਸੂਰਜ ਬਣ ਕੇ
ਗੁਰੂ ਗੋਬਿੰਦ ਉਭਰਦਾ ਹੈ।[23]

ਹਰਭਜਨ ਸਿੰਘ ਹੁੰਦਲ ਨੇ ਆਪਣੀ ਕਵਿਤਾ ਵਿਚ ਬਹੁਤ ਸਾਰੇ ਇਤਿਹਾਸਕ ਬਿੰਬ ਵੀ ਵਰਤੇ ਹਨ। ਜਿਵੇਂ ਪੰਜਾਬ ਸੰਤਾਪ, ਨਕਸਲਬਾੜੀ ਲਹਿਰ, ਦੇਸ਼ ਦੀ ਆਜ਼ਾਦੀ ਦੀਆਂ ਇਤਿਹਾਸਕ ਘਟਨਾਵਾਂ ਨੂੰ ਉਸਨੇ ਆਪਣੀ ਕਵਿਤਾ ਵਿਚ ਪੇਸ਼ ਕੀਤਾ ਹੈ –

ਮੈਂ ਹਾਕਮਾਂ ਦੀ ਦਾੜ੍ਹ ਹੇਠ ਕੜਕਦੀ ਹੋਈ ਹੱਡੀ ਹਾਂ
ਲੁਟੇਰਿਆਂ ਨੂੰ ਸੁੱਖਾਂ ਸੁਖਦੇ ਮਿਲਿਆ
ਸੁਨਹਿਰੀ ਮੌਕਾ ਹਾਂ
ਘਰ ਦੇ ਜੰਮਿਆਂ ਦੀ ਕਮ-ਅਕਲੀ ਦਾ
ਮੂੰਹ ਬੋਲਦਾ ਸਬੂਤ ਹਾਂ
ਦੇਸ਼ ਦੀ ਦੁੱਖਦੀ ਹੋਈ ਰਗ ਹਾਂ
ਨੀਮ ਹਕੀਮਾਂ ਦਾ ਜਾਣ-ਬੁੱਝ ਕੇ
ਵਿਗੜਿਆ ਮਰੀਜ਼ ਹਾਂ
ਫੌਜੀ ਬੂਟਾਂ ਹੇਠ ਮਿੱਧਿਆ ਕਣਕ ਦਾ ਸਿੱਟਾ ਹਾਂ
ਹਤਿਆਰੇ ਦੀ ਗੋਲੀ ਨਾਲ ਮਰਿਆ ਮਾਸੂਮ ਬੱਚਾ ਹਾਂ।[24]

ਜਾਂ

ਇਹ ਜੋ ਲਾਲ ਪਗੜੀਆਂ ਹੀ ਬਣ ਬੈਠੀਆਂ ਨੇ
ਜੱਜ ਤੇ ਵਕੀਲ
ਇਹ ਜੋ ਬੰਦੂਕਾਂ ਖੋਲ੍ਹ ਬੈਠੀਆਂ ਨੇ ਪਿੰਡ ਪਿੰਡ
ਜਜ਼ੀਆ ਉਗਰਾਉਣ ਦੇ ਦਫ਼ਤਰ
ਇਹ ਜੋ ਦੀਨ ਦੀ ਰਾਖੀ ਦੇ ਨਾਂ ਤੇ ਹੁੰਦੀ ਹੈ
ਸਿਵਿਆਂ ਦੀ ਪ੍ਰਕਰਮਾ
ਇਹ ਜੋ ਔਰੰਗਜੇਬ ਫਿਰਦਾ ਹੈ ਗਲੀ ਗਲੀ ਚੁੱਕੀ ਕੁਰਾਨ
ਆਖ਼ਰ ਕਦੋਂ ਉੱਠ ਕੇ ਆਖਾਂਗੇ ਕਿ ਬੰਦ ਕਰੋ

ਭੂਤਾਂ ਦਾ ਇਹ ਤਾਂਡਵ ਨਾਚ।[25]

ਹੁੰਦਲ ਨੇ ਆਪਣੇ ਕਾਵਿ-ਸੰਗ੍ਰਹਿ ਦੋਸਤੀਨਾਮਾ ਵਿਚ ਬਿੰਬਾਂ ਦਾ ਬੜੇ ਕਲਾਤਮਕ ਢੰਗ ਨਾਲ ਇਸਤੇਮਾਲ ਕੀਤਾ ਹੈ। ਇਸ ਦੀਆਂ ਉਦਾਹਰਣਾਂ ਨਿਮਨ ਪ੍ਰਕਾਰ ਹਨ –

ਜੇ ਤੂੰ ਜ਼ਹਿਰ ਹੀ ਫੱਕਣਾ ਸਿੱਖਿਆ ਹੈ
ਅਸੀਂ ਸ਼ਹਿਦ ਨਹੀਂ ਘੋਲ ਪਿਆ ਸਕਦੇ।[26]

ਜਾਂ

ਰੁੱਸੀ 'ਸਿਰਜਣਾ', ਜਦੋਂ 'ਚਿਰਾਗ਼' ਜਗਿਆ,
ਸਿੱਧੇ ਮੂੰਹ ਬੋਲੀ ਫਿਰ ਨਾ ਬਾਅਦ ਬੇਲੀ।
ਇਕ ਤੂੰ ਹੀ ਝੱਲਿਆ ਰਹਿ ਗਿਆ ਸੀ,
ਕਰੇ ਮੋਹ ਦੇ ਰੰਗ ਬਰਬਾਦ ਬੇਲੀ।[27]

ਉਪਰੋਕਤ ਸਤਰਾਂ ਵਿਚ 'ਸਿਰਜਣਾ' ਅਤੇ 'ਚਿਰਾਗ਼' ਮੈਗਜ਼ੀਨ ਹਨ ਜਿਨ੍ਹਾਂ ਨੂੰ ਬਿੰਬ ਦੇ ਰੂਪ ਵਿਚ ਸਿਰਜ ਕੇ ਕਵੀ ਨੇ ਆਪਣੇ ਭਾਵਾਂ ਦੀ ਅਭਿਵਿਅਕਤੀ ਕੀਤੀ ਹੈ। ਕਵੀ ਸਪੱਸ਼ਟ ਕਰਦਾ ਹੈ ਕਿ ਜਦੋਂ ਉਸਨੇ 'ਚਿਰਾਗ਼' ਦੀ ਪ੍ਰਕਾਸ਼ਨਾ ਆਰੰਭੀ ਤਾਂ ਉਸਦੇ ਮਿੱਤਰ ਰੰਗ ਵਟਾ ਗਏ।

ਬਿੰਬਾਂ ਦੁਆਰਾ ਆਪਣੀ ਗੱਲ ਕਹਿਣੀ ਕੋਈ ਆਸਾਨ ਕੰਮ ਨਹੀਂ ਹੈ। ਕੋਈ ਮੁਹਾਰਤ ਵਾਲਾ ਕਵੀ ਹੀ ਬਿੰਬਾਂ ਤੇ ਚਿੰਨ੍ਹਾਂ ਦੁਆਰਾ ਭਾਵਾਂ ਦਾ ਪ੍ਰਗਟਾ ਕਰ ਸਕਦਾ ਹੈ। ਹੁੰਦਲ ਦੇ ਮੌਲਿਕ ਬਿੰਬ ਕਮਾਲ ਦੇ ਹਨ।

ਜੇ ਮੁਟਿਆਰਾਂ
ਗੁਲਮੋਹਰ ਦੇ ਫੁੱਲਾਂ ਵਾਂਗੂੰ ਹੱਸਦੇ ਰਹਿਣ
ਤਾਂ ਫਿਰ ਪਹਿਲਾਂ
ਕਾਲੀ ਚੁੱਪ ਨੂੰ ਤੋੜਨ ਵਾਲੀ
ਰੌਸ਼ਨੀਆਂ ਦੀ ਬਾਤ ਸੁਣਾਓ
ਭੈ ਦੇ ਸੰਘਣੇ ਜੰਗਲ ਵਿਚ ਬਾਹਰ ਆਓ।[28]

ਹੁੰਦਲ ਆਪਣੀ ਕਵਿਤਾ ਵਿਚ ਵਾਰ-ਵਾਰ 'ਛਲੇਡੇ' ਦੇ ਬਿੰਬ ਦੀ ਵਰਤੋਂ ਬਾਰੇ ਵਿਚਾਰ ਸਪੱਸ਼ਟ ਕਰਦਿਆਂ ਦੱਸਦਾ ਹੈ, "ਮੈਂ ਇਕ ਅਖ਼ਬਾਰ ਵਿਚੋਂ ਇਕ 'ਛਲੇਡਾ' ਨਾਂ ਦਾ ਲੇਖ ਪੜ੍ਹਿਆ। ਛਲੇਡੇ ਦਾ ਬਿੰਬ ਇਕ ਬਹੁਤ ਹੀ ਅਰਥ-ਭਰਪੂਰ ਕਾਵਿਕ ਬਿੰਬ ਸੀ। ਇਸ ਬਿੰਬ ਨੂੰ ਲੈ ਕੇ ਰਾਜਸੀ ਜੀਵਨ ਵਿਚਲੇ ਗਿਰਗਿਟ-ਆਚਰਣ ਦੇ ਮਾਲਕ ਛਲੇਡਿਆਂ ਵਰਗੇ ਆਗੂਆਂ ਬਾਰੇ ਇਕ ਕਵਿਤਾ ਲਿਖੀ ਜਾ ਸਕਦੀ ਸੀ। ਸਿਰਜਣ ਕਿਰਿਆ ਆਰੰਭ ਹੋ ਗਈ। ਬਿੰਬ ਮੇਰੀ ਸੋਚ 'ਤੇ ਭਾਰੂ ਹੋ ਗਿਆ। ਮੈਂ ਹਰ ਵੇਲੇ ਸੁਚੇਤ ਜਾਂ ਅਚੇਤ ਇਸ ਬਾਰੇ ਸੋਚਦਾ ਰਹਿੰਦਾ।[29]

'ਛਲੇਡੇ' ਦੇ ਬਿੰਬ ਰਾਹੀਂ ਉਹ ਰਾਜਸੀ ਆਗੂਆਂ ਦੇ ਪਾਜ ਉਘਾੜਦਾ ਹੈ।

ਘਰ ਆ ਕੇ
ਹੱਸ ਕੇ ਸਰਦਾਰਨੀ ਨੂੰ ਆਖਦਾ
ਇਸ ਖੱਦਰ ਨੇ ਬੜੇ ਮੈਦਾਨ ਮਾਰੇ
ਪਰ ਸਿਆਣੇ
ਵਕਤ ਵੀ ਤਾਂ ਵੇਖਦੇ ਨੇ।
ਰੰਗ ਨੀਲੇ ਦੀ ਚਵਾਨੀ ਲੱਗਦੀ ਹੈ
ਵੇਖ ਤਾਂ ਸਹੀ



ਤਿੰਨ-ਫੁੱਟੀ ਇਹ ਨਵੀਂ
ਕਿਰਪਾਨੀ ਕਿੰਨੀ ਫੱਬਦੀ ਹੈ।[30]

ਜਾਂ

ਕੀ ਕੀ ਵੇਸ ਵਟਾਉਣ ਛਲੇਡੇ।
ਹਰ ਹਾਕਮ ਪਤਿਆਉਣ ਛਲੇਡੇ।
ਮੰਦਰ, ਮਸਜਿਦ ਤੇ ਮੈਖ਼ਾਨੇ,
ਕਿੱਥੇ ਭਾਗ ਨਾ ਲਾਉਣ ਛਲੇਡੇ।
ਜਾਦੂਗਰ ਵੀ ਸ਼ਰਮਾਉਂਦੇ ਸਨ,
ਕੀ ਕੀ ਰੰਗ ਵਿਖਾਉਣ ਛਲੇਡੇ।
ਸਾਨੂੰ ਵੀ ਸਮਝਾਉਂਦੇ ਐਪਰ,
ਕੀ ਸਾਨੂੰ ਸਮਝਾਉਣ ਛਲੇਡੇ।[31]

ਜਾਂ

ਉਹ ਤਾਂ ਕੋਈ ਛਲੇਡਾ ਸੀ ਜੋ ਦੇਹ ਪਲਟ ਕੇ ਪੁੱਜਾ
ਉਹ ਕਿ ਜਿਹੜਾ ਦੂਰੋਂ ਦਿਸਦਾ ਸੀ ਦਿਲਦਾਰ ਜਿਹਾ।[32]

ਹੁੰਦਲ ਸਮਾਜਵਾਦੀ ਨਾਇਕਾ ਲੈਨਿਨ, ਚੀ-ਗੁਵੇਰਾ, ਭਗਤ ਸਿੰਘ, ਬੀ. ਕੇ. ਦੱਤ ਨੂੰ ਸਮਾਜਿਕ ਤਬਦੀਲੀ ਤੇ ਸੰਘਰਸ਼ ਦੇ ਲਈ ਬਿੰਬ ਰੂਪ ਵਿਚ ਵਰਤਦਾ ਹੈ। ਹੁੰਦਲ ਨੇ 'ਹਿਟਲਰ', 'ਜਨਰਲ ਡਾਇਰ' ਆਦਿ ਨੂੰ ਵੀ ਵਿਰੋਧੀ ਬਿੰਬਾਂ ਦੇ ਰੂਪ ਵਿਚ ਵਰਤਿਆ ਹੈ। ਉਹ ਵੀਅਤਨਾਮ ਦੀ ਸਮਾਜਵਾਦੀ ਕ੍ਰਾਂਤੀ ਤੋਂ ਪ੍ਰੇਰਣਾ ਲੈ ਕੇ ਕਵਿਤਾ ਰਚਦਾ ਹੈ। ਇਸ ਵਿਚ ਉਹ ਬਹੁਤ ਸਾਰੇ ਇਨਕਲਾਬੀ, ਕ੍ਰਾਂਤੀਕਾਰੀ ਅਤੇ ਸੰਘਰਸ਼ਸ਼ੀਲ ਬਿੰਬਾਂ ਦੀ ਸਿਰਜਣਾ ਕਰਦਾ ਹੈ –

ਅੱਜ ਜਦੋਂ ਹਰ ਚੜ੍ਹਦਾ ਸੂਰਜ
ਵੀਅਤਨਾਮ ਦੇ ਸੱਜਰੇ ਡੁੱਲ੍ਹਦੇ ਖ਼ੂਨ ਦੀਆਂ ਕਨਸੋਆਂ ਆ ਕੇ,
ਸੋਚਾਂ ਨੂੰ ਝਿੰਜੋੜ ਰਹੀਆਂ ਨੇ
ਤੇ ਹਰ ਹਿਰਦੇ ਅੱਗ ਬਲਦੀ ਹੈ।
ਤਾਂ ਮੈਂ ਆਪਣੇ ਨਿੱਕੇ ਘਰ ਦੇ
ਬੰਦ ਘੋਗੇ ਵਿਚ ਦੜਕੇ ਬੈਠਾ
ਕਿੰਨਾ ਪਾਣੀ ਪੁਲ ਦੇ ਹੇਠੋਂ ਲੰਘ ਚੁੱਕਾ ਹੈ।[33]

ਇਸ ਕਵਿਤਾ ਵਿਚ 'ਡੁੱਲਦਾ ਖ਼ੂਨ' ਅਤੇ 'ਚੜ੍ਹਦਾ ਸੂਰਜ' ਕ੍ਰਾਂਤੀ ਜਾਂ ਆਉਣ ਵਾਲੇ ਇਨਕਲਾਬ ਦੇ ਪ੍ਰਤੀਕ ਹਨ। 'ਹਿਰਦੇ 'ਚ ਅੱਗ ਬਲਣਾ' ਮਨੁੱਖ ਦੀਆਂ ਸੁੱਤੀਆਂ ਭਾਵਨਾਵਾਂ ਨੂੰ ਜਗਾਉਣ ਵਾਲਾ ਬਿੰਬ ਹੈ। 'ਪੁਲ ਦੇ ਹੇਠੋਂ ਕਿੰਨੇ ਪਾਣੀ' ਦਾ ਬਿੰਬ ਜਨ-ਸਾਧਾਰਨ ਦਾ ਕ੍ਰਾਂਤੀ ਲਈ ਸੰਘਰਸ਼ ਵਿਚ ਕੁੱਦਣ ਦਾ ਸੱਚ ਹੈ।

ਹੁੰਦਲ ਕਾਵਿ ਵਿਚ ਬਿੰਬਾਂ ਦੀ ਵਰਤੋਂ ਉਸ ਦੇ ਸੁਰਜਾਤਮਕ ਸੁਆਦ ਦੀ ਹਾਮੀ ਭਰਦੀ ਹੈ। ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਹੁੰਦਲ ਜਿਹੜੇ ਬਿੰਬ ਵਿਧਾਨ ਦੀ ਸਿਰਜਣਾ ਆਪਣੀ ਕਵਿਤਾ ਵਿਚ ਕਰਦਾ ਹੈ, ਉਹ ਉਸਦੇ ਪ੍ਰਗਤੀਵਾਦੀ ਵਿਚਾਰਾਂ ਤੇ ਪ੍ਰਤੀਬੱਧਤਾ ਦਾ ਪ੍ਰਤੱਖਣ ਕਰਦਾ ਹੈ। ਬਿੰਬ ਹਰਭਜਨ ਸਿੰਘ ਹੁੰਦਲ ਦੀ ਕਵਿਤਾ ਦੇ ਸੁਹਜ ਵਿਚ ਵਾਧਾ ਕਰਦੇ ਹਨ। ਭਾਵੇਂ ਕਿ ਸਿਆਸੀ ਕਵੀ ਹੋਣ ਦੇ ਨਾਤੇ

ਹੁੰਦਲ ਪਿੰਗਲ ਨੂੰ ਬਹੁਤਾ ਗੌਲਦਾ ਨਹੀਂ ਪਰ ਇਸ ਦਾ ਅਰਥ ਇਹ ਨਹੀਂ ਕੱਢ ਲੈਣਾ ਚਾਹੀਦਾ ਕਿ ਉਹ ਸੁਹਜ ਤੋਂ ਸੱਖਣਾ ਹੈ।

**ਹਵਾਲੇ ਅਤੇ ਟਿੱਪਣੀਆਂ**


1. ਰੁਪਿੰਦਰ ਪਾਲ ਸਿੰਘ ਸੰਧੂ, ਕਾਵਿ-ਸਮਾਲੋਚਨਾ, ਪੰਨਾ-19
2. ਉਮਾ ਅਸ਼ਟਵੰਸ਼, ਛਾਇਵਾਦੋਤਰ ਕਾਵਯ ਮੇਂ ਬਿੰਬ ਵਿਧਾਨ (ਹਿੰਦੀ), ਪੰਨਾ-11
3. ਆਕਸਫੋਰਡ ਡਿਕਸ਼ਨਰੀ, ਪੰਨਾ-958
4. Webster's, New International Dictionary of English, P-1243
5. ਧੀਰੇਂਦਰ ਵਰਮਾ (ਸੰਪਾ.) ਹਿੰਦੀ ਸਾਹਿਤਯ ਕੋਸ਼, ਪੰਨਾ-588
6. ਨਗੇਂਦਰ, ਕਾਵਯ-ਬਿੰਬ, ਪੰਨਾ-5
7. ਅਤਰ ਸਿੰਘ, ਦ੍ਰਿਸ਼ਟੀਕੋਣ, ਪੰਨਾ-38
8. ਪ੍ਰੇਮ ਪ੍ਰਕਾਸ਼, ਮੋਹਨ ਸਿੰਘ ਦਾ ਕਾਵਿ ਲੋਕ, ਪੰਨਾ-212
9. ਹਰਭਜਨ ਸਿੰਘ ਹੁੰਦਲ, ਕਵਿਤਾ ਦੀ ਤਲਾਸ਼, ਪੰਨਾ-10
10. ਉਹੀ, ਪੰਨਾ-61
11. ਉਹੀ, ਪੰਨਾ-98
12. ਉਹੀ, ਪੰਨਾ-19
13. ਉਹੀ, ਪੰਨਾ-336
14. ਡਾ. ਹਰਪ੍ਰੀਤ ਸਿੰਘ ਹੁੰਦਲ (ਸੰਪਾ.), ਹਰਭਜਨ ਸਿੰਘ ਹੁੰਦਲ ਦਾ ਕਾਵਿ-ਚਿੰਤਨ, ਪੰਨਾ-165
15. ਹਰਭਜਨ ਸਿੰਘ ਹੁੰਦਲ, ਕਵਿਤਾ ਦੀ ਤਲਾਸ਼, ਪੰਨਾ-112
16. ਉਹੀ, ਪੰਨਾ-111
17. ਉਹੀ, ਪੰਨਾ-347
18. ਉਹੀ, ਪ੍ਰਵੇਸ਼ਕਾ (ਅੱਗ ਦਾ ਬੂਟਾ), ਪੰਨਾ-155
19. ਹਰਭਜਨ ਸਿੰਘ ਹੁੰਦਲ, ਕਵਿਤਾ ਦੀ ਤਲਾਸ਼, ਪੰਨਾ-19
20. ਉਹੀ, ਪੰਨਾ-208
21. ਉਹੀ, ਪੰਨਾ-223
22. ਉਹੀ, ਪੰਨਾ- 95
23. ਉਹੀ, ਪੰਨਾ-95
24. ਉਹੀ, ਪੰਨਾ-307
25. ਹਰਭਜਨ ਸਿੰਘ ਹੁੰਦਲ, ਕਵਿਤਾ ਦੀ ਤਲਾਸ਼, ਪੰਨਾ-311
26. ਹਰਭਜਨ ਸਿੰਘ ਹੁੰਦਲ, ਦੋਸਤੀਨਾਮਾ, ਪੰਨਾ-10
27. ਹਰਭਜਨ ਸਿੰਘ ਹੁੰਦਲ, ਦੋਸਤੀਨਾਮਾ, ਪੰਨਾ-22
28. ਉਹੀ, ਸ਼ਬਨਮ ਨਹੀਂ ਆਈ, ਪੰਨਾ-128
29. ਹਰਭਜਨ ਸਿੰਘ ਹੁੰਦਲ, ਕਵਿਤਾ ਦੇ ਰੂ-ਬ-ਰੂ, ਪੰਨਾ-112
30. ਹਰਭਜਨ ਸਿੰਘ ਹੁੰਦਲ, ਕਵਿਤਾ ਦੀ ਤਲਾਸ਼, ਪੰਨਾ-76
31. ਉਹੀ, ਪੰਨਾ-242
32. ਉਹੀ, ਪੰਨਾ-242
33. ਉਹੀ, ਕਵਿਤਾ ਦੀ ਤਲਾਸ਼, ਪੰਨਾ-57




# ਕੁਝ ਕਵਿਤਾਵਾਂ

- ਅਰਸ਼ ਬਿੰਦੂ

## 1. ਆਕਸੀਜਨ ਮਾਸਕ

ਤੂੰ ਇਕ ਸਾਹ ਬਾਹਰ ਕੱਢ
ਮੈਂ ਸਾਹ ਲੈਣਾ ਹੈ
ਰਿਸ਼ਤਾ ਇੰਝ ਵੀ ਜਿਊਂਦਾ
ਇਹ ਕੀ ਕਿ
ਉਮਰ ਦੇ ਵੱਧਣ ਨਾਲ
ਘੱਟਣ ਲੱਗੇ ਸਾਹ
ਸਾਲਗਿਰਹ ਯਾਦ ਹੈ
ਜਨਮ ਦਿਨ ਯਾਦ ਨੇ
ਰਿਸ਼ਤਾ ਜਿਉਂਦਾ ਹੈ ਅਜੇ
ਮਰਿਆ ਨਹੀਂ .......।
ਆਖ਼ਰੀ ਸਾਹ ਤੇ ਰਿਸ਼ਤਾ ਆਪਣਾ
ਆਕਸੀਜਨ ਮਾਸਕ ਲਗਾਈ
ਨਕਲੀ ਸਾਹ ਲੈਂਦਾ
ਤੂੰ ਵੀ ਚੀਕੇਂ
ਮੈਂ ਵੀ ਚੀਕਾਂ
ਹੁਣ ਇਹ ਕੁਝ ਨਹੀਂ ਬੋਲੇਗਾ
"ਡਾਕਟਰ" ਆਖ ਰਹੇ ਨੇ
"ਇਹ ਕੋਮਾ 'ਚ ਚਲਾ ਗਿਆ।"

## 2. ਅਜਨਬੀਕਰਣ

ਫਿੱਕੇ ਰੰਗਾਂ ਦੀ ਜਗ੍ਹਾਂ,
ਗੂੜੇ ਰੰਗ ਚੁਣਦੀ
ਕੱਪੜੇ ਦੀਆਂ ਸਿਲਵਟਾਂ ਨੂੰ
ਨੀਝ ਨਾਲ ਬਦਲਦੀ ਕਰੀਜ਼ਾਂ 'ਚ
ਚਿਰਾਂ ਤੋਂ ਪਈਆਂ ਘਰ
ਇਕ ਜਗ੍ਹਾਂ ਵਸਤੂਆਂ
ਚੀਜ਼ਾਂ ਨੂੰ ਫੇਰ ਬਦਲ ਕਰਦੀ
ਕੋਨੇ 'ਚ ਪਈ ਸਿਤਾਰ ਤੇ ਮਿਜ਼ਰਾਬ
ਲਰਜ਼ੀਆਂ ਤਾਰਾਂ
ਗੂੰਜ ਉੱਠਿਆ ਘਰ
ਤੇਜ਼ ਸੰਗੀਤ ਦੀ ਧੁਨ 'ਚ
ਨਚਦੇ ਥਰਕਦੇ ਪੈਰ
ਦਰਵਾਜ਼ਾ ਉਡੀਕਦਾ ਦਸਤਕ
ਮੈਂ ਤੈਨੂੰ
ਠਕ-ਠਕ ਹੋਈ
ਰੁੱਕ ਗਏ ਪੈਰ
ਦਿਲ ਦੀ ਧੜਕਣ
ਤੂੰ ਬਾਹਾਂ 'ਚ ਘੁੱਟ ਆਖਦਾ
ਇਸ ਤਰ੍ਹਾਂ ਲੱਗਦੈ
ਜਿਵੇਂ ਪਹਿਲੀ ਵਾਰ ਮਿਲ ਰਿਹਾ ਹੋਵਾਂ
ਤੈਨੂੰ ਤੇ ਘਰ ਨੂੰ
ਮੇਜ਼ ਤੇ ਪਈ ਰੋਮਨ ਜੈਕਬਸਨ
ਤੇ ਸ਼ਕਲੋਵਸਕੀ ਦੀ ਕਿਤਾਬ ਦੇ ਪੰਨੇ
ਹਵਾ 'ਚ ਲਹਿਰਾ ਉੱਠਦੇ ਨੇ।

## 3. ਵਿਦਰੋਹ

ਸੜਕ ਤੇ ਤੁਰ ਰਹੇ
ਅਨੇਕਾਂ ਪੈਰ
ਪਰਚਮ ਲਹਿਰਾਉਂਦੇ
ਅੱਖਾਂ 'ਚ ਰੋਹ
ਆਵਾਜ਼ 'ਚ ਵਿਦਰੋਹ।
ਪੀੜ੍ਹ ਨਾਲ ਤੜਪ ਰਹੇ ਮੇਰੇ ਪੈਰ
ਜ਼ਖ਼ਮ ਨਹੀਂ ਦਿਸਦਾ
ਪੀੜ੍ਹ ਦੀ ਕਸਕ ਵੀ ਨਾ ਜਾਂਦੀ।
ਭੌਰੀਆਂ ਦੀ ਜੜ੍ਹ ਡੂੰਘੀ ਹੈ
ਲੱਭਦੀ ਨਹੀਂ
ਦਰਦ ਨੂੰ ਭੁੱਲਣ ਲਈ
ਮੈਂ ਸ਼ਬਦਾਂ ਦੀ ਓਟ ਲੈਂਦੀ ਹਾਂ
ਪੈਰਾਂ ਦੀ ਟਸ ਟਸ 'ਚ
ਗੁਆਚ ਰਹੇ ਨੇ ਲਫ਼ਜ਼।
ਉਭਰਦੇ ਮਾਸ ਦੇ ਗੋਲੇ ਨੂੰ
ਕੱਟ ਸੁੱਟਦੀ ਹਾਂ

ਕੁਝ ਦਿਨਾਂ ਬਾਅਦ
ਫਿਰ ਉਭਰ ਆਉਂਦੀ
ਮਾਸ ਨਾਲ ਪੀੜ
ਸੜਕ ਤੇ ਤੁਰ ਰਹੇ ਅਨੇਕਾਂ ਪੈਰਾਂ 'ਚ
ਮੇਰੇ ਪੈਰ ਨਹੀਂ ਸ਼ਾਮਿਲ।

## 4. ਪਿਆਰ

ਤੂੰ ਅਕਸਰ ਪੁੱਛਦਾ
ਮੈਂ ਤੈਨੂੰ ਪਿਆਰ ਕਰਦੀ ਹਾਂ?
ਹਰ ਰੋਜ਼ ਮੇਜ਼ ਤੇ ਪਈਆਂ
ਰੰਗ ਬਿਰੰਗੀਆਂ ਕਿਤਾਬਾਂ 'ਚੋਂ
ਇਕ ਕਿਤਾਬ ਉਠਾਉਂਦੀ ਹਾਂ
ਘੰਟਿਆਂ ਬੱਧੀ
ਸ਼ਬਦ-ਦਰ-ਸ਼ਬਦ
ਪੜ੍ਹਦਿਆਂ ਪੜ੍ਹਦਿਆਂ
ਪੰਨੇ ਪਲਟਾਉਂਦੀ ਹਾਂ
ਤੇ ਆਖਰੀ ਪੰਨੇ ਤੇ
ਤੇਰਾ ਨਾਂ ਲਿਖ ਆਉਂਦੀ ਹਾਂ
ਮੈਂ ਤੈਨੂੰ ਐਨਾ ਪਿਆਰ ਕਰਦੀ ਹਾਂ।

## 5. ਪਿਆਰ

ਉਹ ਗੁੱਸੇ 'ਚ
ਵੱਧ ਨਜ਼ਦੀਕ ਲੱਗਦੀ .....
ਮੇਰੀ ਹਿੱਕ ਤੇ ਮੁੱਕੀਆਂ ਮਾਰਦੀ
ਤੜਪਦੀ ਮਚਲਦੀ
ਨੈਣਾਂ ਨੂੰ ਹੰਝੂਆਂ ਨਾਲ ਭਰ ਆਖਦੀ
"ਮੈਂ" ਤੈਨੂੰ ਨਫ਼ਰਤ ਕਰਦੀ ਹਾਂ....।

## 6. ਯੁੱਧ

ਸੜਕ ਤੇ ਤੁਰ ਰਹੇ
ਅਨੇਕਾਂ ਪੈਰ
ਅਣਜਾਣ ਉਹ ਸ਼ਖ਼ਸ
ਸੜਕ ਤੇ ਤੁਰ ਰਿਹਾ
ਮੇਰੇ ਪਿੱਛੇ - ਪਿੱਛੇ
ਟੇਢੀ ਅੱਖ ਨਾਲ ਵੇਖਦਾ
ਮੇਰੇ ਪੈਰਾਂ ਤੋਂ ਅੱਗੇ ਲੰਘ ਜਾਂਦਾ ਹੈ।
ਵੱਡੀਆਂ ਹਾਰਾਂ 'ਚ
ਛੋਟੀ ਜਿੱਤ ਦਾ ਜਸ਼ਨ।
ਇਸ ਯੁੱਗ 'ਚ
ਅਰਜੁਨ ਏਕਲਵਯ
ਦੇ ਹੱਥਾਂ 'ਚ
ਤੀਰ ਨਹੀਂ ਹੋਣਗੇ।
ਇਸ ਯੁੱਗ 'ਚ
ਕੁਰੂਕਸ਼ੇਤਰ ਬੰਦੇ ਦੇ ਅੰਦਰ ਹੋਣਗੇ।

## 7. ਕਵਿਤਾ

ਇਥੇ ਕਿਤੇ ਸੀ 'ਸ਼ਬਦ'
ਲੱਭਦੇ ਨਹੀਂ
ਗੱਡੀ ਦੀ ਕੂਕ 'ਚ ਚੀਕਦੇ ਸ਼ਬਦ
ਹੱਥਾਂ 'ਚੋਂ ਤਿਲਕਦੇ ਹੱਥ।
ਕੰਨਾਂ ਤੇ ਹੱਥ
ਅੱਖਾਂ ਕਰ ਬੰਦ
ਢੋਅ ਦਿੰਦੀ ਹਾਂ
ਕਮਰੇ ਦਾ ਦਰਵਾਜ਼ਾ
ਜ਼ੋਰ ਨਾਲ।
ਹੁਣ ਵੀ
ਗਲੀ ਵਿਚ ਰੋ ਰਿਹਾ ਬੱਚਾ
ਦਰਵਾਜ਼ੇ ਤੇ ਦਸਤਕ
ਫੋਨ ਦੀ ਖੜਕਦੀ ਘੰਟੀ।
ਖਲਾਅ 'ਚ ਲਟਕਦੇ "ਸ਼ਬਦ"
ਮੈਂ ਐਵੇਂ
ਕੱਪੜੇ ਫਰੋਲਣ ਲੱਗਦੀ ਹਾਂ।

ਬਲਾਕ-6, ਗਰਲਜ਼ ਹੋਸਟਲ-7
ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ
ਮੋਬਾਇਲ : 96465-54690



## ਗੀਤ

- ਜਸਵੰਤ ਸਿੰਘ (ਖਡੂਰ ਸਾਹਿਬ)

ਘਰ ਦੀ ਹਵੇਲੀ ਅਤੇ ਥਾਂ ਵੇਚ ਆਏ ਹਾਂ ਚਿੜੀ ਜੋ ਨਿਮਾਣੀ ਸਾਡੇ ਆਲ੍ਹਣਾ ਨਾ ਪਾਉਂਦੀ ਏ
ਇੰਝ ਲੱਗੇ ਆਪਣਾ ਗਰਾਂ ਵੇਚ ਆਏ ਹਾਂ।

ਚੀਜ਼ਾਂ 'ਚ ਮਿਲਾਵਟਾਂ ਤੇ ਕੁਝ ਵੀ ਨਾ ਸ਼ੁੱਧ ਹੈ,
ਤਾਜ਼ਾ ਅਤੇ ਸੰਘਣਾ ਮਿਲਦਾ ਨਾ ਦੁੱਧ ਹੈ
ਮੱਝ ਵੇਚ ਆਏ ਹਾਂ ਤੇ ਗਾਂ ਵੇਚ ਆਏ ਹਾਂ,
ਇੰਝ ਲੱਗੇ ਆਪਣਾ ਗਰਾਂ ਵੇਚ ਆਏ ਹਾਂ।

ਕੋਸੀ-ਕੋਸੀ ਧੁੱਪ ਸਾਨੂੰ ਲੱਭੇ ਨਾ ਸਿਆਲ ਦੀ
ਹਾੜ ਵਿਚ ਜਿੰਦ ਫਿਰੇ ਠੰਡੀ ਛਾਂ ਭਾਲਦੀ
ਰੁੱਖ ਵੇਚ ਆਏ ਹਾਂ, ਛਾਂ ਵੇਚ ਆਏ ਹਾਂ
ਇੰਝ ਲੱਗੇ ਆਪਣਾ ਗਰਾਂ ਵੇਚ ਆਏ ਹਾਂ।

ਪੰਛੀਆਂ ਦੇ ਗੀਤਾਂ ਦੀ ਆਵਾਜ਼ ਘੱਟ ਆਉਂਦੀ ਏ

ਚਿੜੀ ਵੇਚ ਆਏ ਹਾਂ, ਕਾਂ ਵੇਚ ਆਏ ਹਾਂ
ਇੰਝ ਲੱਗੇ ਆਪਣਾ ਗਰਾਂ ਵੇਚ ਆਏ ਹਾਂ।

ਸ਼ਹਿਰ ਵਿਚ ਰਹਿ ਕੇ ਹੁਣ ਲੱਗਦਾ ਨਾ ਜੀਅ ਏ
ਦਾਣਾ ਪਾਣੀ ਰੱਬ ਹੱਥ, ਬੰਦੇ ਕੋਲ ਕੀ ਏ?
ਭੁੱਲ ਜਾਣਾ ਲੋਕਾਂ ਸਾਨੂੰ, ਨਾਂ ਵੇਚ ਆਏ ਹਾਂ
ਇੰਝ ਲੱਗੇ ਆਪਣਾ ਗਰਾਂ ਵੇਚ ਆਏ ਹਾਂ।

ਬੁੱਢੇ ਹੋਏ ਮਾਪੇ ਤੇ ਗੁਆਂਢੀ ਕੋਲ ਰਹਿੰਦੇ ਨੇ,
ਖੌਰੇ 'ਜਸਵੰਤ' ਤੈਨੂੰ ਕੀ ਕੁਝ ਕਹਿੰਦੇ ਨੇ?
ਪਿਉ ਵੇਚ ਆਏ ਹਾਂ, ਮਾਂ ਵੇਚ ਆਏ ਹਾਂ
ਇੰਝ ਲੱਗੇ ਆਪਣਾ ਗਰਾਂ ਵੇਚ ਆਏ ਹਾਂ।

ਨਰੋਤਮ ਵਿਹਾਰ, ਕਪੂਰਥਲਾ 98141-15470

**ਹਰਭਜਨ ਸਿੰਘ ਹੁੰਦਲ ਦੀਆਂ ਨਵੀਆਂ ਪੁਸਤਕਾਂ**

**(ਸਿਤਾਰਿਆਂ ਦੀ ਸੱਥ (ਕਲਾਕਾਰਾਂ ਬਾਰੇ ਲੇਖ)**
ਪੰਨੇ 224, ਮੁੱਲ 440/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ-31
•••
**ਅੰਮ੍ਰਿਤਾ ਸ਼ੇਰਗਿੱਲ (ਜੀਵਨੀ)**
ਅਨੁਵਾਦ ਹਰਭਜਨ ਸਿੰਘ ਹੁੰਦਲ
ਪੰਨੇ 320, ਮੁੱਲ 490/-
ਮਨਪ੍ਰੀਤ ਪ੍ਰਕਾਸ਼ਨ, ਦਿੱਲੀ-3
•••
**ਵਾਹਗੇ ਪਾਰ ਦੇ ਪੰਜਾਬੀ ਕਵੀ**
ਪੰਨੇ 210, ਮੁੱਲ 240/-
ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
ਫੋਨ - 0181-2213,84
•••
**ਕਿਰਤ ਦੀ ਮਲਕਾ - ਆਈਸਾ ਡੋਰਾ ਡੰਕਨ**
ਸੰਖੇਪ ਜੀਵਨੀ
ਚੇਤਨਾ ਪ੍ਰਕਾਸ਼ਨ, ਲੁਧਿਆਣਾ
•••

# ਪੁਸਤਕ ਪ੍ਰਾਪਤੀ

1. ਇੱਕ ਸੰਸਥਾ, ਇੱਕ ਲਹਿਰ (ਭਾਅ ਜੀ ਗੁਰਸ਼ਰਨ ਸਿੰਘ) ਸੰਪਾਦਕਤਾ ਅਨੂਪ ਸਿੰਘ, ਪੰਨੇ 400, ਮੁੱਲ 200/- ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ।
2. ਪੰਜਾਬੀ ਲੋਕ-ਧਾਰਾ ਸਮੀਖਿਆ (ਆਲੋਚਨਾ) ਡਾ. ਕਰਮਜੀਤ ਸਿੰਘ ਪੰਨੇ 160, ਮੁੱਲ 220/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ।
3. ਸਿੱਖ ਕੌਮ : ਹਸਤੀ ਤੇ ਹੋਣੀ (ਖੋਜ) ਸੰਪਾਦਕ ਅਮੋਲਕ ਸਿੰਘ ਗੁਰਦਿਆਲ ਬੱਲ, ਪੰਨੇ 512, ਮੁੱਲ 550/- ਚੇਤਨਾ ਪ੍ਰਕਾਸ਼ਨ, ਲੁਧਿਆਣਾ।
4. ਹੋਣੀ (ਨਾਵਲ) ਹਰਮਹਿੰਦਰ ਚਹਿਲ, ਪੰਨੇ 296, ਮੁੱਲ 300/- ਸੰਗਮ ਪਬਲੀਕੇਸ਼ਨਜ਼, ਸਮਾਣਾ।
5. ਦੇਵਿੰਦਰ ਸਤਿਆਰਥੀ ਦਾ ਲੋਕ-ਕਾਵਿ ਸ਼ਾਸਤਰ (ਆਲੋਚਨਾ) ਗੁਰਬਚਨ ਕੌਰ, ਪੰਨੇ 203, ਮੁੱਲ 350/-, ਮਨਪ੍ਰੀਤ ਪ੍ਰਕਾਸ਼ਨ ਦਿੱਲੀ।
6. ਅਲਵਿਦਾ ਤੱਕ (ਕਵਿਤਾ) ਸੰਧੂ ਵਰਿਆਣਵੀ, ਪੰਨੇ 112, ਮੁੱਲ 50/- ਕਾਗਦ ਪ੍ਰਕਾਸ਼ਨ ਨੀਲਾ ਮਹੱਲ, ਜਲੰਧਰ।
7. ਪੌਣਾਂ ਦਾ ਸੰਗੀਤ (ਕਵਿਤਾ) ਹਰਦੇਵ ਸਿੰਘ ਗਰੇਵਾਲ (ਕਲਕੱਤਾ) ਮੁੱਲ 150/- ਪੰਨੇ 112, ਚੇਤਨਾ ਪ੍ਰਕਾਸ਼ਨ, ਲੁਧਿਆਣਾ।
8. ਬਿਫਰੇ ਮੌਸਮ (ਗ਼ਜ਼ਲਾਂ) ਸੁਦਰਸ਼ਨ ਵਾਲੀਆ ਮੁੱਲ 150/-, ਪੰਨੇ 120, ਯੂਨੀਸਟਾਰ ਬੁੱਕਸ, ਚੰਡੀਗੜ੍ਹ।
9. ਰੁੱਤ ਕੁਸੇਬੇ ਦੀ (ਕਵਿਤਾ) ਰਣਜੀਤ ਸਿੰਘ ਖੜਗ, ਪੰਨੇ 396, ਮੁੱਲ 500/-, ਯੂਨੀਸਟਾਰ ਬੁਕਸ ਚੰਡੀਗੜ੍ਹ।
10. ਸੁੱਚੇ ਮੋਤੀ (ਕਵਿਤਾ) ਰਣਜੀਤ ਸਿੰਘ ਖੜਗ, ਪੰਨੇ 216, ਮੁੱਲ 250, ਚੇਤਨਾ ਪ੍ਰਕਾਸ਼ਨ, ਲੁਧਿਆਣਾ।
11. ਖੁਦਕੁਸ਼ੀ ਤੋਂ ਪਹਿਲਾਂ (ਗ਼ਜ਼ਲਾਂ) ਜਗਤਾਰ ਸਾਲਮ, ਪੰਨੇ 108, ਮੁੱਲ 70/- ਵਰਤਮਾਨ ਪ੍ਰਕਾਸ਼ਨ, ਪਟਿਆਲਾ।।
12. ਆਸ ਨਿਗਾਸੀ (ਨਾਵਲ) ਡਾ. ਅਮਰਜੀਤ ਸਿੰਘ ਪੰਨੇ 191, ਮੁੱਲ 300/- ਨੈਸ਼ਨਲ ਬੁੱਕ ਸ਼ਾਪ ਦਿੱਲੀ।
13. ਨਮਸਕਾਰ (ਕਹਾਣੀ-ਸੰਗ੍ਰਹਿ) ਦਰਸ਼ਨ ਜੋਗਾ ਮੁੱਲ 130/- ਪੰਨੇ 103, ਯੂਨੀਸਟਾਰ ਬੁਕਸ, ਚੰਡੀਗੜ੍ਹ।
14. ਪਰਛਾਵਾਂ (ਕਵਿਤਾਵਾਂ) ਜਤਿੰਦਰ ਔਲਖ, ਪੰਨੇ 74, ਮੁੱਲ 30/-, ਸਿਰਲੇਖ ਪਬਲੀਕੇਸ਼ਨਜ਼ ਅੰਮ੍ਰਿਤਸਰ।
15. ਸੌਂਕਣ ਸੌਂਕਣ ਦਾ ਮੁਕਾਬਲਾ (ਵਿਅੰਗ) ਲਖਵਿੰਦਰ ਸਿੰਘ ਰਈਆ, ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ।
16. ਤ੍ਰੇਹ (ਕਵਿਤਾ) ਵਿਸ਼ਾਲ, ਰੂਪੀ ਪ੍ਰਕਾਸ਼ਨ ਅੰਮ੍ਰਿਤਸਰ।
17. ਰਾਖ਼ ਚੋਂ ਉੱਗੇ (ਇਤਿਹਾਸ) ਮਹਿੰਦਰ ਸਿੰਘ ਰੰਧਾਵਾ, ਪੰਜਾਬੀ ਅਨੁਵਾਦ ਕਵੀ ਦਵਿੰਦਰ ਕੌਰ, ਜਗਦੀਸ਼ ਕੌਰ, ਪੰਨੇ 234, ਮੁੱਲ 275/-, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
18. ਅਮਲਤਾਸ ਦੇ ਫੁੱਲ (ਮਿਡਲ) ਡਾ. ਗੁਰਮੀਤ ਸਿੰਘ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ।
19. ਜੋ ਵੇਖਿਆ, ਸੋ ਆਖਿਆ (ਵਾਰਤਕ) ਗਿਆਨੀ ਸੰਤੋਖ ਸਿੰਘ ਆਸਟਰੇਲੀਆ ਮੁਕਾਮ ਪ੍ਰਕਾਸ਼ਨ, ਅੰਮ੍ਰਿਤਸਰ।
20. ਆਸ ਅਜੇ ਬਾਕੀ ਹੈ (ਕਹਾਣੀ) ਸਿਮਰਨ ਧਾਲੀਵਾਲ, ਯੂਨੀਸਟਾਰ ਬੁਕਸ, ਲੁਧਿਆਣਾ।
21. ਬੁੱਧ ਉਚਰੇ ਹੁਣ ਯੁੱਧ ਸ਼ਰਣੇ (ਕਵਿਤਾ) ਯੋਧ ਸਿੰਘ, ਜੀਨੀਅਸ ਗ੍ਰਾਫਿਕਸ, ਚੰਡੀਗੜ੍ਹ।
22. ਅਣ-ਉੱਠੇ ਕਦਮਾਂ ਦੀ ਪੈੜ (ਕਵਿਤਾ), ਨੱਕਾਸ਼ ਚਿੱਤੇਵਾਣੀ, ਜੀਨਤ ਪਬਲੀਕੇਸ਼ਨ, ਜਲੰਧਰ।





ਗੁਰਦੀਪ ਆਪਣੀ ਪਤਨੀ ਰਣਜੀਤ ਨਾਲ



ਗੁਰਦੀਪ ਅਤੇ ਗੁਰਦਿਆਲ ਬੱਲ



ਗੁਰਦੀਪ ਆਪਣੇ ਪਰਿਵਾਰ ਨਾਲ

Chirag Quarterly July- Sept. 2012
Registered with the Registrar of News-Papers of India No. PUN-PUN 0 2276/AL/TC94


# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

"ਨਵੀਂ ਦੁਨੀਆਂ"

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ
**ਚਿਰਾਗ਼** ਦੇ ਪਾਠਕਾਂ ਲਈ
ਸ਼ੁੱਭ-ਇੱਛਾਵਾਂ

**ਸੰਪਾਦਕੀ-ਮੰਡਲ ਜਸਵੀਰ ਦਿਓਲ,**
**ਨਵਤੇਜ ਰਾਣਾ, ਦਲਬੀਰ ਸਾਂਗਿਆਣ**

**ਸਲਾਹਕਾਰ -**

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ
**ਸੰਪਰਕ : 780-465-9118**
**ਐਡਮਿੰਟਨ (ਐਲਬਰਟਾ) ਕੈਨੇਡਾ**
Info@naviduniya.com